# ਜੈਨ ਧਰਮ ਅਤੇ ਦਰਸ਼ਨ
## ਇਕ ਜਾਣਕਾਰੀ

ਲੇਖਕ
ਰਾਜਸਥਾਨ ਕੇਸਰੀ, ਅਧਿਆਤਮ ਯੋਗੀ
ਉਪਾਧਿਆ ਸ਼੍ਰੀ ਪੁਸ਼ਕਰ ਮੁਨੀ ਜੀ ਮਹਾਰਾਜ ਦੇ ਚੇਲੇ
ਜੈਨ ਆਚਾਰਿਆ ਸ਼੍ਰੀ ਦੇਵਿੰਦਰ ਮੁਨੀ ਜੀ ਮਹਾਰਾਜ

ਅਨੁਵਾਦਕ
ਰਵਿੰਦਰ ਜੈਨ
ਪੁਰਸ਼ੋਤਮ ਜੈਨ

ਲੋਕਗੀਤ ਪ੍ਰਕਾਸ਼ਨ, ਸਰਹਿੰਦ ਮੰਡੀ

ਲਾਲਾ ਸ੍ਰੀ ਰਾਮ ਜੀ ਜੈਨ ਸਰਾਫ਼ ਮਲੇਰਕੋਟਲਾ ਜੈਨ ਸੰਘ ਦੇ ਪ੍ਰਮੁੱਖ ਸੇਵਕ



ਹਨ। ਆਪ ਜੀ ਦਾ ਜੀਵਨ ਦੇਵ ਗੁਰੂ ਅਤੇ ਧਰਮ ਪ੍ਰਤਿ ਸਮਰਪਿਤ ਹੈ। ਆਪ ਰੋਜ਼ਾਨਾ ਸਮਾਇਕ ਅਤੇ ਸਵੈਧਿਆਏ ਵਿਚ ਰੁੱਝੇ ਰਹਿੰਦੇ ਹਨ। ਆਪ ਜੈਨ ਮੁਨੀਆਂ ਅਤੇ ਸਾਧਵੀਆਂ ਦੀ ਸੇਵਾ ਤਨ ਮਨ ਨਾਲ ਕਰਦੇ ਹਨ ਅਤੇ ਕਿਸੇ ਪਖੋਂ ਕਮੀ ਪੂਰੀ ਨਹੀਂ ਹੋਣ ਦਿੰਦੇ। ਆਪ ਜੀ ਦੇ ਸੰਪਨ ਪਰਿਵਾਰ ਵਿਚ ਆਪ ਦੇ ਚਾਰ ਯੋਗ ਸਪੁੱਤਰ ਹਨ। ਦੋ ਪੁੱਤਰ ਸ੍ਰੀ ਦੇਸਰਾਜ ਜੀ ਜੈਨ ਅਤੇ ਨੱਥੂ ਰਾਮ ਜੀ ਜੈਨ ਗੋਬਿੰਦਗੜ ਵਿਖੇ ਆਪਣਾ ਵਪਾਰ ਕਰਦੇ ਹਨ। ਆਪ ਦੇ ਸਪੁੱਤਰ ਸ੍ਰੀ ਸੋਹਨ ਲਾਲ ਜੀ ਜੈਨ ਆਪ ਲਾਲ ਸਰਾਫ਼ੇ ਦੇ ਕੰਮ ਵਿੱਚ ਹੱਥ ਬਟਾਉਂਦੇ ਹਨ। ਛੋਟੇ ਸਪੁੱਤਰ ਸ੍ਰੀ ਬਾਲਕ੍ਰਿਸ਼ਨ ਜੀ ਜੈਨ ਨਿਊ ਦਯਾਨੰਦ ਹਸਪਤਾਲ ਵਿਚ ਬੱਚਿਆਂ ਦੀ ਬੀਮਾਰੀ ਦੇ ਮਾਹਿਰ ਡਾਕਟਰ ਹਨ। ਚਾਰੋਂ ਪੁੱਤਰ ਆਪਣੇ ਪਿਤਾ ਦੀ ਤਰ੍ਹਾਂ ਦਾਨੀ, ਸ਼ੀਲ, ਤਪਰੂਪੀ ਅਤੇ ਧਰਮ ਦੀ ਅਰਾਧਨਾ ਕਰਨ ਵਾਲੇ ਹਨ।

ਲਾਲਾ ਜੀ ਵਰਤਮਾਨ ਅਚਾਰਿਆ ਸ੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਦੇ ਪਰਮ ਭਗਤ ਹਨ। ਲਾਲਾ ਜੀ ਦੀ ਪ੍ਰੇਰਣਾ ਨਾਲ ਉਹਨਾਂ ਦੇ ਪੁੱਤਰਾਂ ਨੇ ਇਸ ਪੁਸਤਕ ਦੀਆਂ 300 ਪ੍ਰਤੀਆਂ ਖਰੀਦ ਕੇ ਵੰਡਨ ਦਾ ਜੋ ਯੋਗਦਾਨ ਪਾਇਆ ਹੈ। ਉਹ ਹੋਰ ਦਾਨੀਆਂ ਲਈ ਵੀ ਪ੍ਰੇਰਣਾ ਹੈ। ਪੰਜਾਬੀ ਸਾਹਿਤ ਪ੍ਰਤੀ ਉਹਨਾਂ ਦਾ ਪ੍ਰੇਮ ਭਗਤੀ ਦਾ ਇਹ ਸਿੱਟਾ ਹੈ। ਅਸੀਂ ਆਪਣੇ ਵਲੋਂ ਅਤੇ ਪ੍ਰਕਾਸ਼ਕ ਵਲੋਂ ਲਾਲਾ ਜੀ ਦੇ ਪਰਿਵਾਰ ਦਾ ਧੰਨਵਾਦ ਕਰਦੇ ਹਾਂ ਅਤੇ ਕਾਮਣਾ ਕਰਦੇ ਹਾਂ ਕਿ ਇਹ ਪਰਿਵਾਰ ਇੰਝ ਹੀ ਭਗਤੀ ਭਾਵਨਾ ਵਿਚ ਲੀਣ ਰਹੇ ਅਤੇ ਭਗਵਾਨ ਇਹਨਾਂ ਦੀ ਹਰ ਕੰਮ ਵਿਚ ਮਦਦ ਕਰੇ।

ਭੇਂਟ ਕਰਤਾ :
ਡਾ. ਬੀ. ਕੇ ਜੈਨ (ਐਮ. ਡੀ)
ਡਾ. ਜੌਨੀ ਜੈਨ (ਐਮ. ਡੀ)
ਜੈਨ ਨਰਸਿੰਗ ਕਲੀਨਿਕ
ਚੌਂਕ ਮਾਧੋਪੁਰੀ ਲੁਧਿਆਣਾ।

ਸ਼ੁਭਚਿੰਤਕ
ਪੁਰਸ਼ੋਤਮ ਜੈਨ
ਰਵਿੰਦਰ ਜੈਨ

# ਧੰਨਵਾਦ

ਜੈਨ ਧਰਮ ਸੰਸਾਰ ਦੇ ਪੁਰਾਤਨ ਧਰਮਾਂ ਵਿਚੋਂ ਇਕ ਹੈ। ਇਸ ਧਰਮ ਤੇ ਹਜਾਰਾਂ ਸਾਲਾਂ ਤੋਂ ਅਨੇਕਾਂ ਭਾਸ਼ਾਵਾਂ ਵਿਚ ਜੈਨ ਸਾਹਿਤ ਦਾ ਨਿਰਮਾਣ ਹੁੰਦਾ ਆਇਆ ਹੈ। ਜੈਨ ਕਲਾ, ਸਾਹਿਤ, ਸੰਸਕ੍ਰਿਤੀ ਸਰਵਪੱਖੀ ਹੈ। ਜੈਨ ਧਰਮ ਵਿਚ ਤੀਰਥੰਕਰ ਦੀ ਗੈਰਹਾਜਰੀ ਵਿਚ

ਆਚਾਰਿਆ ਦਾ ਹੀ ਮਹੱਤਵਪੂਰਨ ਸਥਾਨ ਹੈ। ਜੈਨ ਆਚਾਰਿਆ ਜੈਨ ਧਰਮ ਦੇ ਸਰਵਪੱਖੀ ਵਿਕਾਸ ਦਾ ਜ਼ਿੰਮੇਵਾਰ ਹੁੰਦਾ ਹੈ।

ਇਨ੍ਹਾਂ ਹਜ਼ਾਰਾਂ ਸਾਲਾਂ ਵਿਚ ਹਜ਼ਾਰਾਂ ਹੀ ਜੈਨ ਆਚਾਰਿਆ ਹੋਏ ਹਨ ਜਿਨ੍ਹਾਂ ਭਾਰਤੀ ਸਾਹਿਤ ਨੂੰ ਮਹੱਤਵ ਪੂਰਨ ਗ੍ਰੰਥ ਦਿੱਤੇ ਹਨ। ਅੱਜ ਦੀ ਸਦੀ ਵਿਚ ਸਥਾਨਕਵਾਸੀ ਜੈਨ ਸ੍ਰਮਣ ਸੰਘ ਦੇ ਤੀਸਰੇ ਆਚਾਰਿਆ ਸ਼੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਉਸੇ ਪੁਰਾਤਨ ਪਰੰਪਰਾ ਦਾ ਪ੍ਰਮਾਣ ਹਨ, ਆਪ ਹਿੰਦੀ ਦੇ ਮਹਾਨ ਲੇਖਕ ਹਨ। ਆਪ ਨੇ 350 ਤੋਂ ਜ਼ਿਆਦਾ ਗ੍ਰੰਥ ਲਿਖੇ ਹਨ। ਉਨ੍ਹਾਂ ਦੇ ਕਈ ਗ੍ਰੰਥਾਂ ਦਾ ਹੋਰ ਭਾਰਤੀ ਭਾਸ਼ਾ ਵਿਚ ਅਨੁਵਾਦ ਹੋ ਚੁੱਕਾ ਹੈ। ਆਪ ਨੇ ਸਾਰੇ ਭਾਰਤਵਰਸ਼ ਵਿਚ ਲੋਕ ਹਿੱਤ ਧਰਮ ਪ੍ਰਚਾਰ ਕੀਤਾ ਹੈ। ਅੱਜ ਕੱਲ ਆਪ ਸ਼ਵੇਂਤਾਬਰ ਸਥਾਨਕਵਾਸੀ ਜੈਨ ਸੰਘ ਦੇ ਤੀਸਰੇ ਆਚਾਰਿਆ ਹਨ। ਆਚਾਰਿਆ ਦਾ ਦਰਜਾ ਜੈਨ ਧਰਮ ਵਿਚ ਬਹੁਤ ਮਹੱਤਵਪੂਰਣ ਹੈ। ਇਹ ਪੱਦ ਇਕ ਜਿੰਮੇਵਾਰੀ ਦਾ ਪੱਦ ਹੈ। ਆਚਾਰਿਆ ਦਾ ਪ੍ਰਮੁਖ ਕਰਤਵ ਹੈ "ਆਪ ਧਰਮ ਪਾਲਨ ਕਰਨਾ ਅਤੇ ਦੂਸਰਿਆਂ ਨੂੰ ਧਰਮ ਪਾਲਨ ਵਿਚ ਸਹਾਇਤਾ ਕਰਨਾ"। ਆਚਾਰਿਆ ਆਪਣੇ ਆਪ ਵਿਚ 36 ਗੁਣਾ ਦਾ ਧਾਰਕ ਹੁੰਦਾ ਹੈ।

1994 ਦਾ ਸਾਲ ਜੈਨ ਇਤਿਹਾਸ ਵਿਚ ਕਈ ਪਖੋਂ ਮਹੱਤਵਪੂਰਨ ਹੈ। ਸਭ ਤੋਂ ਪਹਿਲਾਂ ਤਾਂ ਇਹ ਜੈਨ ਆਚਾਰਿਆ ਸ਼੍ਰੀ ਆਤਮਾ ਰਾਜ ਜੀ ਮਹਾਰਾਜ ਦੀ ਦੀਖਿਆ ਸ਼ਤਾਬਦੀ ਹੈ, ਦੂਸਰੇ ਸ਼੍ਰਮਣ ਸੰਘ ਦੇ ਤੀਸਰੇ ਪਟਧਰ ਆਚਾਰਿਆ

ਸ਼੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਪੰਜਾਬ ਘੁਮ ਰਹੇ ਹਨ। ਅੱਜ ਕੱਲ ਆਪ ਲੁਧਿਆਣਾ ਵਿਖੇ ਚੋਮਾਸੇ ਲਈ ਬਿਰਾਜਮਾਨ ਹਨ। ਜਿਥੇ ਤਪ, ਜਪ, ਸਵਾਧਿਆਏ ਦੀ ਗੰਗਾ ਬਹਿ ਰਹੀ ਹੈ। ਜੈਨ ਧਰਮ ਵਿਚ ਸਵਾਧਿਆਏ ਨੂੰ ਅੰਦਰਲਾ ਤਪ ਮੰਨਿਆ ਗਿਆ ਹੈ। ਜੈਨ ਗ੍ਰੰਥਾਂ ਦਾ ਕਥਨ ਹੈ ਕਿ ਸਵਾਧਿਆਏ ਤੋਂ ਬੜਾ ਤਪ ਨਾ ਪਹਿਲਾਂ ਸੀ, ਨਾ ਹੈ, ਨਾ ਹੋਵੇਗਾ ਸਵਾਧਿਆਏ ਗਿਆਨੀ ਦਾ ਤਪ ਹੈ। ਇਸ ਗੱਲ ਨੂੰ ਪ੍ਰਮੁਖ ਮਨ ਕੇ ਆਪ ਨੇ ਵਿਸ਼ਾਲ ਸਾਹਿਤ ਰਚਿਆ ਹੈ, ਰਚ ਰਹੇ ਹਨ। ਇਹ ਸਾਲ ਪੰਜਾਬੀ ਜੈਨ ਸਾਹਿਤ ਦੇ 25 ਸਾਲ ਵੀ ਪੂਰੇ ਹੋਣ ਵਾਲੇ ਹਨ। ਇਸੇ ਕਾਰਨ ਇਹ ਸਾਲ ਸਭ ਪਖੋਂ ਭਾਗਾਂ ਵਾਲਾ ਹੈ।

ਅਸੀਂ 25 ਸਾਲ ਤੋਂ ਪੰਜਾਬੀ ਵਿਚ ਜੈਨ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਦੀ ਅਗਵਾਈ ਹੇਠ ਲਿਖ ਰਹੇ ਹਾਂ ਕੋਈ 40 ਦੇ ਕਰੀਬ ਪੁਸਤਕਾਂ ਛੱਪ ਚੁੱਕੀਆਂ ਹਨ। ਆਚਾਰਿਆ ਮਹਾਰਾਜ ਦੇ ਹੁਕਮ ਅਨੁਸਾਰ ਅਸੀਂ ਇਸ ਪੁਸਤਕ ਦਾ ਪੰਜਾਬੀ ਅਨੁਵਾਦ ਕੀਤਾ ਹੈ।

ਸੰਸਾਰ ਵਿਚ ਧਨ ਕਮਾਉਣਾ ਕੋਈ ਖਾਸ ਗੱਲ ਨਹੀਂ। ਧਨ ਦਾ ਸਦਉਪਯੋਗ ਕਰਨਾ ਬਹੁਤ ਔਖਾ ਹੈ। ਆਚਾਰਿਆ ਸ਼੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਜੀ ਪ੍ਰੇਰਣਾ ਅਤੇ ਆਸ਼ੀਰਵਾਦ ਨਾਲ **ਸ਼੍ਰੀ ਚਰਨਦਾਸ ਜੀ ਜੈਨ** ਨੇ ਲੋਕ ਗੀਤ ਪ੍ਰਕਾਸ਼ਨ ਸਰਹਿੰਦ ਜੇਹੀ ਸੰਸਥਾ ਨੇ ਆਪਦੀ ਹਿੰਦੀ ਪੁਸਤਕ 'ਜੈਨ ਧਰਮ ਔਰ ਦਰਸ਼ਨ' ਦਾ ਪੰਜਾਬੀ ਅਨੁਵਾਦ ਛਾਪਨ ਦਾ ਪ੍ਰਬੰਧ ਕੀਤਾ। ਇਸ ਲਈ ਅਸੀਂ ਇਸ ਪੁਸਤਕ ਦੇ ਪ੍ਰਕਾਸ਼ਕ; ਤੇ ਦਾਨ ਦਾਤਾ ਸਭ ਦੇ ਧੰਨਵਾਦੀ ਹਾਂ ਜਿਨ੍ਹਾ ਆਪਣੇ ਧਨ ਦਾ ਸਦ ਉਪਯੋਗ ਕੀਤਾ ਹੈ ਆਪਣੀ ਕਮਾਈ ਨੂੰ ਧਰਮ ਪ੍ਰਚਾਰ ਹਿੱਤ ਸਮਰਪਿਤ ਕੀਤਾ ਇਹ ਆਪਣੇ ਇਸ ਪੁੰਨ ਕਾਰਣ ਆਚਾਰਿਆ ਭਗਵਾਨ ਦੇ ਆਸ਼ੀਰਵਾਦ ਤੇ ਸਾਧੂਵਾਦ ਦੇ ਪਾਤਰ ਹਨ। ਇਹ ਪੁਸਤਕ ਪਾਠਕਾਂ ਦੇ ਗਿਆਨ ਵਿਚ ਵਾਧਾ ਕਰੇਗੀ ਇਹੋ ਉਮੀਦ ਹੈ।

ਅੰਤ ਵਿਚ ਅਸੀਂ ਇਹ ਪੁਸਤਕ ਆਤਮ ਦੀਖਿਆ ਸ਼ਤਾਬਦੀ ਤੇ ਆਚਾਰਿਆ ਸ਼੍ਰੀ ਦੇਵਿੰਦਰ ਮੁਨੀ ਜੀ ਦੀ ਭਾਵਨਾ ਅਨੁਸਾਰ ਇਹ ਪੁਸਤਕ

ਸਵਰਗਵਾਸੀ ਆਚਾਰਿਆ ਸ਼੍ਰੀ ਆਤਮਾ ਰਾਮ ਜੀ ਮਹਾਰਾਜ ਦੀ ਯਾਦ ਨੂੰ ਸਮਰਪਿਤ ਕਰਦੇ ਹਾਂ।

ਪੁਸਤਕ ਵਿਚ ਭਾਸ਼ਾ ਪਖੋਂ ਕਈ ਸ਼ਬਦ ਨਵੇਂ ਹਨ ਅਸੀਂ ਅਨੁਵਾਦ ਨੂੰ ਸਰਲ ਬਨਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਅਸੀਂ ਪਾਠਕਾਂ ਤੋਂ ਖਿਮਾ ਚਾਹੁੰਦੇ ਹਾਂ ਕਿ ਸਿਧਾਂਤ ਦੇ ਸ਼ਬਦਾਂ ਨੂੰ ਅਸੀਂ ਉਸੇ ਪ੍ਰਕਾਰ ਲਿਖਿਆ ਹੈ। ਕਿਸੇ ਵੀ ਪ੍ਰਕਾਰ ਦੀ ਕਮੀ ਲਈ ਅਸੀਂ ਪਾਠਕ ਵਰਗ ਤੋਂ ਖਿਮਾ ਮੰਗਦੇ ਹਾਂ ਅਤੇ ਆਚਾਰਿਆ ਸ਼੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਦੇ ਆਸ਼ੀਰਵਾਦ ਲਈ ਉਨ੍ਹਾਂ ਦੇ ਉਪਕਾਰਾਂ ਨੂੰ ਨਹੀਂ ਭੁੱਲ ਸਕਦੇ।

ਅਸੀਂ ਇਸ ਪੁਸਤਕ ਦੇ ਪ੍ਰਕਾਸ਼ਕ ਲਈ ਅਤਿ ਧੰਨਵਾਦੀ ਹਾਂ ਜਿਨ੍ਹਾਂ ਆਪਣੀ ਕਮਾਈ ਧਰਮ ਪ੍ਰਚਾਰ ਹਿੱਤ ਸਮਰਪਿਤ ਕੀਤੀ ਹੈ। ਪੁਸਤਕ ਵਿਚ ਰਹਿ ਗਈਆਂ ਤਰੁਟੀਆਂ ਲਈ ਖਿਮਾਯਾਚਕ ਹਾਂ।

*ਅਕਤੂਬਰ, 1994* — *ਰਵਿੰਦਰ ਜੈਨ*
*ਜੈਨ ਭਵਨ, ਮਲੇਰਕੋਟਲਾ।* — *ਪੁਰਸ਼ੋਤਮ ਜੈਨ*

# ਲੇਖਕ ਦੀ ਕਲਮ ਤੋਂ

ਜੈਨ ਧਰਮ, ਦਰਸ਼ਨ, ਸਾਹਿਤ, ਅਤੇ ਸੰਸਕ੍ਰਿਤੀ ਦੇ ਬਾਰੇ ਵਿੱਚ ਆਮ ਲੋਕਾਂ ਵਿੱਚ ਅਨੇਕਾਂ ਗਲਤ ਧਾਰਨਾਵਾਂ ਹਨ। ਕਿਨੇ ਹੀ ਵਿਦਵਾਨ, ਜੈਨ ਧਰਮ ਨੂੰ ਵੈਦਿਕ ਧਰਮ ਦੀ ਸ਼ਾਖਾ ਆਖਦੇ ਹਨ, ਕਈ ਬੁੱਧ ਧਰਮ ਦੀ, ਕਈ ਵੈਦਿਕ ਧਰਮ ਦੀ ਕ੍ਰਾਂਤੀ ਦੇ ਰੂਪ ਵਿੱਚ ਜੈਨ ਧਰਮ ਦੀ ਉਤਪਤੀ ਮੰਨਦੇ ਹਨ। ਕਈ ਜੈਨ ਧਰਮ ਦਾ ਸੰਸਥਾਪਕ ਭਗਵਾਨ ਮਹਾਵੀਰ ਨੂੰ ਮੰਨਦੇ ਹਨ। ਇਸੇ ਪ੍ਰਕਾਰ ਜੈਨ ਦਰਸ਼ਨ ਦੇ ਸਬੰਧ ਵਿੱਚ ਅਨੇਕਾਂ ਗਲਤ ਵਿਚਾਰ ਧਾਰਾਵਾਂ ਹਨ। ਅਨੇਕਾਂ ਮੰਨੇ ਪ੍ਰਮੰਨੇ ਵਿਦਾਵਾਨ ਸਿਆਦਵਾਦ ਨੂੰ ਸ਼ੰਕਾਵਾਦ ਆਖਦੇ ਹਨ। ਇਹੋ ਹਾਲਤ ਹੀ ਸਾਹਿਤ ਬਾਰੇ ਵੀ ਹੈ। ਆਚਾਰਿਆ ਰਾਮਚੰਦਰ ਸ਼ੁਕਲ ਜਿਹੇ ਵਿਦਵਾਨ ਆਲੋਚਕ ਜੈਨ ਸਾਹਿਤ ਨੂੰ ਘਾਸਲੇਟੀ ਸਾਹਿਤ ਮੰਨਦੇ ਰਹੇ ਹਨ। ਜੈਨੀਆਂ ਦਾ ਦੇਸ਼ ਦੇ ਵਿਕਾਸ ਵਿੱਚ ਕਿੰਨਾ ਹਿੱਸਾ ਹੈ, ਇਸ ਸਬੰਧੀ ਆਮ ਲੋਕਾਂ ਨੂੰ ਸਚਾਈ ਦਾ ਗਿਆਨ ਨਹੀਂ। ਮੇਰੇ ਮਨ ਵਿੱਚ ਲੰਬੇ ਸਮੇਂ ਤੋਂ ਇੱਛਾ ਸੀ ਕਿ ਇੱਕ ਛੋਟੀ ਜਿਹੀ ਪੁਸਤਕ ਤਿਆਰ ਕੀਤੀ ਜਾਵੇ, ਜਿਸ ਵਿੱਚ ਬਹੁਤ ਸੰਖੇਪ ਰੂਪ ਵਿੱਚ ਜੈਨ ਧਰਮ, ਦਰਸ਼ਨ, ਸਾਹਿਤ ਅਤੇ ਸੰਸਕ੍ਰਿਤੀ ਦੀ ਜਾਣਕਾਰੀ ਹੋਵੇ। ਗਲਤ ਧਾਰਨਾਵਾਂ ਦੂਰ ਹੋਣ। ਪਰ ਕਈ ਗ੍ਰੰਥਾਂ ਦੇ ਲੇਖਨ ਦੇ ਕੰਮਾਂ ਵਿੱਚ ਰੁਝੇਵਿਆਂ ਕਾਰਣ ਇਹ ਭਾਵਨਾ ਸਿਰੇ ਨਾ ਚੜ੍ਹ ਸਕੀ।

ਮਦਰਾਸ ਚੋਮਾਸੇ ਵਿੱਚ ਮੈਂ ਆਪਣੀ ਯੋਜਨਾ ਨੂੰ ਅਮਲੀ ਰੂਪ ਦਿੱਤਾ। ਮੇਰਾ ਉਦੇਸ਼ ਸੀ ਕਿ ਇਹ ਪੁਸਤਕ ਕਾਲੇਜ ਦੇ ਵਿਦਿਆਰਥੀਆਂ ਲਈ ਉਪਯੋਗੀ ਹੋਵੇ। ਜੈਨ ਧਰਮ, ਦਰਸ਼ਨ ਦੇ ਇਛੁੱਕਾਂ ਦੀ ਮੁੱਢਲੀ ਪਿਆਸ ਬੁਝਾ ਸਕੇ। ਇਸ ਯੋਜਨਾ ਅਨੁਸਾਰ ਮੈਂ ਪੁਸਤਕ ਲਿਖੀ। ਮੇਰੇ ਸਾਹਮਣੇ ਸਫਿਆਂ ਦੀ ਮਰਿਆਦਾ ਦਾ ਸਵਾਲ ਵੀ ਸੀ ਅਤੇ ਨਾਲ ਹੀ ਸੰਖੇਪ ਵਿੱਚ ਸਭ ਕੁੱਝ ਜਾਣਕਾਰੀ ਦੇਣ ਦਾ ਸਵਾਲ ਸੀ। ਇਸ ਲਈ ਬਹੁਤ ਹੀ ਸੰਖੇਪ ਪਰ ਸਾਰ ਰੂਪ ਮੈਂ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ।

ਇਹ ਸੱਚ ਹੈ ਕਿ ਜੈਨ ਦਰਸ਼ਨ ਦੇ ਆਪਣੇ ਪਰਿਭਾਸ਼ਿਕ ਸ਼ਬਦ ਹਨ। ਉਹ ਸ਼ਬਦ ਜਦ ਤੱਕ ਨਾ ਜਾਣੇ ਜਾਣ ਤੱਦ ਤਕ ਵਿਸ਼ੇ ਨੂੰ ਸਮਝਣ ਵਿੱਚ ਮੁਸ਼ਕਿਲ ਆਉਂਦੀ ਹੈ। ਇਨ੍ਹਾਂ ਸ਼ਬਦਾਂ ਨੂੰ ਦੂਸਰੇ ਸ਼ਬਦਾਂ ਵਿੱਚ ਨਹੀਂ ਬਦਲਿਆ ਜਾ ਸਕਦਾ। ਬਦਲਣ ਵਿੱਚ ਅਰਥ ਦੀ ਥਾਂ ਤੇ ਅਨਰਥ ਹੋਣ ਦੀ ਸੰਭਾਵਨਾ ਹੈ। ਇਸ ਲਈ ਸਰਲ ਢੰਗ ਤੋਂ ਜਾਨਣ ਲਈ ਮੈਂ ਕੁਝ ਪਰਿਭਾਸ਼ਿਕ ਸ਼ਬਦ ਦੇ ਅਰਥ ਵੀ ਕੋਸ਼ ਦੇ ਰੂਪ ਵਿੱਚ ਪਿੱਛੇ ਦੇ ਦਿੱਤੇ ਹਨ, ਤਾਂਕਿ ਪਾਠਕਾਂ ਨੂੰ ਸਮਝਣ ਵਿੱਚ ਆਸਾਨੀ ਹੋਵੇ।

***ਹਥਲਾ ਪੰਜਾਬੀ ਅਨੁਵਾਦ***

ਜੈਨ ਧਰਮ ਦਰਸ਼ਨ ਇਕ ਜਾਣਕਾਰੀ ਗ੍ਰੰਥ ਦੇ ਹਿੰਦੀ ਭਾਸ਼ਾ ਵਿੱਚ ਦੋ ਸੰਸਕਰਨ ਨਿਕਲ ਚੁੱਕੇ ਹਨ। ਇਸ ਦਾ ਅੰਗਰੇਜ਼ੀ ਅਨੁਵਾਦ ਵੀ ਪ੍ਰਕਾਸ਼ਿਤ ਹੋਇਆ ਹੈ। ਲੁਧਿਆਣੇ ਚੋਮਾਸੇ ਵਿੱਚ ਪੰਜਾਬ ਦੇ ਸ਼ਰਧਾਲੂ ਪਾਠਕਾਂ ਦੀ ਇਹ ਭਾਵਨਾ ਰਹੀ ਕਿ ਜੇ ਕੋਈ ਪੰਜਾਬੀ ਵਿੱਚ ਜੈਨ ਧਰਮ ਸਬੰਧੀ ਪੁਸਤਕ ਦਾ ਅਨੁਵਾਦ ਹੋਵੇ ਤਾਂਕਿ ਪੰਜਾਬ ਦੇ ਲੋਕ ਜੈਨ ਧਰਮ ਦੇ ਰਹੱਸ ਨੂੰ ਸਹਿਜ ਹਿਰਦੇ ਵਿੱਚ ਉਤਾਰ ਸਕਣ। ਉਨ੍ਹਾਂ ਜਗਿਆਸੂ ਪਾਠਕਾਂ ਦੀ ਭਾਵਨਾ ਨੂੰ ਧਿਆਨ ਵਿੱਚ ਰੱਖ ਕੇ ਪ੍ਰਸਿੱਧ ਸਾਹਿਤਕਾਰ ਸੁਸ਼੍ਰਾਵਕ ਸ਼੍ਰੀ ਪੁਰਸ਼ੋਤਮ ਜੀ ਜੈਨ ਤੇ ਸ਼੍ਰੀ ਰਵਿੰਦਰ ਜੈਨ ਧਰਮ ਭਰਾਵਾਂ ਨੇ ਭਗਤੀ ਭਾਵ ਵਿੱਚ ਡੁੱਬ ਕੇ ਇਸ ਗ੍ਰੰਥ ਦਾ ਪੰਜਾਬੀ ਅਨੁਵਾਦ ਕੀਤਾ ।

ਅਨੁਵਾਦ ਵੀ ਇਕ ਕਲਾ ਹੈ। ਇਸ ਕਲਾ ਵਿੱਚ ਆਪ ਨਿਪੁੰਨ ਹੋ। ਪੰਜਾਬੀ ਵਿੱਚ ਆਪ ਰਾਹੀਂ ਇਹ ਕੰਮ ਪੂਰਾ ਹੋਇਆ ਹੈ ਇਸ ਲਈ ਇਹ ਅਨੁਵਾਦ ਸਭ ਦੇ ਮਨ ਨੂੰ ਪ੍ਰਸਨ ਕਰੇਗਾ। ਮੇਰਾ ਦਿਲੀ ਆਸ਼ੀਰਵਾਦ ਹੈ ਕਿ ਇਹ ਦੋਵੇਂ ਆਪਣੀ ਸਬੁੱਧੀ ਦੀ ਠੀਕ ਵਰਤੋ ਕਰਦੇ ਹੋਏ, ਪੰਜਾਬੀ ਭਾਸ਼ਾ ਦੇ ਭੰਡਾਰ ਨੂੰ ਭਰਦੇ ਰਹਿਣ ਅਤੇ ਇਹ ਵੀ ਉਮੀਦ ਹੈ ਕਿ ਪੰਜਾਬੀ ਭਾਸ਼ਾ ਜਾਨਣ ਵਾਲਿਆਂ ਲਈ ਇਹ ਗ੍ਰੰਥ ਸਫਲ ਸਿੱਧ ਹੋਵੇ।

*15-8-1994* *ਆਚਾਰੀਆ ਦੇਵਿੰਦਰ ਮੁਨੀ*

*ਜੈਨ ਸਥਾਨਕ, ਲੁਧਿਆਣਾ।*

# ਜੈਨ ਆਚਾਰੀਆ ਸ੍ਰੀ ਦੇਵਿੰਦਰ ਮੁਨੀ ਜੀ ਮਹਾਰਾਜ
## ਇਕ ਜਾਣਕਾਰੀ

**ਮੂਲ ਲੇਖਕ : ਦਿਨੇਸ਼ ਮੁਨੀ**

ਭਗਵਾਨ ਮਹਾਵੀਰ ਨੇ ਇਕ ਵਾਰ ਫੁਰਮਾਇਆ, "ਕੁਝ ਲੋਕ ਵਿਦਿਆ ਵਿੱਚ ਸ਼੍ਰੇਸ਼ਟ ਹੁੰਦੇ ਹਨ ਅਤੇ ਕੁਝ ਆਚਰਣ ਵਿੱਚ, ਪਰ ਵਿਦਿਆ ਅਤੇ ਆਚਰਣ-ਸੁਰਤ (ਗਿਆਨ) ਅਤੇ ਸ਼ੀਲ ਦੋਹਾਂ ਵਿੱਚ ਜੋ ਸ਼੍ਰੇਸ਼ਟ ਹੁੰਦੇ ਹਨ ਉਹ ਹੀ ਸੱਚੇ ਅਰਥਾਂ ਵਿੱਚ ਸ਼੍ਰੇਸ਼ਟ ਹਨ, ਮਹਾਨ ਹਨ।

**ਗਿਆਨ ਯੋਗ ਦੇ ਸਾਧਕ :**

ਇਨ੍ਹਾਂ ਮਹਾਨ ਵਿਅਕਤੀਆਂ ਦੀ ਇਸ ਸ਼੍ਰੇਣੀ ਵਿੱਚ ਆਚਾਰੀਆਂ ਸ਼੍ਰੀ ਦੇਵਿੰਦਰ ਮੁਨੀ ਜੀ ਦਾ ਨਾ ਬੜੇ ਫਖਰ ਨਾਲ ਲਿਆ ਜਾ ਸਕਦਾ ਹੈ। ਉਹਨਾਂ ਦੀ ਵਿਦਿਆ ਪ੍ਰਤੀ ਡੂੰਘੀ ਅਭਿਲਾਸ਼ਾ, ਲਗਾਤਾਰਾ ਅਧਿਐਨ ਦੀ ਆਦਤ ਅਤੇ ਉਹਨਾਂ ਨੂੰ ਗਿਆਨ ਗੰਗਾ ਵਿੱਚ ਹਮੇਸ਼ਾਂ ਡੁਬਕੀ ਲਗਾਉਂਦੇ ਵੇਖ ਕੇ ਮਨ ਉਹਨਾਂ ਨੂੰ ਗਿਆਨ ਯੋਗੀ ਦੇ ਰੂਪ ਵਿੱਚ ਬੰਦਨਾ (ਨਮਸਕਾਰ) ਕਰਨਾ ਚਾਹੁੰਦਾ ਹੈ। ਉਹਨਾਂ ਦੀ ਸਹਿਜ ਸਰਲਤਾ, ਨਿਮਰਤਾ, ਸਾਧੂਯੋਗ ਆਚਰਣ, ਸ਼ਰਧਾ ਅਤੇ ਸੰਜਮ ਸਾਧਨਾ ਵਿੱਚ ਲਗਾਤਾਰ ਜਾਗਰੁਪਤਾ ਵੇਖ ਕੇ ਉਨ੍ਹਾਂ ਦਾ ਕਰਮਯੋਗੀ ਰੂਪ ਮਨ ਦੇ ਪਰਦੇ 'ਤੇ ਪ੍ਰਕਾਸ਼ਿਤ ਹੋ ਜਾਂਦਾ ਹੈ।

ਗਿਆਨ ਅਤੇ ਕਰਮ ਯੋਗੀ ਦੇ ਨਾਲ ਹੀ ਉਹ ਭਗਤੀ ਯੋਗ ਵਿੱਚ ਵੀ ਪਿੱਛੇ ਨਹੀਂ ਹਨ। ਜੀਵਨ ਦੀ ਮਿਠਾਸ ਅਤੇ ਹਮਦਰਦੀ ਦਾ ਝਰਨਾ ਤਾਂ ਭਗਤੀ ਯੋਗ ਦੇ ਸਿਖਰ ਤੋਂ ਹੀ ਫੁੱਟਦਾ ਹੈ। ਦਰਅਸਲ ਆਚਾਰੀਆ ਸ਼੍ਰੀ ਦੇਵਿੰਦਰ ਮੁਨੀ ਜੀ ਜਿਹੇ ਪਿਆਰੇ, ਗੁਣਵਾਨ, ਮਿੱਠੇ ਅਤੇ ਦੁੱਧ-ਮਿਸ਼ਰੀ ਦੀ ਤਰ੍ਹਾਂ ਘੁਲ-ਮਿਲ ਕੇ ਰਹਿਣ ਵਾਲੇ ਸੰਤ ਦਾ ਜੀਵਨ ਗਿਆਨ, ਕਰਮ, ਭਗਤੀ

ਦੀ ਪ੍ਰਤਿਭਾ, ਮਿਹਨਤ ਤੇ ਪ੍ਰੇਮ ਦਾ ਇੱਕ ਲਗਾਤਾਰ ਵਹਿਣ ਵਾਲਾ ਝਰਨਾ ਹੈ, ਜਿਸ ਦੇ ਕੋਲ ਪ੍ਰਸੰਨਤਾ ਵੀ ਮਿਲਦੀ ਹੈ, ਵਿਚਾਰਾਂ ਦੀ ਤਾਜ਼ਗੀ ਅਤੇ ਭਾਵਨਾ ਦੀ ਪਵਿੱਤਰਤਾ ਵੀ ਪ੍ਰਾਪਤੀ ਹੁੰਦੀ ਹੈ।

**ਬਹੁ-ਪੱਖੀ ਸ਼ਖਸੀਅਤ :**

ਜੈਨ ਤੱਤਵ ਵਿਦਿਆ ਦੇ ਭਿੰਨ-ਭਿੰਨ ਖੇਤਰਾਂ ਵਿੱਚ ਆਚਾਰੀਆ ਸ਼੍ਰੀ ਦੀ ਡੂੰਘੀ ਪਕੜ ਹੈ, ਵਿਚਾਰਾਂ ਦੀ ਪਕੜ ਹੈ ਅਤੇ ਹਰ ਵਿਸ਼ੇ ਉੱਪਰ ਸੰਪੂਰਨ ਅਧਿਕਾਰ ਨਾਲ ਲਿਖ ਸਕਦੇ ਹਨ, ਲਿਖਦੇ ਵੀ ਹਨ। ਭਾਵੇਂ ਇਤਿਹਾਸ ਹੋਵੇ ਜਾਂ ਕਥਾ, ਸਾਹਿਤ ਹੋਵੇ, ਦਰਸ਼ਨ ਅਤੇ ਕਰਮ ਸਾਹਿਤ ਹੋਵੇ ਜਾਂ ਆਚਾਰ ਅਤੇ ਸੰਸਕ੍ਰਿਤੀ ਹੋਵੇ, ਭਾਵੇ ਚਿੰਤਨ ਸਬੰਧੀ ਵਿਸ਼ਾ ਹੋਵੇ ਜਾਂ ਆਗਮਾ ਤੇ ਖੋਜ ਦਾ ਵਿਸ਼ਾ ਹੋਵੇ, ਆਪ ਦੇ ਚਿੰਤਨ ਦਾ ਖੇਤਰ ਬਹੁਤ ਵਿਸ਼ਾਲ ਹੈ।

ਲਿਖਣ ਦੀ ਗਿਣਤੀ ਪੱਖੋਂ ਆਚਾਰੀਆ ਸ਼੍ਰੀ ਨੇ ਜਿੰਨਾ ਲਿਖਿਆ ਹੈ, ਸੰਪਾਦਨ ਕੀਤਾ ਹੈ, ਮੁਸ਼ਕਿਲ ਨਾਲ ਕਿਸੇ ਹੋਰ ਜੈਨ ਸ਼੍ਰਮਣ (ਸਾਧੂ) ਨੇ ਅੱਜ ਤੱਕ ਲਿਖਿਆ ਹੋਵੇਗਾ। ਛੋਟੇ ਵੱਡੇ ਗਰੰਥਾਂ ਦੀ ਸੰਖਿਆ 350 ਤੋਂ ਉੱਪਰ ਹੈ। ਆਚਾਰੀਆ ਸ਼੍ਰੀ ਦੀ ਬੁੱਧੀ ਵਿਆਖਿਆ ਪ੍ਰਧਾਨ ਹੈ ਅਤੇ ਦ੍ਰਿਸ਼ਟੀ, ਖੋਜ ਤੇ ਸੁਮੇਲ ਤੋਂ ਪ੍ਰੇਰਿਤ ਹੈ। ਆਓ ਇਸ ਪ੍ਰਤਿਭਾਵਾਨ ਪੁਰਸ਼ ਸੰਤ ਦਾ ਸੰਖੇਪ ਜੀਵਨ ਦਰਸ਼ਨ ਕਰਕੇ ਉਨ੍ਹਾਂ ਦੇ ਮਹੱਤਵ ਪੂਰਨ ਸਵਰੂਪ ਨੂੰ ਸਮਝੀਏ।

**ਜੀਵਨ-ਪਰਿਚੇ :**

ਆਪ ਦਾ ਜਨਮ 7.11.1931 ਸ਼ਨੀਵਾਰ ਕੱਤਕ ਤਰੋਦਸ਼ੀ ਨੂੰ ਉਦੈਪੁਰ ਦੇ ਪ੍ਰਸਿੱਧ ਅਤੇ ਅਮੀਰ ਜੈਨ ਘਰਾਣੇ ਦੇ ਬਰੜੀਆ ਗੋਤਰ ਵਿੱਚ ਹੋਇਆ। ਆਪ ਦੇ ਪਿਤਾ ਸ਼੍ਰੀ ਜੀਵਨ ਸਿੰਘ ਜੀ ਬਰੜੀਆ ਇੱਕ ਮਸ਼ਹੂਰ ਵਪਾਰੀ ਸਨ। ਬਚਪਨ ਵਿੱਚ ਹੀ ਪਿਤਾ ਦਾ ਪਰਛਾਵਾਂ ਸਿਰ ਤੋਂ ਉੱਠ ਜਾਣ ਤੋਂ ਬਾਅਦ ਮਾਤਾ ਨੇ ਆਪ ਦੇ ਜੀਵਨ ਸੰਸਾਰ ਨੂੰ ਸਿੱਖਿਆ ਤੋਂ ਪ੍ਰਭਾਵਿਤ ਕੀਤਾ। ਆਪ ਜੀ ਦੀ ਮਾਤਾ ਸ਼੍ਰੀਮਤੀ ਤੀਜਾਬਾਈ ਵੀ ਇੱਕ ਗਿਆਨਵਾਨ,

ਵੈਰਾਗਵਾਨ ਔਰਤ ਸੀ। ਉਹਨਾਂ ਦੀ ਬੁੱਧੀ ਅਤੇ ਚਤੁਰਾਈ ਦੀ ਧਾਂਕ ਚਹੁੰ ਪਾਸੇ ਸੀ। ਸਿੱਟੇ ਵਜੋਂ ਆਪ ਦੇ ਕੋਮਲ ਹਿਰਦੇ 'ਤੇ ਵੈਰਾਗ ਦੇ ਸੰਸਕਾਰ ਬੀਜ ਉਗਣੇ ਸ਼ੁਰੂ ਹੋਏ। ਪਿਛਲੇ ਜਨਮ ਵਿੱਚ ਕੀਤੇ ਸ਼ੁਭ ਕਰਮਾਂ ਦੀ ਪ੍ਰੇਰਣਾ ਹੀ ਸਮਝੋ ਕਿ ਸਿਰਫ 9 ਸਾਲ ਦੀ ਛੋਟੀ ਜਿਹੀ ਉਮਰ ਵਿੱਚ 1.3.1941 ਸ਼ਨੀਵਾਰ ਫੱਗਣ ਸ਼ੁਕਲਾ ਤੀਜ ਨੂੰ ਆਪਣੇ ਖੰਡਪ ਜ਼ਿਲ੍ਹਾ ਬਾੜਮੇਰ (ਰਾਜਸਥਾਨ) ਵਿਖੇ ਉਪਾਧਿਆ ਪੂਜਯ ਗੁਰੂਦੇਵ ਸ਼੍ਰੀ ਸ਼੍ਰੀ 1008 ਸ਼੍ਰੀ ਪੁਸ਼ਕਰ ਮੁਨੀ ਜੀ ਮਹਾਰਾਜ ਦੇ ਪਵਿੱਤਰ ਚਰਨਾਂ ਵਿੱਚ ਜੈਨ ਸ਼੍ਰਮਣ ਦੀਖਿਆ ਧਾਰਨ ਕਰ ਆਤਮਾ ਸਾਧਨਾ ਰੂਪੀ ਤਲਵਾਰ ਦੇ ਰਾਹ 'ਤੇ ਚੱਲਣ ਦਾ ਮਹਾਨ ਸੰਕਲਪ ਲਿਆ। ਆਪ ਉਪਾਧਿਆ ਗੁਰੂਦੇਵ ਸ਼੍ਰੀ ਜੀ ਮਹਾਰਾਜ ਦੇ ਪ੍ਰਧਾਨ ਸੁਸ਼ਿਸ਼ (ਚੇਲੇ) ਹਨ।

ਆਪ ਦੇ ਨਾਲ ਹੀ ਆਪ ਜੀ ਦੀ ਪੁਜਨੀਕ ਮਾਤਾ ਸ਼੍ਰੀ (ਤੀਜਾ ਬਾਈ), ਜਿਨ੍ਹਾਂ ਦੀ ਦੀਖਿਆ ਸਮੇਂ ਨਾਮ ਪ੍ਰਸਿੱਧ ਹੋਇਆ "ਮਹਾਸਾਧਵੀ ਸ਼੍ਰੀ ਪ੍ਰਭਾਵਤੀ ਜੀ" ਜੋ ਮਹਾਨ ਸਖਸ਼ੀਅਤ ਸਨ ਅਤੇ ਬੜੇ ਭੈਣ ਮਹਾ ਸਾਧਵੀ ਰਤਨ ਸ਼੍ਰੀ ਪੁਸ਼ਪਾਵਤੀ ਜੀ ਨੇ ਸੰਜਮ ਸਾਧਨਾਂ ਦਾ ਪਥ ਸਵੀਕਾਰ ਕੀਤਾ। ਸਾਧਵੀ ਸ਼੍ਰੀ ਪੁਸ਼ਪਾਵਤੀ ਇੱਕ ਗੰਭੀਰ ਅੱਧਿਐਨਸ਼ੀਲ ਪ੍ਰਤਿਭਾ ਹਨ। ਆਪ ਮਿੱਠਾ ਪ੍ਰਵਚਨ ਕਰਨ ਵਾਲੀ ਅਤੇ ਸ਼੍ਰੇਸ਼ਠ ਲੇਖਿਕਾ ਹਨ। ਉਹਨਾਂ ਰਾਹੀਂ ਅਨੇਕਾਂ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ।

**ਵਿਦਿਆ-ਰੁਚੀ :**

ਹਿੰਦੀ, ਸਸੰਕ੍ਰਿਤ, ਪ੍ਰਾਕ੍ਰਿਤ ਆਦਿ ਭਾਸ਼ਾਵਾਂ ਦੇ ਗਿਆਨ ਦੇ ਨਾਲ ਹੀ ਆਪ ਨੇ ਜੈਨ ਆਗਮ/ਅਰਧ ਮਾਗਧੀ ਸਾਹਿਤ ਦਾ ਡੂੰਘਾ ਅਧਿਐਨ ਕੀਤਾ। ਤਿੱਖੀ ਬੁੱਧੀ ਅਤੇ ਪ੍ਰਤਿਭਾ ਕਾਰਨ ਛੇਤੀ ਹੀ ਆਪ ਨੇ ਜੈਨ ਤਤੱਵ ਗਿਆਨ ਆਗਮ ਅਤੇ ਦਰਸ਼ਨ ਦੇ ਵਿਸ਼ਿਆਂ ਵਿੱਚ ਵਿਦਵਤਾ ਹਾਸਿਲ ਕੀਤੀ।

ਆਚਾਰੀਆ ਸ਼੍ਰੀ ਦੇਵਿੰਦਰ ਮੁਨੀ ਜੀ ਦੀ ਵਿਦਿਆ ਪ੍ਰਤੀ ਲਗਨ ਇੰਨੀ ਤੇਜ਼ ਹੈ ਕਿ ਇਹ ਲਗਨ ਅਨੇਕਾਂ ਹੀ ਵਿਸ਼ਿਆਂ ਨੂੰ ਛੋਹਦੀਂ ਰਹੀ ਹੈ। ਇਤਿਹਾਸ, ਸਾਹਿਤ, ਸੰਸਕ੍ਰਿਤੀ, ਕਲਾ, ਆਦਿ ਦੇ ਵਿਸ਼ਾਲ ਆਕਾਸ਼ਾਂ ਨੂੰ

ਨਾਪਦੇ ਹੋਏ, ਆਪ ਵਿਦਿਆ ਖੇਤਰ ਵਿੱਚ ਬਿਨਾ ਰੁਕੇ, ਲਗਾਤਾਰ ਵਧਦੇ ਰਹੇ। ਅਧਿਐਨ ਦੇ ਨਾਲ ਆਪ ਵਿੱਚ ਲਿਖਣ ਦੀ ਰੂਚੀ ਵੀ ਪੈਦਾ ਹੋਈ ਅਤੇ ਸਾਹਿਤ ਦੇ ਭਿੰਨ-ਭਿੰਨ ਰੂਪਾਂ ਵਿੱਚ ਆਪ ਜੀ ਦੀ ਕਲਮ ਗਤੀਸ਼ੀਲ ਬਣੀ।

ਆਪ ਸ਼੍ਰੀ ਦੀ ਲੇਖਣੀ ਦੇ ਮੁੱਖ ਵਿਸ਼ੇ ਬਣੇ; ਗਦ, ਕਾਵਿ, ਲਘੂ-ਕਹਾਣੀ, ਨਾਵਲ, ਪ੍ਰਵਚਨ, ਖੋਜ ਨਿਬੰਧ ਅਤੇ ਲਲਿਤ ਲੇਖ, ਜੈਨ ਆਗਮਾ ਤੇ ਖੋਜ ਪੂਰਨ ਵਿਸ਼ਾਲ ਪ੍ਰਸਤਾਵਨਾ।

**ਦਿਲ-ਖਿੱਚਵੀਂ ਸਖਸ਼ੀਅਤ :**

ਇਨ੍ਹਾਂ ਸਭ ਤੋਂ ਛੁੱਟ ਬਹੁਮੁਖੀ ਪ੍ਰਤਿਭਾ ਦੇ ਧਨੀ ਆਚਾਰੀਆ ਸ਼੍ਰੀ ਦੇਵਿੰਦਰ ਮੁਨੀ ਜੀ ਰਾਹੀਂ ਹੋਰ ਕਈ ਤਰ੍ਹਾਂ ਦੇ ਸਾਹਿਤ ਦਾ ਸੰਪਾਦਨ, ਮਹੱਤਵਪੂਰਨ ਪ੍ਰਸਤਾਵਨਾਵਾਂ ਅਤੇ ਸੰਪਾਦਕ ਮੰਡਲਾਂ ਵਿੱਚ ਸਹਿਯੋਗੀ ਭੂਮਿਕਾ ਨੂੰ ਵੇਖਕੇ, ਅਸੀਂ ਆਖ ਸਕਦੇ ਹਾਂ ਕਿ ਆਚਾਰੀਆ ਸ਼੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਦੀ ਸਖਸ਼ੀਅਤ ਅੰਦਰ ਤੇ ਬਾਹਰ ਦੋਵਾਂ ਰੂਪਾਂ ਵਿੱਚ ਵਿਸ਼ਾਲ, ਮਨੋਹਰਥ ਅਤੇ ਅਨੋਖੇ ਪ੍ਰਭਾਵ ਵਾਲੀ ਹੈ। ਗੋਰਾ ਸੰਗਠਿਤ ਸਰੀਰ, ਆਕਰਸ਼ਕ ਸੁੰਦਰ ਦੇਹ ਉੱਪਰ ਸਫ਼ੇਦ ਕੱਪੜਿਆਂ ਵਿੱਚ ਉਹ ਇੰਨੇ ਪ੍ਰਭਾਵਸ਼ਾਲੀ ਤੇ ਵਿਸ਼ਾਲ ਦਿਖਦੇ ਹਨ। ਉਹ ਵਿਸ਼ਾਲਤਾ ਹੋਰ ਵੀ ਡੂੰਘੀ ਹੋ ਜਾਂਦੀ ਹੈ, ਜਦ ਦਰਸ਼ਕ ਉਹਨਾਂ ਦੇ ਹਾਸੇ ਵਾਲੀ ਮੁੱਖ-ਮੁਦਰਾ ਅਤੇ ਅਪਣਤਵ ਨੂੰ ਨਜ਼ਦੀਕ ਤੋਂ ਦੇਖਦਾ ਹੈ। ਇਸਦੇ ਨਾਲ ਹੀ ਆਪਦਾ ਸੱਜਣ ਵਿਵਹਾਰ, ਸਾਧੂਆਂ ਵਾਲੀ ਮਿੱਠੀ ਭਾਸ਼ਾ, ਸਹਿਜ ਦੋਸਤੀ ਭਾਵ ਅਤੇ ਡੂੰਘੀ ਗਿਆਨ ਸ਼ਕਤੀ ਦਾ ਲਾਭ ਪ੍ਰਾਪਤ ਕਰਕੇ ਕੋਈ ਵੀ ਚਿੰਤਕ ਪ੍ਰਭਾਵਿਤ ਹੋਏ ਬਿੰਨਾਂ ਨਹੀਂ ਰਹਿੰਦਾ। ਦੇਸ਼ ਦੇ ਅਨੇਕਾਂ ਪ੍ਰਸਿੱਧ ਵਿਦਵਾਨ ਚਿੰਤਨ ਅਤੇ ਸਾਹਿਤਕਾਰ ਆਚਾਰੀਆ ਸ਼੍ਰੀ ਨੂੰ ਗੂੜ੍ਹੇ ਮਿੱਤਰ ਦੀ ਤਰ੍ਹਾਂ ਕਦੇ ਕਦੇ ਮਿਲਣ ਆਉਂਦੇ ਹਨ ਅਤੇ ਪੱਤਰ ਵਿਵਹਾਰ ਵੀ ਕਰਦੇ ਰਹਿੰਦੇ ਹਨ।

ਆਪ ਸ਼੍ਰੀ ਦੀ ਸਾਹਿਤ ਸੇਵਾ ਨੂੰ ਵੇਖ ਕੇ ਮਹਾਮਹਿਮ ਆਚਾਰੀਆ ਸਮਰਾਟ ਪੂਜ 1008 ਸ਼੍ਰੀ ਆਨੰਦ ਰਿਸ਼ੀ ਜੀ ਮਹਾਰਾਜ ਨੇ ਆਪ ਨੂੰ ਸ਼੍ਰਮਣਸੰਘ ਦੇ ਸਾਹਿਤ ਸਿੱਖਿਆ ਮੰਤਰੀ ਦਾ ਪਦ ਪ੍ਰਦਾਨ ਕੀਤਾ। ਫ਼ਿਰ ਪੂਨਾ ਸੰਤ ਸੰਮੇਲਨ

ਵਿੱਚ 12.5.1987 ਨੂੰ ਸ਼੍ਰਮਣ ਸੰਘ ਦਾ ਉਪ-ਆਚਾਰੀਆ ਦਾ ਪਦ ਪ੍ਰਦਾਨ ਕੀਤਾ। 28 ਮਾਰਚ, 1992 ਨੂੰ (ਚੇਤਰ ਕ੍ਰਿਸ਼ਨਾ ਦਸਵੀਂ) ਸ਼ਨੀਵਾਰ ਨੂੰ ਸਮਾਧੀ ਮਰਨ ਰਾਹੀਂ ਆਚਾਰੀਆ ਸਮਰਾਟ ਸ਼੍ਰੀ ਆਨੰਦ ਰਿਸ਼ੀ ਜੀ ਮਹਾਰਾਜ ਦਾ ਸਵਰਗਵਾਸ ਹੋਇਆ। ਉਸ ਤੋਂ ਬਾਅਦ ਅਕਸ਼ੈ ਤੀਜ ਦਾ ਭਾਗਾਂ ਵਾਲਾ ਦਿਨ (15 ਮਈ, 1992) ਵੀ ਆਇਆ ਜਦ ਸ਼੍ਰਮਣ ਸੰਘ ਨੂੰ ਯੁਗ-ਪੁਰਸ਼, ਸੰਘ ਪੁਰਸ਼, ਮਹਾਨ ਬੁੱਧੀਮਾਨ ਅਤੇ ਕੁਸ਼ਲ ਅਨੁਸ਼ਾਸਤਾ ਪੂਜ ਸ਼੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਦੀ ਬੁੱਧੀਪੂਰਨ ਅਗਵਾਈ ਸ਼੍ਰੀ ਸੰਘ ਨੂੰ ਆਚਾਰੀਆ ਸ਼੍ਰੀ ਦੇ ਰੂਪ ਵਿੱਚ ਪ੍ਰਾਪਤ ਹੋਈ। ਸ਼੍ਰਮਣ ਸੰਘ ਅਤੇ ਸ਼੍ਰੀ ਅਖਿਲ ਭਾਰਤੀ ਸਥਾਨਕ ਵਾਸੀ ਜੈਨ ਕਾਨਫਰੰਸ ਨੇ ਸਰਵਸੰਮਤੀ ਨਾਲ, ਆਪ ਨੂੰ ਆਚਾਰੀਆ ਪਦ ਦੀ ਮਹਾਨਤਾ ਨਾਲ ਵਿਭੂਸ਼ਿਤ ਕੀਤਾ। ਇਹ ਫ਼ੈਸਲਾ ਵੀ ਕੀਤਾ ਗਿਆ ਕਿ ਆਚਾਰੀਆ ਪਦ ਦਾ ਚੱਦਰ ਸਮਾਰੋਹ ਦਾ ਵਿਸ਼ਾਲ ਇੱਕਠ ਉਦੇਪੁਰ ਵਿਖੇ 28 ਮਾਰਚ, 1993 ਨੂੰ ਰੱਖਿਆ ਜਾਵੇ। ਹਮੇਸ਼ਾਂ ਹੀ ਇਸ ਪਦ ਦੇ ਯੋਗ ਆਚਾਰੀਆ ਸ਼੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਨੂੰ ਆਚਾਰੀਆ ਪਦ ਦੀ ਮਹਾਨ ਅਤੇ ਪ੍ਰਤਿਸ਼ਟਤਾਪੂਰਨ ਪਦਵੀ ਪ੍ਰਾਪਤ ਹੋਈ। ਫੈਸਲੇ ਅਨੁਸਾਰ ਚਾਦਰ ਸਮਾਰੋਹ ਹੋਇਆ। ਉਦੈਪੁਰ ਨਗਰੀ ਨੂੰ ਆਪਣੇ ਇੱਕ ਮਹਾਨ ਸਪੁੱਤਰ ਸ਼੍ਰਮਣ, ਪਰਮਸ਼ਰਧੇ ਆਚਾਰੀਆ ਸ਼੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਦਾ ਅਭਿਨੰਦਨ ਕਰਨ ਦਾ ਮੌਕਾ ਮਿਲਿਆ। ਚਾਦਰ ਸਮਾਰੋਹ ਦਾ ਸੁਭਾਗ ਇਸ ਨਗਰ ਨੂੰ ਪ੍ਰਾਪਤ ਹੋਇਆ। ਸ਼੍ਰਮਣ (ਸਾਧੂ), ਸ਼੍ਰਮਣੀ (ਸਾਧਵੀ), ਸ਼੍ਰਾਵਕ (ਉਪਾਸਕ), ਸ਼੍ਰਾਵਿਕਾ (ਉਪਾਸ਼ਿਕਾ) ਦੇ ਚਹੁ-ਮੁਖੀ ਧਰਮ ਸੰਘ ਰਾਹੀਂ ਆਪਣੀ ਸ਼ਰਧਾ, ਆਸਥਾ ਭਗਤੀ ਦਾ ਆਚਾਰੀਆ ਸ਼੍ਰੀ ਦੇ ਸ਼੍ਰੀ ਚਰਨਾਂ ਵਿੱਚ ਸਮਰਪਣ ਦਾ ਇਹ ਵਿਸ਼ਾਲ ਚਾਦਰ ਸਮਾਰੋਹ ਸੱਚੇ ਅਰਥਾਂ ਵਿੱਚ ਆਦਰ ਸਮਾਰੋਹ ਹੋ ਗਿਆ ਸੀ। ਉਨ੍ਹਾਂ ਲੱਖਾਂ ਧਰਮ ਪ੍ਰੇਮੀਆਂ ਦੀ ਇਸ ਆਸਥਾ ਅਤੇ ਇੱਛਾ ਨੂੰ ਪੂਜ ਆਚਾਰੀਆ ਸ਼੍ਰੀ ਆਪਣੇ ਅਦਭੁੱਤ ਕੌਸ਼ਲ ਅਤੇ ਸ਼ਕਤੀ ਨਾਲ ਪੂਰਾ ਕਰਨ ਜਾ ਰਹੇ ਸਨ। "ਸੂਤ ਦਾ ਇੱਕ ਇੱਕ ਧਾਗਾ ਜਿਵੇਂ ਇੱਕਠਾ ਹੋਕੇ ਚਾਦਰ ਬਣਿਆ", ਉਸੇ ਤਰ੍ਹਾਂ ਏਕਤਾ ਵਿੱਚ ਬੰਨ੍ਹ ਕੇ ਸੰਘ ਵੀ ਇੱਕਠਾ ਰਹੇ। ਸੰਘ ਦੀ ਸਾਰੀ ਸ਼ਕਤੀ ਤੇ ਯੋਗਤਾ ਨੂੰ ਵਿਆਪਕ ਜਨ ਹਿਤ ਵਲੋਂ ਮੋੜਿਆ

ਜਾਵੇ, ਸ੍ਰੀ ਸੰਘ ਦੀ ਇਸ ਇੱਛੀ ਦੀ ਪੂਰਤੀ ਲਈ ਆਚਾਰੀਆ ਸ੍ਰੀ ਇੱਕਸੁਰਤਾ ਨਾਲ ਜੁੜੇ ਹੋਏ ਹਨ। ਆਚਾਰੀਆ ਸ੍ਰੀ ਦੇ ਸ਼ਕਤੀਸ਼ਾਲੀ ਹੱਥਾਂ ਵਿੱਚ, ਸੰਘ ਦੀ ਅਗਵਾਈ ਦੀ ਬਾਗਡੋਰ ਸੰਭਾਲ ਕੇ ਸ੍ਰੀ ਸੰਘ ਅੱਜ ਆਪਣੀ ਗਤੀ, ਪ੍ਰਗਤੀ, ਵਿਕਾਸ ਅਤੇ ਤਰੱਕੀ ਪ੍ਰਤੀ ਬੇਫ਼ਿਕਰ ਹੈ, ਭਰੋਸੇ ਵਿੱਚ ਹੈ। ਆਪ ਸ੍ਰੀ ਦੀ ਪਵਿੱਤਰ ਅਤੇ ਵਿਵੇਕਪੂਰਨ ਸਰਪ੍ਰਸਤੀ ਪਾ ਕੇ ਸ੍ਰੀ ਸੰਘ ਧੰਨ-ਧੰਨ ਹੋ ਗਿਆ ਹੈ, ਖੁਸ਼ੀ ਨਾਲ ਝੂਮ ਉਠਿਆ ਹੈ।

ਆਪ ਸ੍ਰੀ ਲੇਖਕ ਦੇ ਨਾਲ ਹੀ ਮਹਾਨ ਪ੍ਰਵਚਨਕਾਰ ਵੀ ਹਨ। ਆਪ ਜੀ ਦੀ ਪ੍ਰਵਚਨ ਕਲਾ ਅਦਭੁੱਤ ਅਤੇ ਦਿਲ-ਖਿਚਵੀਂ, ਹੈ। ਵਿਸ਼ੇ ਦੀ ਤਹਿ ਤੱਕ ਪਹੁੰਚ ਕੇ ਆਪ ਸੁਣਨ ਵਾਲਿਆਂ ਨੂੰ ਆਪਣੇ ਵੱਲ ਖਿੱਚ ਲੈਂਦੇ ਹਨ।

ਅਸੀਂ ਭਵਿੱਖ ਦੀਆਂ ਵਿਸ਼ਾਲ ਸੰਭਾਵਨਾਵਾਂ ਦੇ ਨਾਲ ਸਥਾਨਕ ਵਾਸੀ ਜੈਨ ਸਮਾਜ ਦੇ ਇਸ ਪ੍ਰਤਿਭਾਸ਼ੀਲ ਪੁਰਸ਼, ਪ੍ਰਭਾਵਸ਼ਾਲੀ ਆਚਾਰੀਆ ਦਾ ਸੱਚੇ ਦਿਲੋਂ ਅਭਿਨੰਦਨ ਕਰਦੇ ਹਾਂ ਅਤੇ ਆਸ ਰੱਖਦੇ ਹਾਂ ਕਿ ਇਹਨਾਂ ਦੇ ਗਿਆਨ ਪ੍ਰਕਾਸ਼ ਨਾਲ ਸ੍ਰਮਣ ਸੰਘ ਦੀ ਮਹਾਨਤਾ ਨੂੰ ਯੁੱਗ-ਯੁੱਗ ਤੱਕ ਚਾਰ ਚੰਨ ਲੱਗੇ ਰਹਿਣਗੇ।

# ਮਹਾਨ ਆਚਾਰੀਆ ਦੇ ਮਹਾਨ ਗੁਰੂ

ਭਾਰਤੀ ਜੈਨ ਸੰਘ ਪ੍ਰੰਪਰਾ ਦੇ ਮਹਾਨ ਵਿਦਵਾਨ ਸੰਤ ਉਪਾਧਿਆ ਸ਼੍ਰੀ ਪੁਸ਼ਕਰ ਮੁਨੀ ਜੀ ਮਹਾਰਾਜ , ਜੋ ਸਿੱਧ ਜਪ ਜੋਗੀ, ਧਿਆਨ ਯੋਗੀ ਅਤੇ ਸਾਧਨਾ ਦੇ ਸਿਖਰ ਪੁਰਸ਼ ਸਨ। ਮੇਵਾੜ ਦੀ ਪਵਿੱਤਰ ਧਰਤੀ ਗੁਰੂ ਪੁਸ਼ਕਰ ਨਗਰ (ਸਿਮਟਾਰ) ਵਿਖੇ ਆਪਨੇ ਜਨਮ ਲਿਆ। 14 ਸਾਲ ਦੀ ਛੋਟੀ ਉਮਰ ਵਿੱਚ ਮਹਾਸਥਵਿਰ ਸ਼੍ਰੀ ਤਾਰਾ ਚੰਦ ਜੀ ਮਹਾਰਾਜ ਤੋਂ ਜੈਨ (ਆਰਹਤੀ) ਦੀਖਿਆ ਗ੍ਰਹਿਣ ਕੀਤੀ। ਸੰਸਕ੍ਰਿਤ, ਪ੍ਰਾਕ੍ਰਿਤ, ਅਪਭੰਸ਼, ਹਿੰਦੀ, ਗੁਜਰਾਤੀ ਮਰਾਠੀ ਆਦਿ ਭਿੰਨ-ਭਿੰਨ ਭਾਸ਼ਾਵਾਂ ਦਾ ਗਹਿਰਾਈ ਨਾਲ ਅਧਿਐਨ ਕੀਤਾ ਅਤੇ ਧਰਮ, ਦਰਸ਼ਨ, ਆਗਮ, ਵੇਦ, ਉਪਨਿਸ਼ਦ ਅਤੇ ਤਰਿਪਿਟਕ ਸਾਹਿਤ ਦਾ ਵੀ ਗਹਿਰਾਈ ਨਾਲ ਅਧਿਐਨ ਕੀਤਾ। ਆਪ ਨੇ ਭਿੰਨ-ਭਿੰਨ ਵਿਸ਼ਿਆਂ ਤੇ ਅਧਿਕਾਰੀ ਵਿਦਵਾਨ ਵਜੋਂ ਸਾਹਿਤ ਲਿਖਿਆ। ਜੈਨ ਕਥਾ ਸਾਹਿਤ ਦੇ 111 ਭਾਗ ਲਿਖੇ, ਜਿਨ੍ਹਾਂ ਨੇ ਨਵਾਂ ਰਿਕਾਰਡ ਸਥਾਪਿਤ ਕੀਤਾ ਅਤੇ ਜ਼ਿੰਦਗੀ ਦੇ ਆਖਰੀ ਸਮੇਂ 48 ਘੰਟੇ ਦਾ ਚੌਵਿਹਾਰ (ਸਾਰੇ ਭੋਜਨਾਂ ਅਤੇ ਪਾਣੀ ਦਾ ਤਿਆਗ) ਕਰਕੇ, ਸੰਥਾਰੇ ਰਾਹੀਂ ਜਿਉਣ ਦੀ ਕਲਾ ਦਾ ਆਦਰਸ਼ ਸਥਾਪਿਤ ਕੀਤਾ। ਅਜਿਹੇ ਪ੍ਰਗਿਆ ਪੁਰਸ਼ ਦੇ ਚਰਨਾਂ ਵਿੱਚ ਕੋਟੀ ਕੋਟੀ ਬੰਦਨਾ। ਉਸੇ ਮਹਾਂਗੁਰੂ ਦੇ ਚੇਲੇ ਹਨ, ਆਚਾਰੀਆ ਸਮਰਾਟ ਸ਼੍ਰੀ 1008 ਸ਼੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਸਾਹਿਬ।

# ਸਾਧਵੀ ਰਤਨ ਮਹਾਸਾਧਵੀ

**ਸ਼੍ਰੀ ਪ੍ਰਭਾਵਤੀ ਜੀ ਮਹਾਰਾਜ - ਇੱਕ ਜਾਣਕਾਰੀ**

ਸਾਧਵੀ ਰਤਨ ਮਹਾਸਾਧਵੀ ਸ਼੍ਰੀ ਪ੍ਰਭਾਵਤੀ ਜੀ ਮਹਾਰਾਜ ਮਹਾਨ ਪ੍ਰਤਾਪੀ ਪ੍ਰਤਿਭਾ ਦੇ ਧਨੀ ਸਨ। ਆਪ ਦਾ ਜਨਮ ਬਿਕਰਮੀ ਸੰਮਤ 1970 ਸਾਵਨ ਵਦੀ ਪੰਚਮੀ ਬੁਧਵਾਰ ਮੁਤਾਬਿਕ 23 ਜੁਲਾਈ 1913 ਨੂੰ ਗੋਗੁੰਦਾ ਪਿੰਡ ਵਿੱਚ ਹੋਇਆ। ਸੰਮਤ 1998 ਹਾੜ੍ਹ ਸੁਦੀ ਤੀਜ ਸ਼ੁਕਰਵਾਰ ਮੁਤਾਬਿਕ 27 ਜੂਨ, 1941 ਨੂੰ ਮਹਾਸਾਧਵੀ ਸ਼੍ਰੀ ਸੋਹਨਕੁੰਬਰ ਜੀ ਮਹਾਰਾਜ ਕੋਲ ਆਪ ਨੇ ਦੀਖਿਆ ਗ੍ਰਹਿਣ ਕੀਤੀ। ਬਿਕਰਮੀ ਸੰਮਤ 2039 ਮਾਘ ਸੁਦੀ ਤੀਜ ਵੀਰਵਾਰ ਮੁਤਾਬਿਕ 29 ਜਨਵਰੀ 1982 ਨੂੰ ਆਪ ਦਾ ਸਵਰਗਵਾਸ ਹੋਇਆ। ਆਪ ਸ਼੍ਰਮਣ ਸੰਘ ਦੇ ਤੀਸਰੇ ਪਟਧਰ ਆਚਾਰੀਆ ਸ਼੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਦੀ ਪੂਜ ਮਾਤਾ ਜੀ ਸਨ। ਆਪ ਨੇ ਆਗਮਾ ਦਾ ਡੂੰਘਾ ਗਿਆਨ ਰਖਦੇ ਸਨ। ਬੁੱਧੀ ਤੇਜ ਸੀ। ਸਾਧਨਾ ਪ੍ਰਤੀ ਡੂੰਘੀ ਰੁਚੀ ਸੀ। ਅਨੇਕਾਂ ਗਦ, ਪਦ, ਰਚਨਾਵਾਂ ਆਪ ਦੀਆਂ ਛਪੀਆਂ ਹਨ।

# ਸਾਧਵੀ ਰਤਨ ਮਹਾਸਾਧਵੀ ਸ਼੍ਰੀ ਪੁਸ਼ਪਾਵਤੀ ਜੀ ਮਹਾਰਾਜ

ਸਾਧਵੀ ਰਤਨ ਮਹਾਸਾਧਵੀ ਸ਼੍ਰੀ ਪੁਸ਼ਪਾਵਤੀ ਜੀ ਮਹਾਰਾਜ ਤੇਜ ਬੁੱਧੀ ਦੀ ਧਨੀ ਜੈਨ ਸਾਧਵੀ ਹਨ। ਆਪ ਦਾ ਜਨਮ ਬਿਕਰਮ ਸੰਨ 1981 ਮੱਘਰ ਸੁਦੀ ਸੱਤਵੀਂ ਮੰਗਲਵਾਰ ਮੁਤਾਬਿਕ 18 ਨਵੰਬਰ 1924 ਨੂੰ ਉਦੇਪੁਰ ਵਿਖੇ ਹੋਇਆ। ਆਪ ਦੇ ਪੂਜ ਪਿਤਾ ਸ਼੍ਰੀ ਦਾ ਨਾਉਂ ਜੀਵਨ ਸਿੰਘ ਜੀ ਬਰੜੀਆ ਅਤੇ ਮਾਤਾ ਦਾ ਨਾਂ ਪ੍ਰੇਮਕੁੰਬਰ ਸੀ। ਬਿਕਰਮ ਸੰਮਤ 1994 ਦਿਨ ਸ਼ਨੀਵਾਰ ਮਾਘ ਸੁਦੀ ਤੇਰ੍ਹਾਂ ਮੁਤਾਬਿਕ 12 ਫਰਵਰੀ 1938 ਨੂੰ ਆਪਣੇ ਸਦਗੁਰੂ ਸ਼੍ਰੀ ਸੋਹਨਕੁੰਬਰ ਜੀ ਮਹਾਰਾਜ ਤੋਂ ਆਰਹਤੀ (ਜੈਨ) ਦੀਖਿਆ ਗ੍ਰਹਿਣ ਕੀਤੀ। ਹਿੰਦੀ, ਸੰਸਕ੍ਰਿਤ, ਪ੍ਰਾਕ੍ਰਿਤ ਦੀਆਂ ਉੱਚੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਆਪ ਸ਼੍ਰਮਣ ਸੰਘ ਦੇ ਤੀਸਰੇ ਪਟਧਰ ਆਚਾਰੀਆ ਸਮਰਾਟ ਸ਼੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਦੀ ਸਕੀ ਭੈਣ ਸਨ। ਆਪ ਦੀਆਂ ਅਨੇਕ ਰਚਨਾਵਾਂ ਛਪ ਚੁੱਕੀਆਂ ਹਨ। **ਪੁਸ਼ਪਪਰਾਗ, ਖੋਲੋ ਮਨ ਕੇ ਦਵਾਰ** ਆਦਿ ਅਨੇਕ ਰਚਨਾਵਾਂ ਛਪੀਆਂ ਹਨ। ਆਪ ਦੀ ਭਾਸ਼ਣ ਕਲਾ ਮਨ ਮੋਹਣੀ ਹੈ। ਹਰ ਵਿਸ਼ੇ ਦੀ ਵਿਆਖਿਆ ਕਰਨ ਦਾ ਢੰਗ ਅਨੋਖਾ ਹੈ ਅਤੇ ਆਪ ਕਲਮ ਦੇ ਧਨੀ ਵੀ ਹਨ। ਆਗਮ -ਅਤੇ ਦਰਸ਼ਨ ਸ਼ਾਸ਼ਤਰ ਦਾ ਡੂੰਘਾ ਅਧਿਐਨ ਆਪ ਨੇ ਕੀਤਾ ਹੈ।

# वंदना

मंगलं भगवान वीरो, मंगलं गौत्तमो गणिः
मंगलं स्थूलिभेद्राद्या, जैनधर्मोस्तु मंगलं
सर्वमंगलमांगल्यं, सर्वकल्याणकारणम्
प्रधानं सर्व धर्माणां, जैन जयजि शासनम्

शिवमस्तु सर्व जगतः  परहितनिरता भवन्तु भूतगणाः
दोषाः  प्रयान्तु नाशं सर्वत्र सुखी भवतु लोकः

अर्हन्तो भगन्त इन्द्र महिताः सिद्धाश्च्त्र सिद्धिस्थिताः
आचार्या जिनशासनोर्न्नातिकरा, पूज्या उपाध्यायकाः
श्री सिद्धांन्त=सुपाठका मुनिवरा रत्नत्रया राघ का
पञ्चैते परमंष्ठिनः प्रतिदिनं कुर्वन्तु नो मंगलम्

भवबीजांकुन जनना, रागद्या क्षयमुपागता यस्य
ब्रह्मा व विष्णूर्वा हऐ व चिनो व नमस्तस्मे

सकल शान्ति सुधारससागरं
युचितरं गुणरत्नमहाकरं
भविक पंकज वोध दिवाक्रम
प्रतिदिन प्रणमामि जिनेश्वरम्

# ਤਤਕਰਾ


| | | ਪੰਨਾ |
|---|---|---|
| 1. | ਜੈਨ ਧਰਮ - ਇਤਹਾਸਿਕ ਜਾਣਕਾਰੀ | 23 |
| 2. | ਜੈਨ ਆਚਾਰ ਸਿਧਾਂਤ | 41 |
| 3. | ਜੈਨ ਤੱਤਵ ਦਰਸ਼ਨ | 61 |
| 4. | ਜੈਨ ਸਾਹਿਤ | 88 |
| 5. | ਜੈਨ ਸੰਸਕ੍ਰਿਤੀ | 107 |
| | *ਜੈਨ ਪਰਿਭਾਸ਼ਿਕ ਸ਼ਬਦਕੋਸ਼* | 115 |

# ਜੈਨ ਧਰਮ : ਇਤਿਹਾਸਕ ਜਾਣਕਾਰੀ - 1

**ਜੈਨ ਧਰਮ ਦੀ ਮਹਾਨਤਾ :**

ਜੈਨ ਧਰਮ ਸੰਸਾਰ ਦਾ ਇੱਕ ਮਾਨਵਤਾਵਾਦੀ ਮਹਾਨ ਧਰਮ ਹੈ, ਵਿਗਿਆਨਕ ਦਰਸ਼ਨ ਹੈ, ਇਹ ਆਤਮਾ ਦੇ ਉਚਤਮ ਵਿਕਾਸ ਵਿਚ ਯਕੀਨ ਰੱਖਣ ਵਾਲਾ ਧਰਮ ਹੈ। ਜੋ ਸਾਧਕ ਅਤੇ ਸਾਧਨਾਂ ਦੋਹਾਂ ਦੀ ਪੱਵਿਤਰਤਾ ਅਤੇ ਨਿਰਮਲਤਾ ਵਿੱਚ ਵਿਸ਼ਵਾਸ ਰੱਖਦਾ ਹੈ। ਇਸ ਧਰਮ ਨੇ ਜਾਤਪਾਤ, ਵਰਣ ਅਤੇ ਵਰਗ ਦੀ ਭੇਦ-ਭਾਵਨਾ ਨੂੰ ਸਮਾਪਤ ਕਰਕੇ, ਮਨੁੱਖ ਦੀ ਅਧਿਆਤਮਕ ਸ਼ਕਤੀ ਨੂੰ ਵਿਕਾਸ ਦਾ ਸ਼ੁਭ ਅਵਸਰ ਦੇਣ ਦੀ ਘੋਸ਼ਣਾ ਕੀਤੀ ਹੈ। ਇਸੇ ਲਈ ਇਹ ਹੋਰ ਧਰਮਾਂ ਅਤੇ ਦਰਸ਼ਨਾਂ ਤੋਂ ਵਿਸ਼ੇਸ਼ ਹੈ। ਇਸ ਧਰਮ ਵਿਚ ਵਿਚਾਰ ਤੇ ਆਚਾਰ ਦੀ ਸ਼ੁੱਧੀ 'ਤੇ ਬਰਾਬਰ ਜੋਰ ਦਿੱਤਾ ਗਿਆ ਹੈ।

**ਜੈਨ ਧਰਮ ਦਾ ਇਤਿਹਾਸਕ ਸਰੂਪ :**

ਇਤਿਹਾਸਕ ਨਜ਼ਰ ਤੋਂ ਜੈਨ ਧਰਮ ਸੰਸਾਰ ਦਾ ਸਭ ਤੋਂ ਪ੍ਰਾਚੀਨ ਧਰਮ ਹੈ। ਇਸ ਨੂੰ ਅਨਾਦਿ ਤੇ ਅਨੰਤ ਆਖਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਹ ਧਰਮ ਨਾ ਵੇਦਿਕ ਧਰਮ ਦੀ ਸ਼ਾਖਾ ਹੈ ਅਤੇ ਨਾ ਬੁੱਧ ਧਰਮ ਦੀ, ਸਗੋਂ ਇਹ ਇਕ ਸਰਵਪੱਖੀ ਸੁੰਤਤਰ ਧਰਮ ਹੈ। ਪੁਰਾਤਤਵ, ਭਾਸ਼ਾ ਵਿਗਿਆਨ, ਸਾਹਿਤ ਅਤੇ ਤੱਤਵ ਵਿਗਿਆਨ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਵੈਦਿਕ ਕਾਲ ਤੋਂ ਪਹਿਲਾਂ ਵੀ ਭਾਰਤ ਵਿੱਚ ਇਕ ਬਹੁਤ ਹੀ ਵਿਸ਼ਾਲ ਸੰਸਕ੍ਰਿਤੀ ਸੀ, ਜਿਸ ਨੂੰ ਬਾਹਰੋਂ ਆਉਣ ਵਾਲੇ ਅਖੌਤੀ ਆਰੀਆ ਨੇ ਅਨਾਰੀਆ ਸੰਸਕ੍ਰਿਤੀ ਆਖਿਆ। ਵਿਦਵਾਨਾ ਦਾ ਮਤ ਹੈ ਕਿ ਅਨਾਰੀਆ ਸੰਸਕ੍ਰਿਤੀ ਅਰਥਾਤ ਇਸ ਜਗਤ ਦੀ ਮੂਲ ਸੰਸਕ੍ਰਿਤੀ ਸ਼੍ਰਮਣ ਸੰਸਕ੍ਰਿਤੀ ਜਾਂ ਜੈਨ ਸੰਸਕ੍ਰਿਤੀ ਸੀ। ਵੇਦ ਅਤੇ ਅਵੇਸਤਾ ਵਿੱਚ ਜਿਨ੍ਹਾਂ ਘਟਨਾਵਾਂ ਦਾ ਵਰਨਣ ਹੈ, ਉਸੇ ਪੱਖੋਂ ਅਜਿਹਾ ਮੰਨਿਆ ਜਾਂਦਾ ਹੈ ਕਿ ਆਰੀਆ ਭਾਰਤ ਤੋਂ ਬਾਹਰੋਂ ਆਏ ਸਨ। ਭਾਰਤ ਵਿੱਚ ਆਉਣ ਤੇ ਵਰਾਤਿਆ, ਅਸੁਰ, ਦਾਸ ਅਤੇ ਦਸੂਯੂ ਜਿਹੀਆਂ ਉੱਚ-ਸੰਸਕ੍ਰਿਤੀਆਂ ਭਰਪੂਰ ਜਾਤੀਆਂ ਨਾਲ ਉਨ੍ਹਾਂ ਨੂੰ ਸਘੰਰਸ਼ ਕਰਨਾ ਪਿਆ। ਵੇਦਾਂ ਵਿੱਚ ਉਹਨਾਂ ਦੇ ਵਿਸ਼ਾਲ ਨਗਰਾਂ ਅਤੇ ਵਿਸ਼ਾਲ ਕਾਰੋਬਾਰ ਦਾ ਜ਼ਿਕਰ ਕੀਤਾ ਹੈ। ਉਹਨਾਂ ਦੇ ਆਰੀਆ ਜਾਤੀ ਨਾਲ ਅਨੇਕਾਂ ਯੁੱਧ ਹੋਏ ਸਨ। ਰਿਗ ਵੇਦ ਵਿੱਚ ਆਰੀਆ ਦਿਵੋਦਾਸ ਅਤੇ ਪੁਰਕੁਤਸ ਦੇ ਯੁੱਧ

ਦਾ ਵਰਨਣ ਹੈ, ਜਿਸ ਵਿੱਚ ਇਨ੍ਹਾਂ ਨੇ ਅਨਾਰੀਆ ਜਾਤੀਆਂ ਨੂੰ ਹਰਾਇਆ ਸੀ। ਪਿਛੋਂ ਹੋਰ ਵੈਦਿਕ ਸਾਹਿਤ ਵਿੱਚ ਵੀ ਇਸ ਤਰ੍ਹਾਂ ਦੇ ਹਵਾਲੇ ਮਿਲਦੇ ਹਨ।

ਮੋਹਨਜੋਦੜੋ ਤੇ ਹੜੱਪਾ ਦੇ ਖੰਡ੍ਹਰਾਂ ਨੇ ਪੁਰਾਤੱਤਵ ਖੇਤਰ ਵਿੱਚ ਇੱਕ ਨਵੀਂ ਕ੍ਰਾਂਤੀ ਪੈਦਾ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਸਾਰੇ ਪ੍ਰਾਚੀਨ ਧਰਮ ਤੇ ਦਰਸ਼ਨਾਂ ਦਾ ਸੰਬੰਧ ਆਰੀਆ ਨੂੰ ਮੰਨਿਆ ਜਾਂਦਾ ਸੀ। ਪਰ ਖੁਦਾਈ ਤੋਂ ਪ੍ਰਾਪਤ ਸਾਮੱਗਰੀ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਆਰੀਆ ਦੇ ਭਾਰਤ ਆਉਣ ਤੋਂ ਪਹਿਲਾਂ ਇਥੋਂ ਦੀ ਸੰਸਕ੍ਰਿਤੀ, ਸਭਿਅਤਾ, ਧਰਮ ਤੇ ਦਰਸ਼ਨ ਬਹੁਤ ਹੀ ਉਨੱਤ ਸੀ। ਉਹ ਲੋਕ ਸਭਿਅਤਾ, ਸੰਸਕ੍ਰਿਤੀ , ਕਲਾ ਦੇ ਧਨੀ ਹੀ ਨਹੀਂ ਸਨ, ਸਗੋਂ ਉਹ ਆਤਮ ਵਿਦਿਆ ਦੇ ਡੂੰਘੇ ਅਭਿਆਸੀ ਵੀ ਸਨ। ਪੁਰਾਤੱਤਵ ਵਿਦਵਾਨ ਦਾ ਇਹ ਮੱਤ ਹੈ ਕਿ ਜੋ ਖੰਡ੍ਹਰ ਮਿਲੇ ਹਨ, ਉਨ੍ਹਾਂ ਦਾ ਸੰਬੰਧ ਸੰਸਕ੍ਰਿਤੀ (ਜੈਨ ਸੰਸਕ੍ਰਿਤੀ) ਨਾਲ ਹੈ। ਡਾ. ਹੇਰਾਸ ਅਤੇ ਪ੍ਰੋਫੇਸਰ ਸ਼੍ਰੀ ਕੰਠ ਸ਼ਾਸਤਰੀ ਆਦਿ ਦਾ ਵੀ ਇਹੋ ਮਤ ਹੈ।[1]

ਰਿਗ ਵੇਦ ਤੋਂ ਇਹ ਵੀ ਪਤਾ ਚਲਦਾ ਹੈ ਕਿ ਭਾਰਤ ਵਿੱਚ ਦੋ ਸੰਸਕ੍ਰਿਤੀਆਂ ਸਨ। ਪਹਿਲਾਂ ਉਨ੍ਹਾਂ ਵਿੱਚ ਸੰਘਰਸ਼ ਹੋਇਆ। ਬਾਅਦ ਵਿਚ ਇਹੋ ਸੰਘਰਸ਼ ਆਪਸੀ ਪਿਆਰ ਦੇ ਮਾਹੌਲ ਵਿੱਚ ਬਦਲ ਗਿਆ। ਇਹੋ ਦੋਹਾਂ ਸੰਸਕ੍ਰਿਤਿਆ ਆਰੀਆ ਤੇ ਅਨਾਰੀਆ ਨਾਲ ਪ੍ਰਸਿੱਧ ਹੋਈਆ। ਆਰੀਆ ਸੰਸਕ੍ਰਿਤੀ ਵੈਦਿਕ ਸੰਸਕ੍ਰਿਤੀ ਹੈ ਅਤੇ ਅਨਾਰੀਆ ਸ਼੍ਰਮਣ ਸੰਸਕ੍ਰਿਤੀ ਹੈ।

ਰਿਗਵੇਦ ਵਿੱਚ ਵਾਰਹਤ ਅਤੇ ਆਰਹਤ ਸ਼ਬਦਾਂ ਦਾ ਇਸਤੇਮਾਲ ਹੋਇਆ ਹੈ। 'ਵਾਰਹਤ' ਫਿਰਕੇ ਦੇ ਉਪਾਸਕ ਵੇਦਾਂ ਨੂੰ ਮੰਨਦੇ ਸਨ ਅਤੇ ਯੱਗ, ਹਵਨ ਆਦਿ ਵਿੱਚ ਉਹਨਾਂ ਦਾ ਵਿਸ਼ਵਾਸ਼ ਸੀ। 'ਆਰਹਤ' ਵੇਦ ਅਤੇ ਯੱਗ, ਹਵਨ ਆਦਿ ਵਿੱਚ ਵਿਸ਼ਵਾਸ਼ ਨਹੀਂ ਸਨ ਰੱਖਦੇ। ਉਹ ਅਹਿੰਸਾ ਅਤੇ ਦਿਆ ਵਿੱਚ ਵਿਸ਼ਵਾਸ਼ ਰੱਖਦੇ ਸਨ। ਉਹ ਅਰਹਤ ਉਪਾਸਕ ਸਨ। ਵਿਸ਼ਨੂੰ ਪੁਰਾਣ ਅਨੁਸਾਰ ਆਰਹਤ ਕਰਮ ਕਾਂਡ ਦੇ ਵਿਰੋਧੀ ਸਨ ਅਤੇ ਅਹਿੰਸਾ ਦੇ ਸੰਸਥਾਪਕ ਸਨ।[2] ਪਦਮ ਪੁਰਾਣ, ਭਾਗਵਤ[3] ਆਦਿ ਗ੍ਰੰਥਾਂ ਵਿੱਚ ਵੀ ਆਰਹਤ ਸੰਬੰਧੀ ਅਨੇਕਾਂ ਸਬੂਤ ਮਿਲਦੇ ਹਨ। ਆਰਹਤ ਫਿਰਕਾ ਜੈਨ ਫਿਰਕਾ ਹੀ ਸੀ।

---

1. *ਭਾਰਤੀ ਇਤਿਹਾਸ -ਇਕ ਦਰਿਸ਼ਟੀ -ਡਾ. ਜਯੋਤੀ ਪ੍ਰਸਾਦ ਜੈਨ ਪੰਨਾ 28*
2. *आर्हतं सर्वमेतच्च मुक्तिद्वारम संवृतम्*
   *धर्माद् विमुक्तेरहौऽय नेतस्मादपर:पर: (ਵਿਸਣੂ ਪੁਰਾਣ 3/18/12)*
3. *ਪਦਮਪੁਰਾਣ 13/350*

ਆਰਹਤ ਫਿਰਕੇ ਨੂੰ ਆਰਣਯਕ ਯੁੱਗ ਤੱਕ ਵਾਤਰਸਨਾ ਮੁਨੀ ਜਾਂ ਵਰਾਤਿਆ ਕਿਹਾ ਜਾਣ ਲੱਗਾ। ਵਰਾਤਿਆ ਦਾ ਅਰਥ ਹੈ 'ਵਰਤਾਂ ਦਾ ਪਾਲਨ ਕਰਨ ਵਾਲੇ।' ਅਥਰਵੇਦ ਵਿੱਚ ਬ੍ਰਹਮਚਾਰੀ, ਬ੍ਰਾਹਮਣ ਵਿਸ਼ੇਸ਼ ਪੁਨਵਾਨ, ਵਿਦਵਾਨ, ਸੰਸਾਰ ਦਾ ਮਾਨਯੋਗ ਪੁਰਸ਼ ਵਰਾਤਿਆ ਅਖਵਾਉਂਦਾ ਸੀ।[4] ਰਿਗਵੇਦ ਵਿੱਚ ਜਿਨ੍ਹਾਂ ਵਾਤਰਸ਼ਨਾ ਮੁਨੀਆਂ ਦਾ ਜ਼ਿਕਰ ਹੈ ਉਹ ਆਰਹਤ ਹੀ ਹੋਣੇ ਚਾਹੀਦੇ ਹਨ। ਆਚਾਰੀਆ ਸਾਯਨ ਨੇ ਵਾਤਰਸ਼ਨਾ ਮੁਨੀਆਂ ਨੂੰ ਅਤਿੰਇੰਦਰੀਆਰਥਦਰਸ਼ੀ ਆਖਿਆ ਹੈ।[5] ਕੇਸ਼ੀ ਤੇ ਮੁਨੀ ਵੀ ਵਰਾਤਿਆ ਹੈ।[6] ਸ਼੍ਰੀਮਦ ਭਗਵਤ ਵਿੱਚ ਇਨ੍ਹਾਂ ਮੁਨੀਆਂ ਦੇ ਪ੍ਰਮੁੱਖ ਧਰਮ ਨੇਤਾ ਨੂੰ ਰਿਸ਼ਭ ਦੇਵ ਕਿਹਾ ਗਿਆ ਹੈ, ਜੋ ਨਾਭੀ ਪੁੱਤਰ ਸਨ।[7] ਇਸ ਤੋਂ ਛੁੱਟ ਹੋਰ ਸਬੂਤ ਵੀ ਜੈਨ ਧਰਮ ਦੀ ਪੁਰਾਤਨਤਾ ਨੂੰ ਸਿੱਧ ਕਰਦੇ ਹਨ।

ਜੈਨ ਸਾਹਿਤ ਵਿੱਚ ਵੀ ਜੈਨ ਤੀਰਥੰਕਰਾਂ ਦੇ ਲਈ ਅਰਹਤ ਸ਼ਬਦ ਦਾ ਇਸਤੇਮਾਲ ਹੋਇਆ ਹੈ[8] ਅਤੇ ਉਸ ਅਰਹਤ ਸ਼ਬਦ ਦਾ ਪ੍ਰਯੋਗ ਮੁੱਖ ਰੂਪ ਵਿੱਚ ਭਗਵਾਨ ਪਾਰਸ਼ਵ ਨਿਰਗਰੰਥ ਸ਼ਬਦ ਮੁੱਖ ਰੂਪ ਵਿੱਚ ਪ੍ਰਚਲਿਤ ਹੋਇਆ।[9] ਬੁੱਧ ਸਾਹਿਤ ਵਿੱਚ ਨਿਰਗਰੰਥ ਨਾਥ ਪੁੱਤਰ-ਨਿਗੰਠ ਨਾਤਪੁਤ ਆਖਿਆ ਗਿਆ ਹੈ।[10] ਅਸ਼ੋਕ ਦੇ ਸ਼ਿਲਾਲੇਖਾਂ ਵਿੱਚ ਵੀ ਨਿਗੰਠ ਸ਼ਬਦ ਵਰਤਿਆ ਗਿਆ ਹੈ।[11] ਭਗਵਾਨ ਮਹਾਵੀਰ ਤੋਂ ਬਾਅਦ 8 ਗਣਧਰਾ ਅਤੇ ਆਚਾਰੀਆ ਦੇ ਸਮੇਂ ਤਕ ਨਿਰਗਰੰਥ ਸ਼ਬਦ ਹੀ ਮੁੱਖ ਰੂਪ ਵਿੱਚ ਵਰਤਿਆ ਜਾਂਦਾ ਰਿਹਾ। ਵੈਦਿਕ ਗਰੰਥਾਂ ਵਿੱਚ ਵੀ 'ਨਿਰਗਰੰਥ' ਸ਼ਬਦ ਦਾ ਪ੍ਰਯੋਗ ਹੋਇਆ ਹੈ। ਸਤਵੀਂ ਸਦੀ ਵਿੱਚ ਬੰਗਾਲ ਵਿੱਚ ਨਿਰਗਰੰਥ ਫਿਰਕਾ ਬਹੁਤ ਪ੍ਰਭਾਵਸ਼ਾਲੀ ਫਿਰਕਾ ਸੀ।

---

4. *ਅਥਰਵਵੇਦ ਸ਼ਾਇਣ ਭਾਸ਼ਯ 15/1/1/1*
5. *ਸਾਇਣ ਭਾਸ਼ਯ 10, 136, 2*
6. *ਰਿਗਵੇਦ 10-11-1, 36-1*
7. *ਸ਼੍ਰੀਮਦ ਭਗਵਤ 5-6 -20*
8. *ਕਲਪਸੂਤਰ (ਦੇਵਿੰਦਰ ਮੁਨੀ ਸੰਪਾਦਤ) ਪੰਨਾ 161-62*
9. *ੳ) ਆਚਾਰੰਗ 1-3-1-108*
   *(ਅ) ਭਗਵਤੀ 1-6-386*
10. *ੳ) ਦੀਰਘਨਿਕਾਏ ਸਾਮਾਝਫਲ ਸੁਤ 18-21*
    *ਅ) ਵਿਨੇਪਿਟਕ ਮਹਾਵਗ ਪੰਨਾ 242*
11. *इमे वियापरा हो हति ति निगंठेसु पि-मेकटे*

*ਪ੍ਰਾਚੀਨ ਭਾਰਤੀ ਅਭਿਲੇਖਾਂ ਦਾ ਅਧਿਐਨ, ਭਾਗ-2, ਪੰਨਾ-15*

# 'ਜੈਨ ਧਰਮ' ਸ਼ਬਦ ਦਾ ਇਸਤੇਮਾਲ :

ਦਸ਼ਵੈਕਾਲੀਕ, ਉਤਰਾਧਿਐਨ ਅਤੇ ਸੂਤਰਕ੍ਰਿਤਾਂਗ ਆਗਮ ਸਾਹਿਤ ਵਿੱਚ ਜਿਨ ਸਾਸ਼ਨ, ਜਿਨ ਮਾਰਗ, ਜਿਨ ਪ੍ਰਵਚਨ ਸ਼ਬਦ ਵਰਤੇ ਗਏ ਹਨ। ਪਰ ਜੈਨ ਧਰਮ ਸ਼ਬਦ ਦਾ ਪਹਿਲੀ ਵਾਰ ਇਸਤੇਮਾਲ ਵਿਸ਼ੇਸ਼ਕ ਭਾਸ਼ਯ ਵਿੱਚ ਹੋਇਆ ਹੈ।[12] ਇਹ ਗਰੰਥ ਵਿਕਰਮ ਸੰਮਤ 845 ਦੀ ਰਚਨਾ ਹੈ।

ਮਤੱਸਯ ਪੁਰਾਣ[13] ਵਿੱਚ ਜਿਨ ਧਰਮ ਅਤੇ ਦੇਵੀ ਭਾਗਵਤ[14] ਵਿੱਚ ਜੈਨ ਧਰਮ ਦਾ ਉੱਲੇਖ ਹੈ। ਸਾਰ ਇਹ ਹੈ ਕਿ ਦੇਸ਼ ਕਾਲ ਦੇ ਹਾਲਾਤ ਅਨੁਸਾਰ ਸ਼ਬਦਾਂ ਵਿੱਚ ਬਦਲਾਉ ਆਉਂਦਾ ਰਿਹਾ ਹੈ। ਪਰ ਸ਼ਬਦਾਂ ਦੇ ਬਦਲਣ ਨਾਲ ਜੈਨ ਧਰਮ ਦੇ ਅੰਦਰਲੇ ਰੂਪ ਵਿਚ ਬਦਲਾਉ ਨਹੀਂ ਆਇਆ। ਪ੍ਰੰਪਰਾ ਪੱਖੋਂ ਜੈਨ ਧਰਮ ਦਾ ਸੰਬੰਧ ਭਗਵਾਨ ਰਿਸ਼ਭਦੇਵ ਨਾਲ ਹੈ। ਜਿਵੇਂ ਸ਼ਿਵ ਤੋਂ ਸ਼ੈਵ, ਵਿਸ਼ਨੂੰ ਤੋਂ ਵੈਸ਼ਨਵ ਅਤੇ ਬੁੱਧ ਤੋਂ ਬੁੱਧ ਧਰਮ ਪ੍ਰਚਲਿਤ ਹੋਏ ਹਨ, ਇਸੇ ਤਰ੍ਹਾਂ ਜੈਨ ਧਰਮ ਕਿਸੇ ਖਾਸ ਸਖਸ਼ੀਅਤ ਦੇ ਨਾਂ ਤੇ ਚਾਲੂ ਨਹੀਂ ਹੋਇਆ, ਨਾ ਹੀ ਇਹ ਧਰਮ ਕਿਸੇ ਖਾਸ ਵਿਅਕਤੀ ਦੀ ਪੂਜਾ ਕਰਦਾ ਹੈ। ਇਸ ਧਰਮ ਨੂੰ ਰਿਸ਼ਭਦੇਵ, ਪਾਰਸ਼ਵਨਾਥ ਜਾਂ ਮਹਾਵੀਰ ਦਾ ਧਰਮ ਨਹੀਂ ਆਖਿਆ ਜਾ ਸਕਦਾ। ਇਹ ਅਰਹਤਾਂ ਦਾ ਧਰਮ ਹੈ। ਆਤਮ ਜੇਤੂਆਂ ਦਾ ਧਰਮ ਹੈ। ਇਸ ਲਈ ਇਹ ਜੈਨ ਧਰਮ ਹੈ। ਜੈਨ ਧਰਮ ਦਾ ਸਪੱਸ਼ਟ ਮੱਤ ਹੈ ਕਿ ਕੋਈ ਵੀ ਆਦਮੀ ਅਧਿਆਤਮਿਕ ਤਰੱਕੀ ਕਰਕੇ ਮਨੁੱਖ ਤੋਂ ਮਹਾਂਮਨੁੱਖ, ਆਤਮਾ ਤੋਂ ਪ੍ਰਮਾਤਮਾ ਅਤੇ ਜਨ (ਮਨੁੱਖ) ਤੋਂ ਜਿਨ (ਜੇਤੂ) ਬਣ ਸਕਦਾ ਹੈ, ਤੀਰਥੰਕਰ ਬਣ ਸਕਦਾ ਹੈ, ਜਿਨ ਤੋਂ ਕੇਵਲੀ (ਗਿਆਨੀ) ਬਣ ਸਕਦਾ ਹੈ।

---

12. *ੳ) जेण तित्थं ਵਿਸ਼ੇਸ਼ਾਵਸ਼ਕ ਭਾਸ਼ਯ ਗਾਥਾ 1043*

    *ਅ) तित्थ जइणं - ਓਹੀ ਗਾਥਾ 1045 -1046*

13. *ਮੱਤਸਿਆਪੁਰਾਣ 4/13/54*

14. *गत्वाथ मोहयामस रपिपुत्रान् बृहस्पति*

    *. . . . . . . . . . . . . . . . . . . . .*

    *जैन धर्म क्रत स्वेन यज्ञ निन्दा पर तथा*

    *ਦੇਵੀ ਭਾਗਵਤ 4/13/58*

**ਤੀਰਥੰਕਰ :**

'ਤੀਰਥੰਕਰ' –ਜੈਨ ਧਰਮ ਦਾ ਪ੍ਰਾਚੀਨਤਮ ਪਰਿਭਾਸ਼ਕ ਸ਼ਬਦ ਹੈ। ਆਦਿ ਤੀਰਥੰਕਰ ਰਿਸ਼ਭਦੇਵ ਦੇ ਲਈ ਵੀ **ਤਿਥਯਰ** ਸ਼ਬਦ ਇਸਤੇਮਾਲ ਹੋਇਆ ਹੈ। ਜੈਨ ਪ੍ਰੰਪਰਾ ਵਿੱਚ ਇਸ ਸ਼ਬਦ ਦੀ ਪ੍ਰਮੁੱਖਤਾ ਹੋਣ ਕਾਰਨ ਇਸ ਸ਼ਬਦ ਦਾ ਪ੍ਰਯੋਗ ਬੁੱਧ ਸਾਹਿਤ ਵਿੱਚ ਵੀ ਹੋਇਆ ਹੈ। ਤੀਰਥੰਕਰ ਦਾ ਅਰਥ ਹੈ ਜੋ ਤੀਰਥ ਦਾ ਕਰਤਾ ਜਾਂ ਨਿਰਮਾਤਾ ਹੋਵੇ। ਜੋ ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲੇ ਧਰਮ ਤੀਰਥ ਦੀ ਸਥਾਪਨਾ ਕਰਦੇ ਹਨ, ਉਹ ਵਿਸ਼ੇਸ਼ ਵਿਅਕਤੀ ਤੀਰਥੰਕਰ ਕਹਾਉਂਦੇ ਹਨ। ਅਹਿੰਸਾ, ਅਸਤੇ (ਚੋਰੀ ਨਾ ਕਰਨਾ), ਬ੍ਰਹਮਚਰਯ ਅਤੇ ਅਪਰਿਗ੍ਰਹਿ (ਜ਼ਰੂਰਤ ਤੋਂ ਜ਼ਿਆਦਾ ਚੀਜਾਂ ਨਾ ਇੱਕਠਾ ਕਰਨਾ) ਇਹ ਧਰਮ ਹੈ। ਇਨ੍ਹਾਂ ਧਰਮਾਂ ਨੂੰ ਧਾਰਨ ਕਰਨ ਵਾਲੇ ਸ੍ਰਮਣ (ਸਾਧੂ) ਸ੍ਰਮਣੀ (ਸਾਧਵੀ) ਸ੍ਰਾਵਕ (ਉਪਾਸਕ) ਸ੍ਰਾਵਿਕਾ (ਉਪਾਸਿਕਾ) ਦੇ ਇਸ ਬਹੁਮੁਖੀ ਸੰਘ ਨੂੰ ਧਰਮ ਤੀਰਥ ਆਖਦੇ ਹਨ।[15]

ਸੰਸਕ੍ਰਿਤ ਸਾਹਿਤ ਵਿੱਚ **ਤੀਰਥ** ਸ਼ਬਦ ਘਾਟ ਦੇ ਲਈ ਪ੍ਰਯੋਗ ਕੀਤਾ ਗਿਆ ਹੈ। ਨਾਲ ਹੀ ਸੰਸਾਰ ਸਮੁੰਦਰ ਵਿੱਚ ਦੁਖੀ ਪ੍ਰਾਣੀਆਂ ਨੂੰ ਪਾਰ ਉਤਾਰਨ ਵਾਲੇ ਮਾਰਗ ਨੂੰ ਤੀਰਥ ਕਿਹਾ ਗਿਆ ਹੈ।[16] ਉਸ ਮਾਰਗ ਦੀ ਆਸਾਨ ਵਿਆਖਿਆ ਕਰਨ ਵਾਲੇ ਤੀਰਥੰਕਰ ਹਨ।[17] ਜੈਨ ਧਰਮ ਅਨੁਸਾਰ ਉਹ ਸੰਸਾਰ ਦੀ ਮੋਹ ਮਾਇਆ ਨੂੰ ਛੱਡ ਕੇ ਅਖੰਡ ਅਧਿਆਤਮਕ ਸਾਧਨਾ ਵਿੱਚ ਸਿੱਧੀ ਪ੍ਰਾਪਤ ਕਰ ਪਰਦੇ ਤੋਂ ਰਹਿਤ ਸੰਪੂਰਨ ਗਿਆਨ ਪ੍ਰਾਪਤ ਕਰਦੇ ਹਨ। ਫਿਰ ਸੰਸਾਰ ਦੇ ਸਾਰੇ ਜੀਵਾਂ ਦੇ ਲਈ ਧਰਮ ਦਾ ਉਪਦੇਸ਼ ਦਿੰਦੇ ਹਨ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜੈਨ ਧਰਮ ਨੇ ਤੀਰਥੰਕਰ ਨੂੰ ਈਸ਼ਵਰ ਦਾ ਅਵਤਾਰ ਨਹੀਂ ਮੰਨਿਆ ਅਤੇ ਨਾ ਹੀ ਦੇਵੀ ਸ਼੍ਰਿਸ਼ਟੀ ਦਾ ਅਦਭੁੱਤ ਪ੍ਰਾਣੀ ਮੰਨਿਆ ਗਿਆ ਹੈ। ਜੈਨ ਧਰਮ ਦਾ ਮੱਤ ਹੈ ਕਿ ਤੀਰਥੰਕਰ ਸਾਡੀ ਤਰ੍ਹਾਂ

---

15. *ੳ) ਭਗਵਤੀ 2-8-682 (ਅ) ਸਥਾਨਾਂਗ 4/3/*
*ੲ) ਜੰਬੂਦੀਪਰਿਗਿਆਪਤੀ - ਉਸਹੱਚਰਿਯ।*

16. *तरन्ति महार्णवं येन निमितेन तत्तीर्थम्*
*(-ਯੁਕਤਯਨੁ.ਟੀ.62)*

17. *तीर्यते संसार समुद्रोऽनेननि तीर्थम्*
*तत्करणशीलास्तीर्थकरा:*
*( ਜੀਵਾਭਿਗਮ ਮਲਯਗਿਰਿ ਵਿਰਤੀ 2-142 ਪੰਨਾ 255)*

ਹੀ ਇੱਕ ਦਿਨ ਆਮ ਆਤਮਾ ਦੇ ਰੂਪ ਵਿੱਚ ਪਾਪਾਂ ਦੇ ਚਿੱਕੜ ਵਿਚ ਫਸੇ ਸਨ। ਕਸ਼ਾਏ, ਕਾਮ, ਕਰੋਧ ਆਦਿ ਨਾਲ ਲਿਬੜੇ ਸਨ। ਪਰ ਸਤਿਸੰਗ ਰਾਹੀਂ ਭੇਦ ਵਿਗਿਆਨ (ਆਤਮਾ ਤੇ ਸ਼ਰੀਰ ਦਾ ਗਿਆਨ) ਪ੍ਰਾਪਤ ਹੋਣ ਤੇ ਤੱਤਵ (ਧਰਮ) ਪ੍ਰਤੀ ਰੁਚੀ ਜਾਗਰਿਤ ਹੋਈ। ਆਤਮਾ ਸਵਰੂਪ ਦਾ ਗਿਆਨ ਪ੍ਰਗਟ ਹੋਇਆ, ਤਾਂ ਉਨ੍ਹਾਂ ਵਾਸਨਾ ਨੂੰ ਛੱਡ ਕੇ ਉਪਾਸਨਾ ਨੂੰ ਗ੍ਰਹਿਣ ਕੀਤਾ। ਉੱਚੀ ਤਪ ਤੇ ਸੰਜਮ ਦੀ ਅਰਾਧਨਾ ਕੀਤੀ ਅਤੇ ਇੱਕ ਦਿਨ ਆਤਮਾ ਭਾਵਾਂ ਦੀ ਪਰਮ ਨਿਰਮਲਤਾ (ਪੱਵਿਤਰਤਾ) ਨਾਲ ਤੀਰਥੰਕਰ ਨਾਮ ਕਰਮ ਨੂੰ ਪ੍ਰਾਪਤ (ਬੰਧ) ਕੀਤਾ ਅਤੇ ਫ਼ੇਰ ਉਹ ਤੀਸਰੇ ਭਵ (ਜਨ) ਵਿੱਚ ਤੀਰਥੰਕਰ ਬਣੇ। ਪਰ ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਜਦ ਤੱਕ ਉਹ ਭੋਗ-ਵਿਲਾਸ ਵਿੱਚ ਉਲਝੇ ਹੋਏ ਸਨ, ਤਦ ਤੱਕ ਉਹ ਤੀਰਥੰਕਰ ਨਹੀਂ ਮੰਨੇ ਜਾਂਦੇ ਸਨ। ਤੀਰਥੰਕਰ ਬਣਨ ਲਈ ਆਖਰੀ ਜਨਮ ਵਿੱਚ ਰਾਜ ਸੁੱਖ, ਸੰਸਾਰਿਕ ਵਿਸ਼ੇ ਵਿਕਾਰਾਂ ਨੂੰ ਛੱਡਣਾ ਪੈਂਦਾ ਹੈ। ਉਚੀ ਸਾਧਨਾ ਕਰਨੀ ਪੈਂਦੀ ਹੈ ਅਤੇ ਜਦ ਗਿਆਨ-ਦਰਸ਼ਨ ਦੀ ਰੁਕਾਵਟ ਸ਼ਕਤੀ ਦਾ ਪਰਦਾ ਹਟ ਜਾਂਦਾ ਹੈ, ਮੋਹ ਨਸ਼ਟ ਹੋ ਜਾਂਦਾ ਹੈ ਤਦ ਹੀ ਉਹ ਚਾਰ ਪ੍ਰਕਾਰ ਦੇ ਤੀਰਥ ਦੀ ਸਥਾਪਨਾ ਕਰਕੇ ਤੀਰਥੰਕਰ ਅਖਵਾਉਂਦੇ ਹਨ।

<u>ਉਤਾਰਵਾਦ :</u>

ਇਸ ਪ੍ਰਕਾਰ ਜੈਨ ਧਰਮ ਦਾ ਵਿਸ਼ਵਾਸ਼ ਅਵਤਾਰਵਾਦ ਵਿੱਚ ਨਹੀਂ ਸਗੋਂ ਉਤਾਰਵਾਦ ਵਿੱਚ ਹੈ। ਉਤਾਰਵਾਦ ਦਾ ਅਰਥ ਹੈ - ਮਾਨਵ ਦਾ ਵਿਕਾਰੀ ਜੀਵਨ ਤੋਂ ਉਪਰ ਉਠ ਕੇ ਭਗਵਾਨ ਦੇ ਵਿਕਾਰ ਰਹਿਤ ਰੂਪ ਤੱਕ ਪਹੁੰਚਣ ਜਿਥੋਂ ਉਹ ਮੁੜ ਵਿਕਾਰ ਦਸ਼ਾ ਨੂੰ ਪ੍ਰਾਪਤ ਨਹੀਂ ਕਰਦਾ। ਤੀਰਥੰਕਰ ਬਣਨ ਦੇ ਲਈ ਅੰਦਰਲੀਆਂ ਸ਼ਕਤੀਆਂ ਦਾ ਵਿਕਾਸ ਕਰਨਾ ਅਤਿ ਜ਼ਰੂਰੀ ਹੈ। ਆਤਮ ਸ਼ਕਤੀਆਂ ਦਾ ਸੰਪੂਰਨ ਵਿਕਾਸ ਹੋਣ ਤੇ ਕੋਈ ਵੀ ਆਤਮਾ ਸਰਵੱਗ (ਸਭ ਕੁਝ ਜਾਨਣ ਤੇ ਵੇਖਣ ਵਾਲੀ) ਤੀਰਥੰਕਰ ਜਾਂ ਜਿਨ (ਜੇਤੂ) ਬਣ ਸਕਦੀ ਹੈ।

ਜੈਨ ਧਰਮ ਦਾ ਇਹ ਸਪਸ਼ਟ ਮਤ ਹੈ ਕਿ ਆਤਮ ਵਿਕਾਸ ਦੀ ਦ੍ਰਿਸ਼ਟੀ ਤੋਂ ਤੀਰਥੰਕਰ ਅਤੇ ਸਾਧਾਰਣ ਅਰਿਹੰਤ ਜਾਂ ਸਰਵੱਗ ਵਿੱਚ ਕੋਈ ਫ਼ਰਕ ਨਹੀਂ ਹੈ। ਪਰ ਤੀਰਥੰਕਰਾਂ ਵਿੱਚ ਬਾਹਰੀ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜੋ ਪਿਛਲੇ ਜਨਮਾਂ ਦੇ ਪੁੰਨਾਂ ਕਾਰਨ ਪ੍ਰਾਪਤ ਹੁੰਦੀਆਂ ਹਨ। ਹੋਰ ਮੁਕਤ ਆਤਮਾਵਾਂ ਤੀਰਥੰਕਰਾਂ ਦੀ ਤਰ੍ਹਾਂ ਧਰਮ ਪ੍ਰਚਾਰ ਨਹੀਂ ਕਰ ਸਕਦੀਆਂ। ਇੱਕ ਸਮੇਂ ਵਿੱਚ ਇੱਕ ਸਥਾਨ ਤੇ ਸਰਵੱਗ ਅਨੇਕਾਂ ਹੋ ਸਕਦੇ ਹਨ ਪਰ ਤੀਰਥੰਕਰ ਇੱਕ ਹੀ ਹੋ ਸਕਦਾ ਹੈ।

ਜੈਨ ਆਗਮਾ ਦੀ ਦ੍ਰਿਸ਼ਟੀ ਤੋਂ ਸੰਸਾਰ ਪਰਿਵਰਤਨਸ਼ੀਲ ਹੈ। ਇਸ ਪਰਿਵਰਤਨ ਦੀ ਉਪਮਾ ਚੱਕਰ ਨਾਲ ਕੀਤੀ ਗਈ ਹੈ। ਉਸ ਵਿੱਚ ਲਗਾਤਾਰ ਉਨਤੀ, ਘੱਟ-ਉਨਤੀ, ਵਿਕਾਸ ਤੇ ਪਤਨ ਦਾ ਸਿਲਸਿਲਾ ਚਲਦਾ ਰਹਿੰਦਾ ਹੈ।

ਇਸ ਸਿਲਸਿਲੇ ਨੂੰ ਬਾਰਾਂ ਆਰਿਆਂ ਦੇ ਰੂਪ ਵਿੱਚ ਵੰਡਿਆ ਗਿਆ ਹੈ। ਉਨਤੀ ਨੂੰ ਉਤਸਪਰਨੀ ਕਾਲ ਅਤੇ ਪਤਨ ਨੂੰ ਅਵਸਪਰਨੀ ਕਾਲ ਕਿਹਾ ਜਾਂਦਾ ਹੈ। ਹਰ ਕਾਲ ਦੇ 6-6 ਆਰੇ ਹਨ। ਇਨ੍ਹਾਂ ਆਰਿਆਂ ਦੇ ਵਿਚਕਾਰ ਤੀਰਥੰਕਰ ਹੁੰਦੇ ਹਨ। ਇਸ ਅਵਸਪਰਨੀ ਕਾਲ ਵਿੱਚ ਚੌਵੀ ਤੀਰਥੰਕਰ ਹੋਏ ਹਨ। ਉਨ੍ਹਾਂ ਵਿੱਚੋਂ ਪਹਿਲਾਂ ਤੀਰਥੰਕਰ ਭਗਵਾਨ ਰਿਸ਼ਭਦੇਵ ਸਨ।

**ਭਗਵਾਨ ਰਿਸ਼ਭਦੇਵ :**

ਭਗਵਾਨ ਰਿਸ਼ਭਦੇਵ ਜੈਨ ਆਗਮਾ ਦੇ ਪੱਖੋਂ ਅਵਸਪਰਨੀ ਕਾਲ ਦੇ ਤੀਸਰੇ ਆਰੇ ਦੇ ਅਤ ਵਿੱਚ ਪੈਦਾ ਹੋਏ ਹਨ। ਵੈਦਿਕ ਪੁਰਾਣਾਂ ਅਨੁਸਾਰ ਸਤਿਯੁੱਗ ਤੇ ਅੰਤ ਵਿੱਚ ਹੋਏ ਹਨ। ਰਾਮ ਅਤੇ ਕ੍ਰਿਸ਼ਨ ਤੋਂ ਪਹਿਲਾਂ ਹੋਏ ਸਨ। ਬ੍ਰਹਿਮੰਡ ਪੁਰਾਣ[18] ਵਿੱਚ ਰਿਸ਼ਵਦੇਵ ਨੂੰ ਦਸ ਪ੍ਰਕਾਰ ਦੇ ਧਰਮ ਦਾ ਸੰਸਥਾਪਕ ਮੰਨਿਆ ਗਿਆ ਹੈ। ਭਾਗਵਤ ਵਿੱਚ ਲਿਖਿਆ ਹੈ -ਵਾਸੁਦੇਵ ਨੇ ਅੱਠਵਾਂ ਅਵਤਾਰ ਨਾਭੀ ਅਤੇ ਮਰੂ ਦੇਵੀ ਦੇ ਘਰ ਧਾਰਨ ਕੀਤਾ। ਉਨ੍ਹਾਂ ਰਿਸ਼ਭ ਦੇ ਰੂਪ ਵਿੱਚ ਅਵਤਾਰ ਧਾਰਨ ਕੀਤਾ। ਉਨ੍ਹਾਂ ਸਭ ਆਸ਼ਰਮਾਂ ਰਾਹੀਂ ਨਮਸਕਾਰਯੋਗ ਮਾਰਗ ਵਿਖਾਇਆ।[19]

ਰਿਸ਼ਭਦੇਵ ਦੇ ਸੌ ਪੁੱਤਰ ਸਨ। ਸਾਰੇ ਬ੍ਰਹਮ ਵਿਦਿਆ ਦੇ ਧਨੀ ਸਨ।[20] ਉਨ੍ਹਾਂ ਦੇ ਨੌ ਪੁੱਤਰਾਂ ਨੂੰ ਆਤਮ ਵਿਦਿਆ ਵਿਸ਼ਾਰਦ ਆਖਿਆ ਗਿਆ ਹੈ।

ਉਹਨਾਂ ਦੇ ਵੱਡੇ ਪੁੱਤਰ ਭਰਤ ਪਹਿਲੇ ਚੱਕਰਵਰਤੀ ਰਾਜਾ ਸਨ ਅਤੇ ਉਸਦੇ ਨਾਂ ਤੇ ਇਸ ਦੇਸ਼ ਦਾ ਨਾਂ **ਭਾਰਤਵਰਸ਼** ਪਿਆ। ਉਂਝ ਭਰਤ ਮਹਾਯੋਗੀ ਵੀ ਸਨ।[21] ਖੁਦ ਰਿਸ਼ਭਦੇਵ ਨੂੰ ਭਾਗਵਤ ਦੇ ਲੇਖਕ ਨੇ **ਯੋਗੇਸ਼ਵਰ** ਕਿਹ ਹੈ।[22]

---

*18. इह इक्ष्वाकूकुल वंशोद्भवेन नाभिसूतेन मरुदेव्या नन्दनेन महादेवेन ऋषभेण दशप्रकारो धर्म: स्वयमेव चीर्ण -ਬ੍ਰਹਮੰਡ ਪੁਰਾਣ*

*19. ਸ਼੍ਰੀਮਦਭਾਵਗਤ 1/3/13*

*20. ਉਹੀ 11/2/16*

*21. ਸ਼੍ਰੀਮਦਭਾਗਵਤ 11/2/20*

*22. ਉਹੀ 5/5.7*

ਉਹਨਾ ਵੱਖ-ਵੱਖ ਪ੍ਰਕਾਰ ਦੀਆਂ ਯੋਗ ਕਿਰਿਆਵਾਂ ਨੂੰ ਅਪਣਾਇਆ ਸੀ। ਆਚਾਰੀਆ ਸ਼ੁਭਚੰਦਰ ਨੇ ਉਨ੍ਹਾਂ ਨੂੰ ਯੋਗ ਵਿਦਿਆ ਸੰਸਥਾਪਿਕ ਕਿਹਾ ਹੈ।[23] ਹਠਯੋਗ ਪ੍ਰਦੀਪਿਕਾ ਵਿੱਚ ਰਿਸ਼ਭਦੇਵ ਨੂੰ ਹਠਯੋਗ ਵਿਦਿਆ ਦਾ ਉਪਦੇਸ਼ ਦੇਣ ਵਾਲਾ ਮੰਨਿਆ ਹੈ।

ਰਿਸ਼ਭਦੇਵ ਨੇ ਆਪਣੇ ਪੁੱਤਰ ਭਰਤ ਨੂੰ 72 ਕਲਾਵਾਂ ਅਤੇ ਬਾਹੂਬਲੀ ਨੂੰ ਪ੍ਰਾਣੀ ਲੱਛਣ ਵਿਦਿਆ ਦਾ ਗਿਆਨ ਕਰਾਇਆ। ਆਪਣੀ ਪੁੱਤਰੀ ਬ੍ਰਹਮੀ ਨੂੰ ਅਠਾਰਾਂ ਲਿਪੀਆਂ ਦਾ ਅਤੇ ਸੁੰਦਰੀ ਨੂੰ ਗਣਿਤ ਦਾ ਗਿਆਨ ਕਰਾਇਆ। ਇਸਤਰੀਆਂ ਨੂੰ 64 ਕਲਾਵਾਂ ਅਤੇ ਹੋਰ ਲੋਕਾਂ ਨੂੰ ਸੌ ਪ੍ਰਕਾਰ ਦੇ ਸ਼ਿਲਪ ਅਤੇ ਖੇਤੀ ਸੰਬੰਧੀ ਗਿਆਨ ਕਰਾਇਆ।[24]

ਉਹ ਪਹਿਲੇ ਰਾਜਾ ਸਨ। ਉਹਨਾਂ ਨੇ ਰਾਜਨੀਤੀ, ਸਮਾਜਨੀਤੀ ਤੇ ਧਰਮਨੀਤੀ ਆਦਿ ਦਾ ਗਿਆਨ ਕਰਾਇਆ। ਅੰਤ ਵਿੱਚ ਰਾਜ ਛੱਡ ਕੇ ਸਾਧੂ ਦੀਖਿਆ ਗ੍ਰਹਣ ਕੀਤੀ। ਮਹਾਨ ਤਪ ਸਾਧਨਾ ਨਾਲ ਕੇਵਲ ਗਿਆਨ ਪ੍ਰਾਪਤ ਕੀਤਾ।

ਭਗਵਾਨ ਰਿਸ਼ਭਦੇਵ ਦਾ ਜਨਮ ਅਤੇ ਦੀਖਿਆ ਚੇਤ ਵਦੀ 8 ਅਤੇ ਨਿਰਵਾਨ ਮਾਘ ਵਦੀ 13 ਨੂੰ ਹੋਇਆ। ਉਹਨਾਂ ਨੂੰ ਨਿਰਵਾਣ ਭੂਮੀ ਅਸ਼ਟਾਪਦ ਪਰਬਤ ਹੈ।

## ਦੂਸਰੇ 22 ਤੀਰਥੰਕਰ

ਦੂਜੇ ਤੀਰਥੰਕਰ ਅਜੀਤ ਨਾਥ ਸਨ। ਉਹਨਾਂ ਦਾ ਜਨਮ ਸਥਾਨ ਅਯੋਧਿਆ ਸੀ। ਉਹਨਾਂ ਦੇ ਪਿਤਾ ਦਾ ਨਾਂ ਜਿੱਤਸ਼ਤਰੂ ਅਤੇ ਮਾਤਾ ਦਾ ਨਾਂ ਵਿਜੈ ਦੇਵੀ ਸੀ। ਉਹਨਾਂ ਦਾ ਜਨਮ ਮਾਘ ਸੁਦੀ 8 ਅਤੇ ਨਿਰਵਾਣ ਚੇਤ ਸੁਦੀ 5 ਨੂੰ ਹੋਇਆ। ਉਹਨਾਂ ਦੀ ਨਿਰਵਾਣ ਭੂਮੀ ਸੰਮੇਦਸ਼ਿਖਰ ਹੈ।[25]

ਤੀਸਰੇ ਤੀਰਥੰਕਰ ਸੰਭਵ ਨਾਥ ਸਨ। ਉਨ੍ਹਾਂ ਦਾ ਜਨਮ ਸ੍ਰਾਵਸੱਤੀ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਰਾਜਾ ਜਿਤਾਰਿ ਸੀ ਅਤੇ ਮਾਤਾ ਦਾ

---

23. *ਗਿਆਨਾਰਣਵ 1/2*

24. *ਜੰਬੂਦੀਪ ਪਰਗਿਪਤੀ, ਉਸਹੰਚਰਿਯੰ*

25. *ਸਵੇਤਾਂਵਰ ਪਰੰਪਰਾ ਵਿੱਚ ਸਮੇਦ ਸਿਖਰ ਨਾਉਂ ਜ਼ਿਆਦਾ ਪ੍ਰਸਿੱਧ ਹੈ ਅਤੇ ਦਿਗੰਬਰ ਪ੍ਰੰਪਰਾ ਵਿੱਚ ਸਮੇਦ ਸ਼ਿਖਰ ਹੈ। ਸਰਕਾਰੀ ਰਿਕਾਰਡ ਵਿੱਚ ਇਸ ਨੂੰ ਪਾਰਸ਼ਨਾਥ ਹਿਲ ਆਖਦੇ ਹਨ।*

ਨਾਉਂ ਸੈਨਾਦੇਵੀ ਸੀ। ਉਨ੍ਹਾਂ ਆਪਣੇ ਪਿਛਲੇ ਜਨਮ ਵਿੱਚ ਵਿਪੁਲਵਾਹਨ ਰਾਜਾ ਦੇ ਰੂਪ ਵਿੱਚ ਅਕਾਲ ਦੀ ਮਾਰ ਹੇਠ ਆਈ ਪ੍ਰਜਾ ਨੂੰ ਸਾਰਾ ਸ਼ਾਹੀ ਖ਼ਜਾਨਾ ਦਾਨ ਕੀਤਾ ਸੀ। ਉਨ੍ਹਾਂ ਦਾ ਜਨਮ ਮਾਘ ਸੁਦੀ 14 ਨੂੰ ਅਤੇ ਨਿਰਵਾਣ ਚੇਤ ਸੁਦੀ 5 ਨੂੰ ਹੋਇਆ। ਉਹਨਾਂ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਚੌਥੇ ਤੀਰਥੰਕਰ ਅਭਿਨੰਦਨ ਸਨ। ਉਹਨਾਂ ਦਾ ਜਨਮ ਅਯੋਧਿਆ ਵਿੱਚ ਹੋਇਆ ਸੀ। ਪਿਤਾ ਦਾ ਨਾਂ ਰਾਜਾ ਸੰਬਰ ਅਤੇ ਮਾਤਾ ਦਾ ਨਾਂ ਸਿਧਾਰਥਾ ਸੀ। ਉਨ੍ਹਾਂ ਦਾ ਜਨਮ ਮਾਘ ਸੁਦੀ 2 ਅਤੇ ਨਿਰਵਾਣ ਵੈਸਾਖ ਸੁਦੀ 8 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਪੰਜਵੇਂ ਤੀਰਥੰਕਰ **ਸੁਮਤੀ ਨਾਥ** ਦਾ ਜਨਮ ਅਯੋਧਿਆ ਵਿੱਚ ਹੋਇਆ। ਪਿਤਾ ਦਾ ਨਾਂ ਮਹਾਰਾਜਾ ਮੇਘਰਥ ਤੇ ਮਾਤਾ ਦਾ ਨਾਂ ਸੁਮੰਗਲਾ ਦੇਵੀ ਸੀ। ਉਨ੍ਹਾਂ ਦਾ ਜਨਮ ਵੈਸਾਖ ਸੁਦੀ 8 ਨੂੰ ਅਤੇ ਨਿਰਵਾਣ ਚੇਤਰ ਸੁਦੀ 9 ਨੂੰ ਹੋਇਆ। ਜਦੋਂ ਆਪ ਗਰਭ ਵਿੱਚ ਆਏ ਤਾਂ ਮਾਤਾ ਜੀ ਦੀ ਬੁੱਧੀ ਬਹੁਤ ਤੇਜ਼ ਹੋ ਗਈ। ਇਸੇ ਕਾਰਨ ਆਪ ਦਾ ਨਾਂ ਸੁਮਤੀ ਨਾਥ ਰੱਖਿਆ ਗਿਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਛੇਵੇਂ ਤੀਰਥੰਕਰ **ਪਦਮਪ੍ਰਭੂ** ਦਾ ਜਨਮ ਕੋਸ਼ਾਂਬੀ ਵਿਖੇ ਹੋਇਆ। ਪਿਤਾ ਦਾ ਨਾਉਂ ਰਾਜਾ ਸ਼੍ਰੀਧਰ ਅਤੇ ਮਾਤਾ ਦਾ ਨਾਉਂ ਸੁਸੀਮਾ ਸੀ। ਆਪ ਦਾ ਜਨਮ ਕਤਕ ਵਦੀ 12 ਨੂੰ ਤੇ ਨਿਰਵਾਣ ਮਾਘ ਵਦੀ 11 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਸੱਤਵੇਂ ਤੀਰਥੰਕਰ **ਸੁਪਾਰਸ਼ਵਨਾਥ** ਦਾ ਜਨਮ ਕਾਂਸ਼ੀ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਉਂ ਰਾਜਾ ਪ੍ਰਤਿਸ਼ਟ ਅਤੇ ਮਾਤਾ ਦਾ ਨਾਉਂ ਪ੍ਰਿਥਵੀ ਸੀ। ਆਪ ਦਾ ਜਨਮ ਜੇਠ ਸੁਦੀ 12 ਨੂੰ ਅਤੇ ਨਿਰਵਾਣ ਭਾਦੋਂ ਵਦੀ 7 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ

ਅੱਠਵੇਂ ਤੀਰਥੰਕਰ **ਚੰਦਰ ਪ੍ਰਭੂ** ਦਾ ਜਨਮ ਚੰਦਰ ਪੁਰੀ ਨਗਰੀ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਮਹਾਂਸੇਨ ਅਤੇ ਮਾਤਾ ਦਾ ਨਾਂ ਲਖਸ਼ਣਾ ਸੀ। ਉਹਨਾਂ ਦਾ ਜਨਮ ਪੋਹ ਸੁਦੀ 12 ਨੂੰ ਅਤੇ ਨਿਰਵਾਣ ਭਾਦੋਂ ਵਦੀ 7 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਨੌਵੇਂ ਤੀਰਥੰਕਰ **ਸੁਵਿਧੀ ਨਾਥ** ਦਾ ਜਨਮ ਕਾਕੰਦੀ ਨਗਰੀ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਮ ਸੁਗਰੀਵ ਅਤੇ ਮਾਤਾ ਦਾ ਨਾਂ ਰਾਮਾਦੇਵੀ ਸੀ। ਆਪ ਦਾ ਜਨਮ ਮੱਘਰ ਵਦੀ 5 ਨੂੰ ਅਤੇ ਨਿਰਵਾਣ ਭਾਦੋਂ ਸੁਦੀ 9 ਨੂੰ

ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਦਸਵੇਂ ਤੀਰਥੰਕਰ **ਸ਼ੀਤਲ ਨਾਥ** ਦਾ ਜਨਮ ਭੱਦਲਪੁਰ ਨਗਰ ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਂ ਰਾਜਾ ਦ੍ਰਿੜਰਥ ਅਤੇ ਮਾਤਾ ਦਾ ਨਾਂ ਨੰਦਾਰਾਨੀ ਸੀ। ਆਪ ਦਾ ਜਨਮ ਮਾਘ ਵਦੀ 12 ਨੂੰ ਅਤੇ ਨਿਰਵਾਣ ਵੈਸਾਖ ਵਦੀ 2 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਗਿਆਰ੍ਹਵੇਂ ਤੀਰਥੰਕਰ **ਸ਼ਰੇਅੰਸ** ਦਾ ਜਨਮ ਸਿੰਹਲਪੁਰ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਵਿਸ਼ਣੂਸੇਨ ਅਤੇ ਮਾਤਾ ਦਾ ਨਾਂ ਵਿਸ਼ਣਾਦੇਵੀ ਸੀ। ਆਪ ਦਾ ਜਨਮ ਫੱਗਣ ਵਦੀ 12 ਨੂੰ ਅਤੇ ਨਿਰਵਾਣ ਸਾਵਣ ਵਦੀ 2 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਬਾਂਹਰਵੇਂ ਤੀਰਥੰਕਰ **ਵਾਸੂਪੂਜ** ਦਾ ਜਨਮ ਚੰਪਾ ਨਗਰੀ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਵਾਸੂਪੂਜ ਅਤੇ ਮਾਤਾ ਦਾ ਨਾਂਉਂ ਜੈ ਦੇਵੀ ਸੀ। ਆਪ ਦਾ ਜਨਮ ਮਾਘ ਵਦੀ ਤੀਜ ਨੂੰ ਅਤੇ ਨਿਰਵਾਣ ਹਾੜ੍ਹ ਵਦੀ ਸੱਤਵੀਂ ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਤੇਹਰਵੇਂ ਤੀਰਥੰਕਰ **ਵਿਮਲਨਾਥ** ਦਾ ਜਨਮ ਕੰਮਪਿਲਪੁਰ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਰਾਜਾ ਕ੍ਰਿਤਬ੍ਰਮ ਸੀ ਅਤੇ ਮਾਤਾ ਦਾ ਨਾਂ ਸ਼ਿਆਮਾ ਦੇਵੀ ਸੀ। ਆਪ ਦਾ ਜਨਮ ਮਾਘ ਸੁਦੀ 3 ਨੂੰ ਅਤੇ ਨਿਰਵਾਣ ਹਾੜ ਵਦੀ 7 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਚੌਂਹਦਵੇਂ ਤੀਰਥੰਕਰ **ਅਨੰਤਨਾਥ** ਦਾ ਜਨਮ ਅਯੋਧਿਆ ਨਗਰੀ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਉਂ ਰਾਜਾ ਸਿੰਘਸੇਨ ਅਤੇ ਮਾਤਾ ਦਾ ਨਾਂ ਸੁਯਸ਼ ਸੀ। ਆਪ ਦਾ ਜਨਮ ਵੈਸਾਖ ਵਦੀ 3 ਨੂੰ ਅਤੇ ਨਿਰਵਾਣ ਚੇਤ ਸੁਦੀ 5 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਪੰਦਰਵੇਂ ਤੀਰਥੰਕਰ **ਧਰਮ ਨਾਥ** ਦਾ ਜਨਮ ਰਤਨਪੁਰ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਉਂ ਭਾਨੂ ਅਤੇ ਮਾਤਾ ਦਾ ਨਾਉਂ ਸੁਵਰਤਾ ਸੀ। ਆਪ ਦਾ ਜਨਮ ਮਾਘ ਵਦੀ 3 ਨੂੰ ਅਤੇ ਨਿਰਵਾਣ ਜੇਠ ਸੁਦੀ 5 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਸੋਲ੍ਹਵੇਂ ਤੀਰਥੰਕਰ **ਸ਼ਾਂਤੀ ਨਾਥ** ਸਨ। ਉਨ੍ਹਾਂ ਦਾ ਜਨਮ ਹਸਤੀਨਾਪੁਰ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਉਂ ਰਾਜਾ ਵਿਸ਼ਵ ਸੇਨ ਅਤੇ ਮਾਤਾ ਦਾ ਨਾਉਂ ਅਚਿਰਾ ਸੀ। ਆਪ ਦਾ ਜਨਮ ਅਤੇ ਨਿਰਵਾਣ ਜੇਠ ਵਦੀ 13 ਨੂੰ ਹੋਇਆ। ਸਮੇਦ ਸ਼ਿਖਰ ਆਪ ਜੀ ਦੀ ਨਿਰਵਾਣ ਭੂਮੀ ਹੈ। ਸ਼ਾਂਤੀ ਨਾਥ ਜਿਥੇ ਤੀਰਥੰਕਰ ਸਨ ਉਥੇ ਉਹ ਚੱਕਰਵਰਤੀ ਸਮਰਾਟ ਵੀ ਸਨ। ਉਹਨਾਂ ਪਿਛਲੇ

ਜਨਮ ਵਿੱਚ ਰਾਜਾ ਮੇਘ ਰਥ ਦੇ ਰੂਪ ਵਿੱਚ ਕਬੂਤਰ ਦੀ ਰੱਖਿਆ ਲਈ ਬਦਲੇ ਵਿੱਚ ਆਪਣੇ ਸਰੀਰ ਦਾ ਮਾਸ ਕੱਟ ਕੇ ਦਿੱਤਾ ਸੀ। ਆਪ ਦੇ ਗਰਭ ਵਿੱਚ ਆਉਣ ਤੋਂ ਪਹਿਲਾਂ ਦੇਸ਼ ਵਿੱਚ ਭਿੰਅਕਰ ਮਹਾਂਮਾਰੀ ਦਾ ਰੋਗ ਫ਼ੈਲਿਆ ਹੋਇਆ ਸੀ । ਪਰ ਆਪ ਦੇ ਪ੍ਰਤਾਪ ਨਾਲ ਇਹ ਰੋਗ ਮਿਟ ਗਿਆ। ਇਸ ਕਾਰਨ ਆਪ ਦਾ ਨਾਂ ਸ਼ਾਂਤੀ ਨਾਥ ਪਿਆ।

ਸਤਾਰਵੇਂ ਤੀਰਥੰਕਰ **ਕੁੰਥੂ ਨਾਥ** ਸਨ। ਆਪ ਦਾ ਜਨਮ ਸਥਾਨ ਹਸਤਿਨਾਪੁਰ ਸੀ। ਉਹਨਾਂ ਦੇ ਪਿਤਾ ਦਾ ਨਾਂ ਸੁਰ ਰਾਜਾ ਅਤੇ ਮਾਤਾ ਦਾ ਨਾਂ ਸ਼੍ਰੀ ਦੇਵੀ ਸੀ। ਆਪ ਦਾ ਜਨਮ ਵੈਸਾਖ ਵਦੀ 14 ਨੂੰ ਅਤੇ ਨਿਰਵਾਣ ਵੈਸਾਖ ਦੀ 11 ਨੂੰ ਹੋਇਆ। ਆਪ ਛੇਵੇਂ ਚੱਕਰਵਰਤੀ ਵੀ ਸਨ। ਆਪ ਦੀ ਨਿਰਵਾਣ ਸਮੇਦ ਸ਼ਿਖਰ ਹੈ।

ਅਠ੍ਹਾਰਵੇਂ ਤੀਰਥੰਕਰ ਦਾ ਨਾਉਂ **ਅਰਹਨਾਥ** ਸੀ। ਆਪ ਦਾ ਜਨਮ ਹਸਤਿਨਾਪੁਰ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਰਾਜਾ ਸੁਦਰਸ਼ਨ ਅਤੇ ਮਾਤਾ ਦਾ ਨਾਉਂ ਸ਼੍ਰੀ ਦੇਵੀ ਸੀ। ਆਪ ਦਾ ਜਨਮ ਤੇ ਨਿਰਵਾਣ ਮੱਘਰ ਸੁਦੀ 10 ਨੂੰ ਹੋਇਆ। ਆਪ ਤੀਰਥੰਕਰ ਦੇ ਨਾਲ ਹੀ ਸੱਤਵੇਂ ਚੱਕਰਵਰਤੀ ਸਮਰਾਟ ਵੀ ਸਨ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਉਨੀਵੇਂ ਤੀਰਥੰਕਰ ਦਾ ਨਾਉਂ **ਮੱਲੀ ਭਗਵਤੀ** ਸੀ। ਆਪ ਦਾ ਜਨਮ ਸਥਾਨ ਮਿਥਿਲਾ ਨਗਰੀ ਸੀ। ਆਪ ਦੇ ਪਿਤਾ ਦਾ ਨਾਂ ਕੁੰਭ ਰਾਜਾ ਅਤੇ ਮਾਤਾ ਦਾ ਨਾਂ ਪ੍ਰਭਾਵਤੀ ਸੀ। ਆਪ ਦਾ ਜਨਮ ਮੱਘਰ ਸੁਦੀ 11 ਨੂੰ ਹੋਇਆ ਅਤੇ ਫੱਗੁਣ ਵਦੀ 12 ਨੂੰ ਆਪ ਦਾ ਨਿਰਵਾਣ ਸਮੇਦ ਸ਼ਿਖਰ ਵਿਖੇ ਹੋਇਆ। ਵਰਤਮਾਨ 24 ਤੀਰਥੰਕਰਾਂ ਵਿੱਚੋਂ ਆਪ ਇਕੋ ਇਕ ਇਸਤਰੀ ਤੀਰਥੰਕਰ ਸਨ।[26]

ਵੀਹਵੇਂ ਤੀਰਥੰਕਰ **ਮੁਨੀਸੁਵਰਤ** ਸਨ। ਆਪ ਦਾ ਜਨਮ ਸਥਾਨ ਰਾਜਗ੍ਰਹਿ ਨਗਰੀ ਸੀ। ਆਪ ਦੇ ਪਿਤਾ ਦਾ ਨਾਂ ਰਾਜਾ ਸੁਮਿੱਤਰ ਅਤੇ ਮਾਤਾ ਦਾ ਨਾਂ ਪਦਮਾਵਤੀ ਸੀ। ਆਪ ਦਾ ਜਨਮ ਜੇਠ ਵਦੀ 8 ਨੂੰ ਅਤੇ ਨਿਰਵਾਣ ਜੇਠ ਵਦੀ 9 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਇੱਕੀਵੇਂ ਤੀਰਥੰਕਰ ਦਾ ਨਾਉਂ **ਨਮਿ ਨਾਥ** ਸੀ। ਆਪ ਦੀ ਜਨਮ ਭੂਮੀ ਮਿਥਿਲਾ ਸੀ। ਆਪ ਦੇ ਪਿਤਾ ਦਾ ਨਾਂ ਰਾਜਾ ਵਿਜੇ ਸੈਨ ਅਤੇ ਮਾਤਾ ਦਾ

---

26. *ਸਵੇਤਾਂਵਰ ਪ੍ਰੰਪਰਾ ਆਪ ਨੂੰ ਇਸਤਰੀ ਤੀਰਥੰਕਰ ਮੰਨਦੀ ਹੈ ਪਰ ਦਿਗੰਬਰ ਪ੍ਰੰਪਰਾ ਪੁਰਸ਼। ਮੱਲੀ ਨਾਉਂ ਦੋਹਾਂ ਪ੍ਰੰਪਰਾਵਾਂ ਵਿੱਚ ਮਿਲਦਾ ਹੈ।*

ਨਾਂ ਵਪਰਾ ਦੇਵੀ ਸੀ। ਆਪ ਦਾ ਜਨਮ ਸਾਵਨ ਵਦੀ 8 ਨੂੰ ਅਤੇ ਨਿਰਵਾਣ ਵੈਸਾਖ ਵਦੀ 10 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਬਾਈਵੇਂ ਤੀਰਥੰਕਰ ਦਾ ਨਾਂ ਨੇਮਿ ਨਾਥ ਸੀ। ਆਪ ਦਾ ਦੂਸਰਾ ਨਾਂ ਅਰਿਸ਼ਟਨੇਮੀ ਵੀ ਸੀ। ਆਪ ਦਾ ਜਨਮ ਆਗਰਾ ਦੇ ਕਰੀਬ ਸ਼ੋਰੀਪੁਰ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਉਂ ਰਾਜਾ ਸਮੁੰਦਰ ਵਿਜੈ ਅਤੇ ਮਾਤਾ ਦਾ ਨਾਉਂ ਸਿਵਾਂ ਦੇਵੀ ਸੀ। ਆਪ ਦਾ ਜਨਮ ਸਾਵਣ ਸੁਦੀ ਪੰਚਮੀ ਨੂੰ ਅਤੇ ਨਿਰਵਾਣ ਹਾੜ੍ਹ ਸੁਦੀ ਅਸ਼ਟਮੀ ਨੂੰ ਹੋਇਆ ਸੀ। ਆਪ ਦਾ ਨਿਰਵਾਣ ਸੌਰਾਸ਼ਟਰ ਵਿੱਚ ਗਿਰਨਾਰ ਪਰਬਤ ਤੇ ਹੋਇਆ ਸੀ, ਜਿਸਨੂੰ ਰੇਵਤਗਿਰਿ ਵੀ ਆਖਦੇ ਹਨ। ਕਰਮਯੋਗੀ ਸ਼੍ਰੀ ਕ੍ਰਿਸ਼ਨ ਆਪ ਦੇ ਚਾਚੇ ਦੇ ਪੁੱਤਰ ਸਨ। ਆਪ ਦੇ ਉਪਦੇਸ਼ਾਂ ਤੋਂ ਵਾਸੁਦੇਵ ਸ਼੍ਰੀ ਕ੍ਰਿਸ਼ਨ ਬਹੁਤ ਪ੍ਰਭਾਵਿਤ ਸਨ। ਜਦ ਆਪ ਗ੍ਰਹਿਸਥ ਆਸ਼ਰਮ ਵਿੱਚ ਸਨ ਉਸ ਸਮੇਂ ਆਪ ਦੀ ਸ਼ਾਦੀ ਮਹਾਰਾਜਾ ਉਗਰ ਸੈਨ ਦੀ ਸਪੁੱਤਰੀ ਰਾਜਮਤੀ ਨਾਲ ਨਿਸ਼ਚਿਤ ਹੋਈ। ਪਰ ਵਿਆਹ ਦੇ ਸਮੇਂ ਬਾਰਾਤ ਦੇ ਭੋਜਨ ਲਈ, ਪਸ਼ੂ ਹੱਤਿਆ ਵੇਖ ਕੇ ਆਪ ਦਾ ਦਿਲ ਪਿਘਲ ਗਿਆ। ਆਪ ਨੇ ਸੋਚਿਆ ਕਿ ਮੇਰੇ ਵਿਆਹ ਦੇ ਮੌਕੇ ਤੇ ਇਹ ਪਸ਼ੂ ਹੱਤਿਆ ਹੋਵੇਗੀ ਤਾਂ ਮੈਂ ਵਿਆਹ ਨਹੀਂ ਕਰਾਂਗਾ। ਸਿੱਟੇ ਵਜੋਂ ਬਿਨਾਂ ਵਿਆਹ ਕੀਤੇ ਹੀ ਵਾਪਿਸ ਆ ਗਏ। ਆ ਕੇ ਸਾਧੂ ਦੀਖਿਆ ਗ੍ਰਹਿਣ ਕੀਤੀ।

ਜੈਨ ਆਗਮ ਸਾਹਿਤ ਵਿੱਚ ਭਗਵਾਨ ਅਰਿਸ਼ਟਨੇਮੀ ਦੇ ਜੀਵਨ ਪ੍ਰਸੰਗਾਂ ਦਾ ਵਿਸਥਾਰ ਨਾਲ ਵਰਨਣ ਹੈ। ਮਹਾਂਭਾਰਤ [27] ਅਤੇ ਵੇਦਾਂ [28] ਵਿੱਚ ਵੀ ਉਨਾਂ ਦਾ ਵਰਨਣ ਮਿਲਦਾ ਹੈ।

## ਤੀਰਥੰਕਰ ਪਾਰਸ਼ਵ ਨਾਥ

ਤੇਈਵੇਂ ਤੀਰਥੰਕਰ ਭਗਵਾਨ ਪਾਰਸ਼ਵਨਾਥ ਸਨ। ਆਪ ਦੀ ਜਨਮ ਭੂਮੀ ਬਨਾਰਸ ਸੀ। ਆਪ ਦੇ ਪਿਤਾ ਦਾ ਨਾਂ ਰਾਜਾ ਅਸ਼ਵਸੇਨ ਅਤੇ ਮਾਤਾ ਦਾ ਤਾਪਸ ਪ੍ਰੰਪਰਾ ਦੇ ਵਿਵੇਕ ਰਹਿਤ ਅਨੇਕਾਂ ਕਿਰਿਆ ਕਾਂਡਾਂ ਪ੍ਰਚਲਿਤ ਸਨ। ਜਦ ਆਪ ਗ੍ਰਹਿਸਥ ਆਸ਼ਰਮ ਵਿੱਚ ਸਨ ਤਦ ਆਪ ਨੇ ਤਾਪਸ ਕਮਠ ਨੂੰ ਧਰਮ

---

*27. ਮਹਾਂਭਾਰਤ ਬਨਪਰਵ 184/8 ਸ਼ਾਂਤੀ ਪਰਵ 288,5-46*

*28. ਰਿਗਵੇਦ 1/14/86/6; 1/28/180/10; 3/4/53/17/10/12/188/1; ਯਜੁਰਵੇਦ 25/10; ਸਾਮਵੇਦ 3/8*

*(ਵਿਸ਼ੇਸ਼ ਜਾਣਕਾਰੀ ਲਈ ਵੇਖੋ ਲੇਖਕ ਦੀ ਪੁਸਤਕ 'ਭਗਵਾਨਅਰਿਸ਼ਟਨੇਮੀ ਅਤੇ ਕਰਮਯੋਗੀ ਸ਼੍ਰੀ ਕ੍ਰਿਸ਼ਨ ਏਕ ਅਨੁਸੀਲਨ)*

ਦਾ ਅਸਲ ਰੂਪ ਦੱਸਿਆ ਅਤੇ ਧੂਣੇ ਵਿੱਚੋਂ ਬੱਲਦੀ ਲੱਕੜ ਵਿੱਚੋਂ ਅੱਧ ਜਲੇ ਸੱਪ ਨੂੰ ਬਾਹਰ ਕੱਢ ਕੇ ਉਹਨਾਂ ਸੱਪਾਂ ਦਾ ਕਲਿਆਣ ਕੀਤਾ। ਕੇਵਲ ਗਿਆਨ ਪ੍ਰਾਪਤ ਹੋਣ ਤੇ ਵਿਵੇਕ ਪ੍ਰਧਾਨ ਧਰਮ ਸਾਧਨਾ ਦਾ ਆਪ ਨੇ ਪ੍ਰਚਾਰ ਕੀਤਾ। ਡਾ. ਹਰਮਨ ਜੇਕੋਬੀ, ਕੋਲ ਬਰੁਕ, ਸਟੀਵੇਨਸਨ, ਐਡਵਰਡ ਥਾਮਸ, ਡਾ. ਬੇਲਬਲਕਰ, ਦਾਸ ਗੁਪਤਾ, ਡਾ. ਰਾਧਾ ਕ੍ਰਿਸ਼ਨ, ਚਾਰਪੇਟਿਰ, ਮਜੂਮਦਾਰ, ਈਲੀਅਟ ਪੁਸਿਨ ਆਦਿ ਪੂਰਬ ਅਤੇ ਪੱਛਮੀ, ਸਾਰੇ ਵਿਦਵਾਨਾਂ ਨੇ ਪਾਰਸ਼ਵ ਨੂੰ ਇਤਹਿਾਸਕ ਪੁਰਸ਼ ਮੰਨਿਆ ਹੈ।[29] ਅਧਿਆਤਮ ਯੋਗੀਆਂ ਨੇ ਭਗਵਾਨ ਨੂੰ ਪਰਮ ਧਿਆਨਯੋਗੀ ਮੰਨਿਆ ਹੈ।

ਬੁੱਧ ਸਾਹਿਤ ਵਿੱਚ ਭਗਵਾਨ ਪਾਰਸ਼ਵ ਦੀ ਹੋਂਦ ਦੇ ਇਸ਼ਾਰੇ ਪ੍ਰਾਪਤ ਹੁੰਦੇ ਹਨ। ਅਗੁੰਤਰ ਨਿਕਾਏ ਦੀ ਅੱਠ ਕਥਾ ਦੇ ਪੱਖੋਂ ਗੌਤਮ ਬੁੱਧ ਦਾ ਚਾਚਾ ਬੁੱਧ ਨਿਰਗਰੰਥ ਉਪਾਸਕ (ਸ਼੍ਰਾਵਕ) ਸੀ। ਬੁੱਧ ਸਾਹਿਤ ਦੇ ਮਹਾਨ ਵਿਦਵਾਨ ਧਰਮਾਨੰਦ ਕੋਸਾਂਬੀ ਨੇ ਲਿਖਿਆ ਹੈ : "ਤਥਾਗਤ ਬੁੱਧ ਨੇ ਆਪਣੇ ਸ਼ੁਰੂ ਦੇ ਜੀਵਨ ਵਿੱਚ ਪਾਰਸ਼ਵ ਨਾਥ ਦੀ ਪ੍ਰੰਪਰਾ ਦਾ ਪਾਲਣ ਕੀਤਾ ਸੀ।" [30] ਇਤਿਹਾਸਕਾਰ ਡਾ. ਰਾਧਾ ਮੁਕਰਜੀ ਅਤੇ ਸ਼੍ਰੀਮਤੀ ਰਾਈਸ ਡੇਵਿਸ ਦਾਂ ਮੱਤ ਹੈ ਕਿ ਬੁੱਧ ਦੀ ਸਾਧਨਾ ਪਰਾਸ਼ਵਨਾਥ ਦੇ ਸਿਧਾਂਤਾਂ ਤੋਂ ਪ੍ਰਭਾਵਿਤ ਸੀ। [31]

ਬੁੱਧ ਫਿਰਕੇ ਵਿੱਚ ਪ੍ਰਚਲਿਤ ਧਿਆਨ ਯੋਗ ਤੇ ਪਾਰਸ਼ਵਨਾਥ ਦੀ ਧਿਆਨ ਸਾਧਨਾ ਸਾਫ਼ ਪ੍ਰਭਾਵ ਵਿਖਾਈ ਦਿੰਦਾ ਹੈ।

## ਭਗਵਾਨ ਮਹਾਵੀਰ

ਚੌਵੀਵੇਂ ਤੀਰਥੰਕਰ ਭਵਗਾਨ ਮਹਾਵੀਰ ਸਨ। ਆਪ ਦੀ ਜਨਮ ਭੂਮੀ ਵੈਸ਼ਾਲੀ ਦਾ ਉਪਨਗਰ ਖਤਰੀ ਕੁੰਡ ਸੀ। ਆਪ ਦੇ ਪਿਤਾ ਦਾ ਨਾਂ ਰਾਜਾ ਸਿਧਾਰਥ ਅਤੇ ਮਾਤਾ ਦਾ ਨਾਂ ਤ੍ਰਿਸ਼ਲਾ ਸੀ। ਆਪ ਦਾ ਜਨਮ ਚੇਤ ਸੁਦੀ

---

*29. ਵੇਖੋ ਭਗਵਾਨ ਪਾਰਸ਼ਵ -ਏਕ ਸਮੀਕਸ਼ਾਤਮਕ ਅਧਿਐਨ (ਦੇਵਿੰਦਰ ਮੁਨੀ ਸ਼ਾਸ਼ਤਰੀ) ਪੰਨਾ 61 ਤੋਂ 69 ਤੱਕ।*

*30. ਵੇਖੋ ਭਗਵਾਨ ਪਾਰਸ਼ਵਨਾਥ ਕਾ ਚਤੁਰਜਾਮ ਧਰਮ (ਧਰਮਾ ਨੰਦ ਕੋਸਾਂਬੀ) ਪਨਾਂ 28- 31*

*31. ੳ) ਹਿੰਦੂ ਸਭਿਅਤਾ (ਰਾਧਾ ਕੁਮਧ ਮੁਖਰਜੀ) ਪੰਨਾ 238*
*ਅ) Gautam the Man (Mrs. Rhy.David) Pg.22-35*
*ੲ) ਵਿਸ਼ੇਸ਼ ਜਾਣਕਾਰੀ ਲਈ ਵੇਖੋ-ਭਗਵਾਨ ਪਾਰਸ਼ਵ ਇੱਕ ਸਮੀਕਸ਼ਾਤਮਕ ਅਧਿਐਨ।*

13 ਅਤੇ ਨਿਰਵਾਣ ਕੱਤਕ ਅਮਾਵਸ (ਦੀਵਾਲੀ) ਨੂੰ ਹੋਇਆ। ਨਿਰਵਾਣ ਭੂਮੀ ਪਾਵਾ ਸੀ। ਆਪ ਦਾ ਜਨਮ ਈ. ਪੂ. 599 ਨੂੰ ਅਤੇ ਨਿਰਵਾਣ ਈ. ਪੂ. 527 ਨੂੰ ਹੋਇਆ। ਭਗਵਾਨ ਮਹਾਵੀਰ ਦੇ ਸਮੇਂ ਹਿੰਸਕ ਯੱਗਾਂ ਦੀ ਪ੍ਰਮੁੱਖਤਾ ਸੀ। ਇਸਤਰੀ ਜਾਤੀ ਦੀ ਦਸ਼ਾ ਬਹੁਤ ਹੀ ਤਰਸਯੋਗ ਸੀ। ਏਕਾਂਤਵਾਦ ਦਾ ਬੋਲਬਾਲਾ ਸੀ। ਜਾਤਪਾਤ ਦੀ ਪ੍ਰਮੁੱਖਤਾ ਸੀ। ਭਗਵਾਨ ਮਹਾਂਵੀਰ ਨੇ ਅਹਿੰਸਾ, ਅਪਰਿਗ੍ਰਹਿ ਅਤੇ ਅਨੇਕਾਂਤ ਦਾ ਪ੍ਰਚਾਰ ਕੀਤਾ। ਇਸਤਰੀ ਜਾਤੀ ਨੂੰ ਸਾਧਵੀ ਅਤੇ ਸ਼੍ਰਾਵਿਕਾ (ਉਪਾਸਿਕਾ) ਦੇ ਰੂਪ ਵਿੱਚ ਅਧਿਆਤਮਕ ਖੇਤਰ ਵਿੱਚ ਇੱਜ਼ਤ ਦਾ ਸਥਾਨ ਦਿੱਤਾ। ਹਰਿਕੇਸ਼ੀ ਆਦਿ ਚੰਡਾਲ ਅਤੇ ਆਰੀਆ-ਅਨਾਰੀਆ, ਬ੍ਰਾਹਮਣ-ਸ਼ੂਦਰ ਵੀ ਉਨ੍ਹਾਂ ਦੇ ਧਰਮਸੰਘ ਵਿੱਚ ਦੀਖਿਅਤ ਹੋਏ। ਉਸ ਯੁੱਗ ਵਿੱਚ ਅੱਠ ਮਹਾਨ ਰਾਜਿਆਂ ਨੇ ਭਗਵਾਨ ਮਹਾਵੀਰ ਤੋਂ ਸ਼੍ਰਮਣ (ਸਾਧੂ) ਜੀਵਨ ਗ੍ਰਹਿਣ ਕੀਤਾ। ਅਨੇਕਾਂ ਰਾਜੇ ਭਗਵਾਨ ਮਹਾਵੀਰ ਦੇ ਉਪਾਸਕ ਸਨ।

ਭਗਵਾਨ ਮਹਾਂਵੀਰ 30 ਸਾਲ ਗ੍ਰਹਿਸਥ ਆਸ਼ਰਮ ਵਿੱਚ ਰਹੇ। ਸਾਢੇ 12 ਸਾਲ ਤਪ ਕੀਤਾ। ਉਨ੍ਹਾਂ 30 ਸਾਲ ਤੱਕ ਤੀਰਥੰਕਰ ਦੇ ਰੂਪ ਵਿੱਚ ਧਰਮ ਪ੍ਰਚਾਰ ਕੀਤਾ। ਅੰਤ ਵਿੱਚ ਪਾਵਾਪੁਰੀ ਵਿਖੇ ਕੱਤਕ ਦੀ ਅਮਾਵਸ ਨੂੰ ਮਹਾਪਰਿ ਨਿਰਵਾਣ ਪ੍ਰਾਪਤ ਕੀਤਾ। ਉਸ ਸਮੇਂ ਨੌ ਮੱਲ ਅਤੇ ਨੌ ਲਿਛੱਵੀ ਇਹ 18 ਗਣਾ ਦੇ ਰਾਜੇ ਹਾਜਰ ਸਨ। ਉਨ੍ਹਾਂ ਅਮਾਵਸ ਦੀ ਰਾਤ ਨੂੰ ਦੀਪਮਾਲਾ ਜਲਾ ਕੇ ਪ੍ਰਕਾਸ਼ ਕੀਤਾ। ਦੇਵਤਿਆਂ ਨੇ ਰਤਨਾਂ ਦੇ ਪ੍ਰਕਾਸ਼ ਨਾਂਲ ਧਰਤੀ ਨੂੰ ਪ੍ਰਕਾਸ਼ਮਾਨ ਕੀਤਾ। ਤਦ ਤੋਂ ਹੀ ਦੀਵਾਲੀ ਉਤਸਵ ਦੀ ਸ਼ੁਰੂਆਤ ਮੰਨੀ ਜਾਂਦੀ ਹੈ।

ਬੁੱਧ ਸਾਹਿਤ ਵਿੱਚ ਭਗਵਾਨ ਮਹਾਵੀਰ ਦੇ ਵੱਲੋਂ ਅਨੇਕਾਂ ਪ੍ਰਮਾਣ ਮਿਲਦੇ ਹਨ। ਮਹਾਵੀਰ ਬੁੱਧ ਦੇ ਸਮਕਾਲੀ ਸਨ।

ਮਹਾਂਵੀਰ ਦੇ ਪ੍ਰੱਮੁਖ ਚੇਲੇ ਇੰਦਰਭੂਤੀ ਗੌਤਮ ਸਨ। ਉਹ ਮਹਾਨ ਪ੍ਰਤਿਭਾ ਦੇ ਧਨੀ ਸਨ। ਜੋ ਸਥਾਨ ਉਪਨਿਸ਼ਦਾਂ ਵਿੱਚ ਉਦਾਲਕ ਦੇ ਸਮਾਨ ਸਵੇਤ ਕੇਤੂ ਦਾ ਹੈ, ਬੁੱਧ ਦੇ ਸਾਹਮਣੇ ਆਨੰਦ ਦਾ ਹੈ। ਉਹ ਸਥਾਨ ਭਗਵਾਨ ਮਹਾਂਵੀਰ ਦੇ ਸਾਹਮਣੇ ਇੰਦਰ ਰੁਤੀ ਗੌਤਮ ਦਾ ਹੈ। ਉਹ ਮਹਾਨ ਜਗਿਆਸੂ ਸਨ। ਉਨ੍ਹਾਂ ਹਜ਼ਾਰਾਂ ਪ੍ਰਸ਼ਨ ਕੀਤੇ, ਜਿਨ੍ਹਾਂ ਦਾ ਅਨੇਕਾਂਤ ਸ਼ੈਲੀ ਵਿੱਚ ਮਹਾਵੀਰ ਨੇ ਉੱਤਰ ਦਿੱਤਾ ਸੀ।

## ਭਗਵਾਨ ਮਹਾਵੀਰ ਤੋਂ ਬਾਅਦ

ਭਗਵਾਨ ਮਹਾਵੀਰ ਤੋਂ ਬਾਅਦ ਆਰੀਆ ਸੁਧਰਮਾ ਉਨ੍ਹਾਂ ਦੀ ਧਰਮ ਗੱਦੀ ਤੇ ਬੈਠੇ ਅਤੇ ਉਨ੍ਹਾਂ ਤੋਂ ਬਾਅਦ ਆਰੀਆ ਜੰਬੂ ਸਵਾਮੀ ਧਰਮ ਗੱਦੀ ਦੇ ਅਧਿਕਾਰੀ ਬਣੇ। ਆਰੀਆ ਜੰਬੂ ਦਾ ਜੀਵਨ ਬਹੁਤ ਹੀ ਅਨੋਖਾ ਤੇ

ਪ੍ਰੇਰਣਾ ਦਾਇਕ ਰਿਹਾ। ਜੋ ਉਨ੍ਹਾਂ ਦੇ ਤਿਆਗ, ਵੈਰਾਗ ਦੀ ਸੋਹਣੀ ਗਾਥਾ ਨੂੰ ਆਮ ਲੋਕਾਂ ਦੇ ਸਾਹਮਣੇ ਪੇਸ਼ ਕਰਦਾ ਹੈ। ਉਹ ਵਰਤਮਾਨ ਅਵਸਵਪਰਨੀ ਕਾਲ ਦੇ ਆਖਰੀ ਕੇਵਲੀ ਸਨ। ਇਥੋਂ ਤਕ ਚਾਲੂ ਆਚਾਰ ਅਤੇ ਵਿਚਾਰ ਦੀ ਸਹਿਜ ਨਿਰਮਲਤਾ ਸਮੇਂ ਦੇ ਪ੍ਰਭਾਵ ਨਾਲ ਹੌਲੀ ਹੌਲੀ ਖਤਮ ਹੋਣ ਲੱਗ ਪਈ। ਉਨ੍ਹਾਂ ਤੋਂ ਬਾਅਦ ਦਸ ਗੱਲਾਂ ਦਾ ਖਾਤਮਾ ਹੋ ਗਿਆ :

1. ਮਨ ਪ੍ਰਜਵਭ ਗਿਆਨ
2. ਪਰਮ ਅਵਧੀ ਗਿਆਨ (ਵਿਸ਼ੇਸ਼ ਗਿਆਨ)
3. ਪੁਲਾਕਲਬਧੀ (ਇਕ ਵਿਸ਼ੇਸ਼ ਸ਼ਕਤੀ)
4. ਆਹਾਰਕ ਸ਼ਕਤੀ (ਗਿਆਨ ਸ਼ਰੀਰ)
5 ਕਸ਼ਪਕ ਸ਼੍ਰੇਣੀ
6. ਉਪਸ਼ਮ ਸ਼੍ਰੇਣੀ
7. ਜਿਨ ਕਲਪ
8. ਸੰਯਮਤ੍ਰਿਕ (ਪਰਿਹਾਰ ਵਿਸ਼ੁਧੀ ਚਾਰਿਤਰ, ਸੁਕਸ਼ਮਸੰਪਰਾਏ ਚਾਰਿੱਤਰ, ਯਥਾ ਖਿਆਤ ਚਾਰਿਤਰ)
9. ਕੇਵਲਯ ਗਿਆਨ (ਅਰਿਹੰਤ ਅਵਸਥਾ)
10. ਸਿਧ ਪਦ (ਮੋਕਸ਼)

ਭਗਵਾਨ ਮਹਾਵੀਰ ਦੇ ਸਮੇਂ ਅਚੇਲ (ਵਸਤਕ ਰਹਿਤ) ਅਤੇ ਸਚੇਲ (ਵਸਤਰ ਸਹਿਤ) ਇਹ ਦੋਵੇਂ (ਮੁਨੀ) ਪ੍ਰੰਪਰਾਵਾਂ ਸਨ। ਸਚੇਲ ਦੇ ਲਈ ਵਸਤਰ ਏਸ਼ਨਾ (ਕਪੜਿਆਂ) ਦਾ ਵਿਧਾਨ ਹੈ ਅਤੇ ਨਾਲ ਹੀ ਅਚੇਲ ਸ਼੍ਰਮਣ ਦਾ ਵੀ ਵਰਨਣ ਹੈ।[32] ਪਰ ਭਗਵਾਨ ਮਹਾਵੀਰ, ਸੁਧਰਮਾ ਅਤੇ ਜੰਬੂ ਸਵਾਮੀ ਵਰਗੀ ਸਖ਼ਸੀਅਤ ਇਨਾ ਪ੍ਰਭਾਵਸ਼ਾਲੀ ਅਤੇ ਮਸਲੇ ਦਾ ਹੱਲ ਕਰਨ ਵਾਲੀ ਸੀ ਕਿ ਸ੍ਰਮਣਾਂ ਵਿੱਚ ਆਚਾਰ ਨੂੰ ਲੈ ਕੇ ਕੋਈ ਮੱਤਭੇਦ ਖੜ੍ਹਾ ਨਾ ਹੋ ਸਕਿਆ। ਉਸ ਤੋਂਬਾਅਦ ਸ੍ਰਮਣ ਸੰਘ ਵਿੱਚ ਮੱਤਭੇਦ ਪੈਦਾ ਹੋ ਗਏ। ਸਚੇਲ ਪ੍ਰੰਪਰਾ ਦੀ ਪ੍ਰਮੁੱਖਤਾ ਸ਼ਵੇਤਾਂਬਰ ਪ੍ਰੰਪਰਾ ਵਿੱਚ ਵੇਖੀ ਜਾ ਸਕਦੀ ਹੈ ਅਤੇ ਅਚੇਲ ਪ੍ਰੰਪਰਾ ਦਾ ਵਿਕਾਸ ਦਿਗੰਬਰ ਪ੍ਰੰਪਰਾ ਵਿੱਚ ਅਤੇ ਇਸ ਮਤਭੇਦ ਨੇ ਆਚਾਰਿਆ ਕੁੰਦਕੁੰਦ ਦੇ ਸਮੇਂ ਹੋਰ ਭਿਆਨਕ ਰੂਪ ਧਾਰਨ ਕਰ, ਅੱਡ ਅੱਡ ਧਾਰਾਵਾਂ ਦਾ ਰੂਪ ਗ੍ਰਹਿਣ ਕੀਤਾ।

---

*32. ਕ) ਆਚਾਰੰਗ 1-1-8-25, 1-1-6*

*ਖ) ਉਤਰਾਧਿਐਨ 2 - 13*

*ਗ) ਕਲਪਸੂਤਰ 9 - 28 - 63*

ਸ਼ਵੇਤਾਵਰ ਅਤੇ ਦਿਗੰਬਰ ਪ੍ਰੰਪਰਾ ਵਿੱਚ ਸ਼ੁਰੂ ਵਿੱਚ ਕੱਪੜੇ ਨੂੰ ਲੈ ਕੇ ਮੱਤਭੇਦ ਸ਼ੁਰੂ ਹੋਇਆ। ਇਸ ਤੋਂ ਬਾਅਦ ਇਸੇ ਸਿਲਸਿਲੇ ਵਿੱਚ ਇਸਤਰੀ ਮੁਕਤੀ, ਕੇਵਲੀ ਦਾ ਭੋਜਨ ਕਰਨ ਆਦਿ ਵਿਸ਼ਿਆਂ ਨੂੰ ਲੈ ਕੇ ਮੱਤਭੇਦ ਗਹਿਰੇ ਹੁੰਦੇ ਗਏ। ਪਰ ਇਹ ਸੱਚ ਹੈ ਕਿ ਸਿਧਾਂਤਿਕ ਅਤੇ ਦਾਰਸ਼ਨਿਕ ਦ੍ਰਿਸ਼ਟੀ ਤੋਂ ਕੋਈ ਮੱਤ-ਭੇਦ ਨਹੀਂ ਹਨ। ਫਿਰ ਵੀ ਆਚਾਰ (ਬਾਹਰਲੇ ਰੂਪ) ਵਿੱਚ ਕੁਝ ਫਰਕ ਹੈ।

ਸ਼ਵੇਤਾਂਬਰ ਪ੍ਰੰਪਰਾ ਵਿੱਚ ਭਿੰਨ ਭਿੰਨ ਗੱਛ (ਫਿਰਕੇ) ਨਿਕਲੇ। 12-12 ਸਾਲਾਂ ਦੇ ਭਿਅੰਕਰ ਅਕਾਲ ਦੇ ਕਾਰਨ ਆਰੀਆ ਸੁਹਸਤੀ ਦੇ ਸਮੇਂ ਸ਼ਿਥਿਲਾਚਾਰ ਗਿਰਾਵਟ ਦੀ ਰੇਖਾ ਪ੍ਰਗਟ ਹੋਈ। ਉਸ ਸਮੇਂ ਉਹ ਖੁਦ ਸਮਰਾਟ ਸੰਮਪ੍ਰਤਿ ਦੇ ਆਚਾਰੀਆ ਗੁਰੂ ਬਣ ਕੇ, ਸੁਖ ਦੇ ਸਾਧਨ ਦਾ ਇਸਤੇਮਾਲ ਕਰਨ ਲੱਗ ਪਏ। ਪਰ ਆਰੀਆ ਸੁਹਸਤੀ, ਆਰੀਆ ਮਹਾਗਿਰਿ ਦਾ ਇਸ਼ਾਰੇ ਪਾ ਕੇ ਸੰਭਲ ਗਏ। ਉਨ੍ਹਾਂ ਦੇ ਸੰਭਲਣ ਤੇ ਵੀ ਇਹ ਗਿਰਾਵਟ ਅੱਗੇ ਹੀ ਵਧਦੀ ਗਈ। ਵੀਰ ਨਿਰਵਾਣ ਦੀ ਨੌਵੀਂ ਸਦੀ ਵਿੱਚ ਚੇਤਯ (ਮੰਦਰ) ਵਾਸ (ਠਹਿਰਨ) ਦੀ ਸਥਾਪਨਾ ਹੋਈ। ਦੇਵ ਅਰਧੀਗਣੀ ਦੇ ਸਵਰਗਵਾਸ ਚੇਤਯਵਾਸ ਪ੍ਰੰਪਰਾ ਹੋਰ ਸ਼ਕਤੀਸ਼ਾਲੀ ਹੋ ਗਈ। ਆਚਾਰੀਆ ਹਰੀਭਦਰ ਨੇ "ਸੰਬੋਧੀ ਪ੍ਰਕਰਣ" ਵਿਚ ਉਨ੍ਹਾਂ (ਚੇਤਯਵਾਸ) ਦੇ ਆਚਾਰ-ਵਿਚਾਰ ਦਾ ਜਿਉਂਦਾ ਜਾਗਦਾ ਚਿਤਰ ਖਿਚਿਆ ਹੈ। ਆਚਾਰੀਆ ਅਭੇ ਦੇਵ, ਦੇਵ ਅਰਧੀਗਣੀ ਤੋਂ ਜਿਨਸ਼ਾਸਨ ਦੀ ਅਸਲ ਪ੍ਰੰਪਰਾ ਨੂੰ ਲੁਪਤ ਮੰਨਦੇ ਹਨ।[33] ਚੇਤਯਵਾਸੀ ਸ਼ਾਖਾ ਦੇ ਪੈਦਾ ਹੋਣ ਦੇ ਨਾਲ, ਇੱਕ ਪਖ ਸੰਵਿੰਘਨ, ਵਿਧਿਮਾਰਗ ਸੁਵਿਹਿਤ ਮਾਰਗ ਅਖਵਾਇਆ।

ਭਗਵਾਨ ਮਹਾਵੀਰ ਤੋਂ ਬਾਅਦ ਸ਼ਵੇਤਾਂਵਰ ਤੇ ਦਿਗੰਬਰ ਦੋਹੇਂ ਪ੍ਰੰਪਰਾਵਾਂ ਵਿੱਚ ਅਨੇਕਾਂ ਗਿਆਨ ਪ੍ਰਕਾਸ਼ਕ ਆਚਾਰੀਆ ਹੋਏ, ਜਿਨ੍ਹਾਂ ਵਿਸ਼ਾਲ ਸਾਹਿਤ ਦੀ ਰਚਨਾ ਕਰਕੇ ਆਪਣੀ ਪ੍ਰਤਿਭਾ ਦੀ ਮਿਸਾਲ ਪੇਸ਼ ਕੀਤੀ ਹੈ ਉਨ੍ਹਾਂ ਸਾਰਿਆਂ ਦੀ ਇਥੇ ਜਾਣਕਾਰੀ ਦੇਣੀ ਅਸੰਭਵ ਹੈ। ਅਸੀਂ ਸਿਰਫ ਦੋਵੇ ਪ੍ਰੰਪਰਾਵਾਂ ਦੇ ਕੁਝ ਪ੍ਰਮੁੱਖ ਆਚਾਰੀਆਂ ਦੇ ਨਾਵਾਂ ਵੱਲ ਹੀ ਇਸ਼ਾਰਾ ਕਰਾਂਗੇ; ਆਚਾਰੀਆ ਭਦਰਵਾਹੁ ਸਵਾਮੀ, ਆਰੀਆ ਸਥੁਲਭੱਦਰ, ਆਰੀਆ ਬਜਰ ਸਵਾਮੀ, ਆਰੀਆ ਦੇਵ ਅਰਿਧੀ ਗਣੀ ਸ਼ਮਾਸ੍ਰਮਣ, ਆਚਾਰੀਆ ਉਮਾਸਵਾਤੀ, ਆਚਾਰੀਆ ਸੀਲਾਂਕ, ਆਚਾਰੀਆ ਹਰੀ ਭਦਰ, ਆਚਾਰੀਆ

---

*33. देवड्ढि खमासमणजाए परंपरं भावाओ वियाणेमि।*
*सिढिलायारे ठविया, दव्वेण परंपरा बहुहा।*

*(ਆਗਮ ਅਸ਼ਟੋਤਰੀ 71)*

ਮਲੈ ਗਿਰਿ, ਆਚਾਰੀਆ ਅਭੈ ਦੇਵ, ਉਪਾਧਿਆ ਯਸ਼ੋਵਿਜੇ, ਆਚਾਰਿਆ ਸਮੇਂ ਸੁੰਦਰ, ਆਚਾਰੀਆ ਕੁੰਦਕੁਦ, ਆਚਾਰੀਆ ਸਮੰਤ ਭੱਦਰ, ਆਚਾਰੀਆ ਯਤੀ ਵਰਿਸ਼ਵ, ਆਚਾਰੀਆ ਜਿਨ ਸੇਨ, ਆਚਾਰੀਆ ਸ਼ੁਭਚੰਦਰ, ਨੇਮੀ ਚੰਦਰ ਸਿਧਾਤ ਚਕਰਵਤੀ, ਅਕੱਲਕ ਦੇਵ, ਵਿਦਿਆਨੰਦ ਪੂਜਯਪਾਦ ਆਦਿ ਅਨੇਕਾਂ ਵਿਦਵਾਨ ਪ੍ਰਭਾਵਕ ਆਚਾਰੀਆ ਅਤੇ ਅਧਿਆਤਮਿਕ ਯੋਗੀ ਆਚਾਰੀਆ ਦੇ ਨਾਉਂ ਵਰਨਣਯੋਗ ਹਨ।

ਸੋਲ੍ਹਵੀਂ ਸਦੀ ਵਿੱਚ ਧਰਮ ਪ੍ਰਾਣ ਵੀਰ ਲੋਕਾ ਸ਼ਾਹ ਨੇ, ਮੂਰਤੀ ਪੂਜਾ ਵਿਰੁੱਧ ਬਗਾਵਤ ਕੀਤੀ। ਨਾਲ ਹੀ ਆਚਾਰ ਦੀ ਕਠੋਰਤਾ ਅਤੇ ਦ੍ਰਿੜਤਾ ਤੇ ਜ਼ੋਰ ਦਿੱਤਾ। ਬਿਕਰਮ ਸੰਮਤ 1666 ਵਿੱਚ ਆਚਾਰੀਆ ਜੀਵਰਾਜ ਜੀ ਮਹਾਰਾਜ ਨੇ ਸਭ ਤੋਂ ਪਹਿਲਾਂ ਪੋਪਾੜ ਵਿਖੇ ਕ੍ਰਿਆ ਦਵਾਰ (ਨਵੇਂ ਸਿਰੇ ਤੋਂ ਕਰਾਂਤੀ) ਕੀਤਾ। ਉਸ ਤੋਂ ਬਾਅਦ ਲਵ ਜੀ ਰਿਸ਼ੀ ਜੀ ਮਹਾਰਾਜ, ਧਰਮ ਸਿੰਘ ਜੀ ਮਹਾਰਾਜ ਅਤੇ ਧਰਮ ਦਾਸ ਜੀ ਮਹਾਰਾਜ ਨੇ ਕ੍ਰਿਆ ਦਵਾਰ ਕੀਤਾ। ਇਹ ਸਭ ਸਥਾਨਕ ਵਾਸੀ ਪ੍ਰੰਪਰਾ ਦੇ ਆਦਿ ਆਚਾਰੀਆ ਸਨ। ਸਥਾਨਕ ਵਾਸੀ ਫਿਰਕੇ ਨੇ ਖਾਲਸ ਆਡੰਬਰ ਰਹਿਤ ਆਰੰਬ-ਪਰਿਗ੍ਰਹਿ (ਹਿੰਸਾ), ਰਹਿਤ, ਧਾਰਮਿਕ ਅਤੇ ਅਧਿਆਤਮਿਕ ਸਾਧਨਾ ਤੇ ਜ਼ੋਰ ਦਿੱਤਾ। ਇਸ ਫਿਰਕੇ ਵਿੱਚ ਅਨੇਕਾਂ ਜੋਤੀ ਪੁੰਜ ਆਚਾਰੀਆ ਹੋਏ। ਵਰਤਮਾਨ ਵਿੱਚ ਸਥਾਨਕ ਵਾਸੀ ਭਿੰਨ ਭਿੰਨ ਫਿਰਕਿਆਂ ਨੂੰ ਮਿਲਾ ਕੇ ਇੱਕ ਸੰਸਥਾ ਦਾ ਨਿਰਮਾਣ ਹੋਇਆ, ਜੋ **ਵਰਧਮਾਨ ਸਥਾਨਕਵਾਸੀ ਜੈਨ ਸ੍ਰਮਣ ਸੰਘ** ਦੇ ਨਾਉਂ ਨਾਲ ਪ੍ਰਸਿੱਧ ਹੈ। ਇਸ ਦੇ ਪਹਿਲੇ ਅਚਾਰੀਆ ਸ੍ਰੀ ਆਤਮਾ ਰਾਮ ਜੀ ਮਹਾਰਾਜ ਸਨ। ਫੇਰ ਰਾਸ਼ਟਰ ਸੰਤ ਆਚਾਰੀਆ ਸ੍ਰੀ ਆਨੰਦ ਰਿਸ਼ੀ ਜੀ ਮਹਾਰਾਜ ਬਣੇ।[34]

ਸਥਾਨਕ ਵਾਸੀ ਫਿਰਕੇ ਦੇ ਆਚਾਰੀਆ ਸ੍ਰੀ ਰਘੂਨਾਥ ਜੀ ਮਹਾਰਾਜ ਦੇ ਇੱਕ ਚੇਲੇ ਭੀਖਣ ਜੀ ਸਨ। ਆਚਾਰ-ਵਿਚਾਰ ਦੇ ਮੱਤਭੇਦ ਹੋਣ ਕਾਰਨ ਉਨ੍ਹਾਂ ਅਠਾਰਵੀਂ ਸਦੀ ਵਿੱਚ ਤੇਰਾਂ ਪੰਥ ਫਿਰਕਾ ਚਾਲੂ ਕੀਤਾ। ਜਿਸ ਦੇ ਵਰਤਮਾਨ ਆਚਾਰੀਆ ਸ਼੍ਰੀ ਮਹਾਪ੍ਰਗਿਆ ਹਨ। ਪਹਿਲੇ ਆਚਾਰਿਆ ਸ਼੍ਰੀ ਤੁਲਸੀ ਜੀ, ਹੁਣ ਇਸ ਫਿਰੰਕੇ ਦੇ ਗਣਾਧਿਪਤਿ ਹਨ।

---

*34. ਵਰਤਮਾਨ ਵਿੱਚ ਸ਼ਵੇਤਾਂਬਰ ਸਥਾਲਕ ਵਾਸੀ ਜੈਨ ਸ੍ਰਮਣ ਸੰਘ ਪ੍ਰੰਪਰਾ ਦੇ ਤੀਸਰੇ ਆਚਾਰੀਆ ਇਸ ਪੁਸਤਕ ਦੇ ਮੂਲ ਲੇਖਕ ਪੂਜਯ ਸ੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਹਨ। ਆਪ ਉਪਾਧਿਆ ਸ੍ਰੀ ਪੁਸ਼ਕਰਮੁਨੀ ਜੀ ਮਹਾਰਾਜ ਦੇ ਚੇਲੇ ਹਨ। ਆਪ ਨੇ ਹਿੰਦੀ ਵਿੱਚ 350 ਤੋਂ ਜ਼ਿਆਦਾ ਗਰੰਥ ਲਿਖੇ ਹਨ।*

ਸ਼ਵੇਤਾਂਬਰ ਮੂਰਤੀ ਪੂਜਕ ਪ੍ਰੰਪਰਾ ਵਿੱਚ ਅਨੇਕਾਂ ਪ੍ਰਭਾਵਸ਼ਾਲੀ ਆਚਾਰੀਆ ਅੱਜ ਕੱਲ੍ਹ ਮੌਜੂਦ ਹਨ। ਇਸ ਪ੍ਰਕਾਰ ਜੈਨ ਧਰਮ ਭਗਵਾਨ ਰਿਸ਼ਭਦੇਵ ਤੋਂ ਲੈ ਕੇ ਵਰਤਮਾਨ ਯੁੱਗ ਤੱਕ ਅਖੰਡ ਰੂਪ ਵਿੱਚ ਚੱਲ ਰਿਹਾ ਹੈ। ਵਰਤਮਾਨ ਵਿੰਚ ਇਸ ਦੇ ਸ਼ਵੇਤਾਵੰਰ ਤੇ ਦਿਗੰਬਰ ਦੋ ਮੁੱਖ ਰੂਪ ਹਨ। ਸ਼ਵੇਤਾਵਰ ਵਿੱਚ ਮੂਰਤੀ ਪੂਜਕ, ਸਥਾਨਕ ਵਾਸੀ ਤੇ ਤੇਰਾਂ ਪੰਥੀ ਇਹ ਤਿੰਨ ਭੇਦ ਹਨ। ਮੂਰਤੀ ਪੂਜਕਾਂ ਵਿੱਚ ਮੂਰਤੀ ਪੂਜਾ ਦਾ ਵਿਧਾਨ ਹੈ। ਦੂਸਰੇ ਦੋ ਫਿਰਕੇ ਮੂਰਤੀ ਪੂਜਾ ਵਿੱਚ ਵਿਸ਼ਵਾਸ ਨਹੀਂ ਰਖਦੇ। ਦਿਗੰਬਰਾਂ ਵਿੱਚ ਮੂਲ ਸੰਘ ਵਿੱਚ ਸੱਤਗੁਣਾ ਗਣ ਦਾ ਵਿਕਾਸ ਹੋਇਆ। ਦੇਵਗਣ, ਸੇਨਗਣ, ਦੇਸ਼ੀਗਣ, ਸੁਰਸਥਗਣ, ਬਲਾਤਕਾਰਗਣ, ਕਾਲੂਰਗਣ ਅਤੇ ਨਿਗਮਾਨਵਯਗਣ। ਯਾਪਨੀਆ ਸੰਘ, ਦਰਾਵਿੜ ਸੰਘ, ਕਾਸ਼ਟ ਸੰਘ, ਮਾਥੁਰ ਸੰਘ ਤੇਰ੍ਹਾਂਪੰਥ, ਬੀਸ ਪੰਥ ਅਤੇ ਤਾਰਣ ਪੰਥ ਆਦਿ ਵੀ ਹਨ।[35] ਦਿਗੰਬਰਾਂ ਵਿੱਚ ਵੀ ਕੁਝ ਮੂਰਤੀ ਪੂਜਕ ਹਨ ਅਤੇ ਕੁਝ ਅਮੂਰਤੀ ਪੂਜਕ।

ਜੈਨ ਧਰਮ ਭਿੰਨ ਭਿੰਨ ਸ਼ਾਖਾਵਾਂ, ਉਪ ਸ਼ਾਖਾਵਾਂ ਵਿੱਚ ਵੰਡਿਆ ਹੋਣ ਦੇ ਬਾਵਜੂਦ ਵੀ ਸਾਰੇ ਜੈਨ ਨਮਸਕਾਰ ਮਹਾਂਮੰਤਰ, ਚੌਵੀ ਤੀਰਥੰਕਰ, ਧਰਮ-ਅਧਰਮ ਆਦਿ ਛੇ ਦਰਵਾਂ, ਨੌਂ ਜਾਂ ਸਤ ਤਤਵਾਂ, ਅਹਿੰਸਾ, ਅਪਿਰਿਗ੍ਰਹਿ, ਅਨੇਕਤਾਵਾਦ, ਕਰਮਵਾਦ ਆਦਿ ਨੂੰ ਮੰਨਦੇ ਹਨ। ਇਸ ਤਰ੍ਹਾਂ ਤੱਤਵ ਦ੍ਰਿਸ਼ਟੀ ਅਤੇ ਸੁਮੇਲ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਇਨ੍ਹਾਂ ਭਿੰਨ ਭਿੰਨ ਸ਼ਾਖਾਵਾਂ, ਉਪ-ਸ਼ਾਖਾਵਾਂ ਵਿੱਚ ਕੋਈ ਖਾਸ ਫਰਕ ਨਹੀਂ ਹੈ। ਆਚਾਰ ਵਿੱਚ ਫਰਕ ਹੋਣ ਤੇ ਵੀ ਤੱਤਵ ਸਬੰਧੀ ਵਿਚਾਰਾਂ ਵਿੱਚ ਕੋਈ ਫਰਕ ਨਹੀਂ।

---

*35. ਦੱਖਣ ਭਾਰਤ ਵਿੱਚ ਜੈਨ ਧਰਮ ਪੰਨਾ 173-82*

# ਜੈਨ ਆਚਾਰ ਸਿਧਾਂਤ - 2

## ਜੈਨ ਧਰਮ - ਇੱਕ ਪ੍ਰਮੁੱਖ ਧਰਮ :

ਧਰਮ ਜਿੰਦਗੀ ਦਾ ਸੰਗੀਤ ਹੈ। ਜ਼ਿੰਦਗੀ ਵਿੱਚ ਸਮਰਸਤਾ, ਸਰਸਤਾ ਅਤੇ ਮਿਠਾਸ ਨੂੰ ਚਾਲੂ ਕਰਕੇ ਉਹ ਮਨ ਤੇ ਦਿਮਾਗ ਨੂੰ ਸਾਫ ਕਰਦਾ ਹੈ। ਵਿਚਾਰ ਸ਼ੁੱਧੀ, ਵਿਰਤੀ ਸ਼ੁੱਧੀ ਅਤੇ ਵਿਵਹਾਰ ਸ਼ੁੱਧੀ ਕਰਦਾ ਹੈ। ਧਰਮ ਆਤਮਾ ਨੂੰ ਮਹਾਤਮਾ ਅਤੇ ਪਰਮਾਤਮਾ ਤੱਕ ਲੈ ਜਾਣ ਵਾਲਾ ਗੁਰੂ ਮੰਤਰ ਹੈ।

ਜੈਨ ਧਰਮ ਭਾਰਤ ਦਾ ਇੱਕ ਪ੍ਰਮੁੱਖ ਧਰਮ ਹੈ। ਇਹ ਜ਼ਿੰਦਗੀ ਵਿੱਚ ਅਧਿਆਤਮਿਕ ਗੁਣਾਂ ਦਾ ਵਿਕਾਸ ਕਰਦਾ ਹੈ। ਜੈਨ ਧਰਮ ਨੇ ਅਧਿਆਤਮਿਕ ਵਿਕਾਸ ਲਈ ਸਮਿਅੱਕ ਦਰਸ਼ਨ, ਸਮਿਅੱਕ ਗਿਆਨ ਅਤੇ ਸਮਿਅੱਕ ਚਾਰਿਤਰ, ਇਨ੍ਹਾਂ ਤਿੰਨ ਰਤਨਾਂ ਤੇ ਜ਼ੋਰ ਦਿੱਤਾ ਹੈ। ਸਮਿਅੱਕ ਦਰਸ਼ਨ ਦਾ ਅਰਥ ਹੈ -- ਸੱਚ ਪ੍ਰਤੀ ਵਿਵੇਕ ਪੂਰਨ ਦ੍ਰਿੜ ਵਿਸ਼ਵਾਸ ਅਤੇ ਦੇਵ-ਅਰਿਹੰਤ ਗੁਰੂ ਨਿਰਗਰੰਥ ਅਤੇ ਧਰਮ ਸਰੱਵਗ ਪ੍ਰਮਾਤਮਾ ਰਾਹੀਂ ਦਸ ਦਿਆਂ ਆਦਿ ਦੇ ਪ੍ਰਤੀ ਸੱਚੀ ਸ਼ਰਧਾ, ਤਤਵਾਂ ਪ੍ਰਤੀ ਸੱਚੀ ਲਗਨ।

ਜੈਨ ਧਰਮ ਨੇ ਰਾਗ ਦਵੇਸ਼ ਵਾਲੀ ਆਤਮਾ ਨੂੰ ਆਪਣਾ ਇਸ਼ਟ ਨਹੀਂ ਮੰਨਿਆ। ਰਾਗ ਦਾ ਅਰਥ ਹੈ ਮਨ ਦੇ ਯੋਗ ਵਸਤੂ ਪ੍ਰਤੀ ਮੋਹ ਅਤੇ ਦਵੇਸ਼ ਦਾ ਅਰਥ ਹੈ ਨਾਪਸੰਦ ਚੀਜ ਪ੍ਰਤੀ ਘਿਰਣਾ। ਰਾਗ ਦਵੇਸ਼ ਤੇ ਜਿੱਤ ਪ੍ਰਾਪਤ ਕਰਨ ਵਾਲਾ ਹੀ 'ਜਿਨ' ਹੈ, ਉਹ ਹੀ ਵੀਤਰਾਗੀ ਹੈ, ਉਸ ਨੂੰ ਅਰਿਹੰਤ ਵੀ ਆਖਦੇ ਹਨ। ਅਰਹਤ ਦਾ ਅਰਥ ਹੈ ਪੂਜਣਯੋਗ। ਉਸ ਨੂੰ ਭਗਵਾਨ ਅਤੇ ਪ੍ਰਮਾਤਮਾ ਵੀ ਆਖਦੇ ਹਨ। ਉਹ ਦੇਵ ਹੈ।

ਜੈਨ ਧਰਮ ਵਿਚ ਗੁਰੂ ਉਸ ਨੂੰ ਮੰਨਿਆ ਗਿਆ ਹੈ, ਜਿਸ ਦਾ ਅਧਿਆਤਮਿਕ ਵਿਕਾਸ ਸਿਖਰ ਤੇ ਹੋਵੇ, ਜਿਸ ਦੀ ਜ਼ਿੰਦਗੀ ਵਿਚ ਗੁਣਾਂ ਦੀ ਪ੍ਰਮੁੱਖਤਾ ਹੋਵੇ ਅਤੇ ਸਭ ਨਾਲ ਬਰਾਬਰੀ ਦੀ ਭਾਵਨਾ ਰਾਹੀਂ ਵੀਤਰਾਗਤਾ ਨੂੰ ਉਜਾਗਰ ਕਰਦਾ ਹੋਵੇ।

ਜੈਨ ਧਰਮ ਮਤ ਹੈ ਕਿ ਧਰਮ ਆਤਮਾ ਦਾ ਦਿਵ ਪ੍ਰਕਾਸ਼ ਹੈ, ਉਹ ਬਾਹਰ ਨਹੀਂ, ਸਗੋਂ ਅੰਦਰ ਹੈ, ਜੋ ਦੁੱਖ ਤੋਂ, ਭੈੜੀ ਗਤਿ ਤੋਂ, ਪਾਪਾਂ ਤੋਂ ਅਤੇ ਗਿਰਾਵਟ ਤੋਂ ਬਚਾ ਕੇ ਉੱਚਾ ਚੁੱਕਦਾ ਹੈ।

ਜੈਨ ਧਰਮ ਨਿਰਗਰੰਥ ਧਰਮ ਹੈ, ਅਰਹਤ ਧਰਮ ਹੈ, ਗਿਆਨਵਾਦ ਦਾ ਧਰਮ ਹੈ ਅਤੇ ਅਹਿੰਸਾ ਦਾ ਧਰਮ ਹੈ। ਜੈਨ ਧਰਮ ਦਾ ਪਾਲਣ ਕਰਨ ਵਾਲਾ ਕਿਸੇ ਵੀ ਜਾਤ ਦਾਂ ਅਤੇ ਕਿਸੇ ਵੀ ਦੇਸ਼ ਦਾ ਆਦਮੀ ਹੋ ਸਕਦਾ ਹੈ, ਭਾਵੇਂ ਉਹ ਹਿੰਦੂ ਹੋਵੇ, ਮੁਸਲਮਾਨ ਹੋਵੇ, ਈਸਾਈ ਹੋਵੇ, ਜਾਂ ਬ੍ਰਾਹਮਣ ਹੋਵੇ ਜਾਂ ਚੰਡਾਲ ਹੋਵੇ। ਜਿਸ ਦੇ ਮਨ ਵਿਚ ਸੱਚ, ਅਹਿੰਸਾ ਆਦਿ ਤੱਤਵਾਂ ਦੇ ਪ੍ਰਤੀ ਸੱਚੀ ਸ਼ਰਧਾ ਹੋਵੇ, ਉਹ ਜੈਨ ਧਰਮ ਦਾ ਉਪਾਸ਼ਕ ਬਣ ਸਕਦਾ ਹੈ।

ਸੰਖੇਪ ਵਿਚ ਜੈਨ ਧਰਮ ਦੇ ਮੁੱਖ ਸਿਧਾਂਤ ਇਸ ਪ੍ਰਕਾਰ ਹਨ :

1. *ਲੋਕ ਅਨਾਦਿ ਤੇ ਅਨੰਤ ਹੈ।*
2. *ਆਤਮਾ ਅਜਰ, ਅਮਰ, ਅਨੰਤ ਅਤੇ ਚੇਤਨਾ ਵਾਲੀ ਹੈ।*
3. *ਆਤਮਾ ਖੁਦ ਕੀਤੇ ਕੰਮਾਂ ਅਨੁਸਾਰ ਜਨਮ ਮਰਨ ਕਰਦੀ ਹੈ।*
4. *ਆਤਮਾ ਹੀ ਪ੍ਰਮਾਤਮਾ ਬਣ ਸਕਦੀ ਹੈ।*
5. *ਆਤਮਾ ਦੀ ਅਸ਼ੁਧ ਸਥਿਤੀ ਸੰਸਾਰ ਅਤੇ ਸ਼ੁਧ ਸਥਿਤੀ ਮੋਕਸ਼ (ਨਿਰਵਾਣ) ਵਾਲੀ ਹੈ।*
6. *ਆਤਮਾ ਦਾ ਅਸ਼ੁਭ ਪਾਸੇ ਲੱਗਣਾ ਪਾਪ ਅਤੇ ਸ਼ੁਭ ਪਾਸੇ ਲੱਗਣਾ ਪੁੰਨ ਹੈ।*
7. *ਅਹਿੰਸਾ, ਸੱਚ, ਅਸਤ (ਚੋਰੀ ਨਾ ਕਰਨਾ) ਬ੍ਰਹਮਚਰਜ, ਨਿਰਲੋਭਤਾ ਆਦਿ ਦਾ ਸੁੱਧ ਪਾਲਣ ਹੀ ਧਰਮ ਹੈ।*
8. *ਧਰਮ ਸਾਧਨਾ ਵਿੱਚ ਜਾਤਪਾਤ, ਲਿੰਗ ਆਦਿ ਦਾ ਕੋਈ ਭੇਦ ਨਹੀਂ ਰਹਿੰਦਾ।*

ਦਰਸ਼ਨ (ਸ਼ਰਧਾ) ਦੀ ਸ਼ੁਧੀ ਹੋਣ ਤੇ ਅਗਿਆਨ ਗਿਆਨ ਦੇ ਰੂਪ ਵਿੱਚ ਬਦਲ ਜਾਂਦਾ ਹੈ ਅਤੇ ਇਸ ਪ੍ਰਕਾਰ ਵਸਤੂ ਦੀ ਸਹੀ ਅਸਲੀਅਤ ਨੂੰ ਜਾਨਣਾ ਸਮਿਅੱਕ ਗਿਆਨ ਹੈ। ਸਮਿਅਕ ਦਰਸ਼ਨ ਤੇ ਸਮਿਅੱਕ ਗਿਆਨ ਦੇ ਨਾਲ ਸਮਿਅੱਕ ਚਾਰਿੱਤਰ (ਆਚਰਣ) ਬਹੁਤ ਜ਼ਰੂਰੀ ਹੈ। ਭਾਰਤੀ ਦਰਸ਼ਨਾਂ ਵਿੱਚ ਨਿਆਏ, ਸਾਂਖਯ, ਵੇਦਾਂਤ ਆਦਿ ਦਰਸ਼ਨ ਗਿਆਨ ਨਾਲ ਹੀ ਮੋਕਸ਼ ਮੰਨਦੇ ਹਨ ਅਤੇ ਮੀਮਾਂਸਕ ਆਦਿ ਦਰਸ਼ਨ ਆਚਰਣ ਤੋਂ ਹੀ ਮੋਕਸ਼ ਮੰਨਦੇ ਹਨ। ਪਰ ਜੈਨ ਦਰਸ਼ਨ, ਗਿਆਨ ਅਤੇ ਕ੍ਰਿਆ ਰਾਹੀਂ ਮੋਕਸ਼ ਸਵੀਕਾਰ ਕਰਦੇ ਹਨ। ਅਧਿਆਤਮਿਕ ਜੀਵਨ ਯਾਤਰਾ ਦੇ ਲਈ ਗਿਆਨ ਹੀ ਅੱਖ ਹੈ ਅਤੇ ਚਰਿਤਰ ਪੈਰ ਹਨ।

ਜੈਨ ਧਰਮ ਵਿੰਚ ਚਰਿਤਰ ਦੇ ਦੋ ਭੇਦ ਕੀਤੇ ਗਏ ਹਨ -ਦੇਸ਼ ਅਤੇ ਸਰਵ। ਜੋ ਅਧੂਰੇ ਰੂਪ ਵਿੱਚ ਤਿਆਗ ਗ੍ਰਹਿਣ ਕੀਤਾ ਜਾਂਦਾ ਹੈ, ਉਹ ਦੇਸ਼ ਚਰਿਤਰ ਹੈ ਅਤੇ ਸੰਪੂਰਨ ਰੂਪ ਵਿਚ ਤਿਆਗ ਸਰਵ ਚਰਿਤਰ ਹੈ। ਦੇਸ਼ ਚਰਿੱਤਰ ਨੂੰ ਗ੍ਰਹਿਣ ਕਰਨ ਵਾਲਾਹ ਸ੍ਰਾਵਕ ਹੈ ਅਤੇ ਸੰਪੂਰਨ ਚਰਿਤਰ ਨੂੰ ਗ੍ਰਹਿਣ ਕਰਨ ਵਾਲਾ ਸ੍ਰਮਣ (ਸਾਧੂ) ਹੈ।

## ਸ਼੍ਰਾਵਕ ਧਰਮ-ਗ੍ਰਹਿਸਥ ਦੀ ਭੂਮਿਕਾ :

ਸ੍ਰਾਵਕ ਬਣਨ ਤੋਂ ਪਹਿਲਾਂ ਗ੍ਰਹਿਸਥੀ ਨੂੰ ਹੇਠ ਲਿਖੇ ਸੱਤ ਕੁਵਿਅੱਸਨ (ਬੁਰੀਆਂ ਆਦਤਾਂ) ਦਾ ਤਿਆਗ ਅਤਿ ਜ਼ਰੂਰੀ ਹੈ : (1) ਜੂਆ (2) ਮਾਸ (3) ਸ਼ਰਾਬ (4) ਵੇਸਵਾ ਦੇ ਘਰ ਜਾਣਾ (5) ਪਰਾਈ ਇਸਤਰੀ ਨਾਲ ਨਜ਼ਾਇਜ ਸਬੰਧ (6) ਸ਼ਿਕਾਰ ਖੇਲਨਾ (7) ਚੋਰੀ ਕਰਨਾ।

ਉਪਰੋਕਤ ਸੱਤ ਕੁਵਿਅੱਸਨਾਂ ਦਾ ਤਿਆਗ ਕਰਨ ਤੋਂ ਬਾਅਦ ਉਸ ਨੂੰ 35 ਮਾਰਗ ਅਨੁਸਾਰੀ ਗੁਣਾਂ ਨੂੰ ਧਾਰਨ ਕਰਨਾ ਅਤਿ ਜ਼ਰੂਰੀ ਹੈ।

1. ਉਹ (ਸ੍ਰਾਵਕ) ਨਿਆਂ ਪੂਰਵਕ ਧਨ ਕਮਾਉਣ ਵਾਲਾ ਹੋਵੇ।
2. ਸ੍ਰੇਸ਼ਟ ਪੁਰਸ਼ਾਂ ਦੇ ਗੁਣਾਂ ਦੀ ਪ੍ਰਸ਼ੰਸਾ ਕਰਨ ਵਾਲਾ ਹੋਵੇ।
3. ਆਪਣੇ ਕੁਲ ਅਤੇ ਸ਼ੀਲ ਦੀ ਤਰ੍ਹਾਂ ਭਿੰਨ ਗੋਤ ਵਾਲਿਆਂ ਨਾਲ ਵਿਆਹ ਸਬੰਧ ਸਥਾਪਿਤ ਕਰਨ ਵਾਲਾ ਹੋਵੇ।
4. ਪਾਪਾਂ ਤੋਂ ਡਰਨ ਵਾਲਾ ਹੋਵੇ।
5. ਉਹ ਪ੍ਰਸਿੱਧ ਅਤੇ ਸਰਬਸਮਤ ਦੇਸ਼ ਦੇ ਕਾਨੂੰਨ ਪਾਲਣ ਕਰਨ ਵਾਲਾ ਹੋਵੇ।
6. ਕਿਸੇ ਦੀ ਅਤੇ ਖਾਸ ਰੂਪ ਵਿਚ ਰਾਜਾ ਆਦਿ ਦੀ ਨਿੰਦਾ ਨਾ ਕਰੇ।
7. ਕਿਸੇ ਅਜਿਹੀ ਥਾਂ ਘਰ ਪਾਵੇ ਜੋ ਨਾ ਤਾਂ ਇਕਦਮ ਖੁਲ੍ਹਾ ਹੋਵੇ ਨਾ ਇਕਦਮ ਬੰਦ।
8. ਘਰ ਦੇ ਬਾਹਰ ਆਉਣ ਨੂੰ ਅਨੇਕਾਂ ਦਰਵਾਜ਼ੇ ਨਾ ਹੋਣ।
9. ਸਦਾਚਾਰੀ ਪੁਰਸ਼ਾਂ ਦੀ ਸੰਗਤ ਕਰੇ।
10. ਮਾਂ-ਪਿਉ ਦੀ ਸੇਵਾ ਭਗਤੀ ਕਰੇ।
11. ਰਗੜੇ-ਝਗੜੇ ਅਤੇ ਬਖੇੜੇ ਵਾਲੀ ਥਾਂ ਤੋਂ ਦੂਰ ਰਹੇ ਅਰਥਾਤ ਚਿਤ ਵਿਚ ਗੁੱਸਾ ਉਤਪੰਨ ਕਰਨ ਵਾਲੀ ਥਾਂ ਤੇ ਨਾ ਰਹੇ।

12. ਕਿਸੇ ਵੀ ਨਿੰਦਾ ਯੋਗ ਕੰਮ ਵਿਚ ਨਾ ਲੱਗੇ।
13. ਆਮਦਨ ਅਨੁਸਾਰ ਖਰਚ ਕਰੇ।
14. ਆਪਣੀ ਆਰਥਿਕ ਸਥਿਤੀ ਅਨੁਸਾਰ ਕੱਪੜੇ ਪਾਏ।
15. ਬੁੱਧੀ ਦੇ ਅੱਠ ਗੁਣਾਂ ਭਰਪੂਰ ਹੋ ਕੇ ਹਰ ਰੋਜ ਧਰਮ ਉਦੇਸ਼ ਸੁਣੇ।
16. ਬੀਮਾਰ ਹੋਣ ਤੇ ਭੋਜਨ ਨਾ ਕਰੇ।
17. ਧਰਮ ਦੇ ਨਾਲ ਅਰਥ ਪੁਰਸ਼ਾਰਥ (ਮੇਹਨਤ) ਕਾਮ ਪੁਰਸ਼ਾਰਥ ਅਤੇ ਮੋਕਸ ਪੁਰਸਾਰਥ ਦੀ ਪੁਰਸ਼ਾਰਥ ਨੂੰ ਇਸ ਤਰ੍ਹਾਂ ਇਸਤੇਮਾਲ ਕਰੇ ਕਿ ਕੋਈ ਇੱਕ ਦੂਸਰੇ ਦੀ ਰੁਕਾਵਟ ਦਾ ਕਾਰਨ ਦਾ ਬਣਨ।
18. ਨਿਯਤ ਸਮੇਂ ਤੇ ਸੰਤੋਖ ਨਾਲ ਭੋਜਨ ਕਰੇ।
19. ਮਹਿਮਾਨ, ਸਾਧੂ ਅਤੇ ਗਰੀਬ, ਲਾਚਾਰ ਦਾ ਯੋਗ ਸਤਿਕਾਰ ਕਰੇ।
20. ਕਿਸੇ ਗਲਤ ਵਿਚਾਰ ਦੇ ਵਸ ਨਾ ਪਵੇ।
21. ਗੁਣਾਂ ਦਾ ਪੱਖਪਾਤੀ ਹੋਵੇ। ਜਿਥੇ ਕਿਤੇ ਗੁਣ ਵਿਖਾਈ ਦੇਣ, ਉਹਨਾਂ ਨੂੰ ਗ੍ਰਹਿਣ ਕਰੇ ਅਤੇ ਉਹਨਾਂ ਦੀ ਪ੍ਰਸ਼ੰਸਾ ਕਰੇ।
22. ਦੇਸ਼ ਤੇ ਕਾਲ (ਸਮੇਂ) ਦੇ ਉਲਟ ਨਾ ਚੱਲੇ।
23. ਆਪਣੀ ਸ਼ਕਤੀ ਤੇ ਕਮਜ਼ੋਰੀ ਨੂੰ ਸਮਝੇ। ਆਪਣੀ ਹਿੰਮਤ ਦਾ ਵਿਚਾਰ ਕਰਕੇ ਹੀ ਕਿਸੇ ਕੰਮ ਨੂੰ ਹੱਥ ਪਾਵੇ। ਹਿੰਮਤ ਤੋਂ ਬਾਹਰ ਕੋਈ ਕੰਮ ਨਾ ਕਰੇ।
24. ਸਦਾਚਾਰੀ ਪੁਰਸ਼ਾਂ ਦੀ ਅਤੇ ਆਪਣੇ ਤੋਂ ਜ਼ਿਆਦਾ ਗਿਆਨਵਾਨ ਪੁਰਸ਼ਾਂ ਦੀ ਵਿਨੈ ਭਗਤੀ ਕਰੇ।
25. ਜਿਨ੍ਹਾਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਉਸ ਉਪਰ ਹੋਵੇ, ਉਨ੍ਹਾਂ ਦਾ ਪਾਲਣ ਪੋਸ਼ਣ ਕਰੇ।
26. ਦੀਰਘਦਰਸ਼ੀ ਹੋਵੇ, ਅਰਥਾਤ ਸਭ ਕੁਝ ਵਿਚਾਰ ਕੇ ਕੰਮ ਕਰੇ।
27. ਆਪਣਾ ਭਲਾ-ਬੁਰਾ ਸਮਝੇ। ਹਿਤ ਅਹਿਤ ਨੂੰ ਸਮਝੇ।
28. ਮਸ਼ਹੂਰ ਬਣੇ, ਅਰਥਾਤ ਆਪਣੇ ਸਦਾਚਾਰ ਅਤੇ ਸੇਵਾ ਕੰਮਾਂ ਰਾਹੀਂ ਜਨਤਾ ਦਾ ਪ੍ਰੇਮ ਹਾਸਲ ਕਰੇ।
29. ਧੰਨਵਾਦੀ ਬਣੇ, ਅਰਥਾਤ ਆਪਣੇ ਪ੍ਰਤੀ ਕੀਤੇ ਗਏ ਉਪਕਾਰ ਨੂੰ ਨਿਮਰਤਾ ਪੂਰਵਕ ਸਵੀਕਾਰ ਕਰੇ।
30. ਲਜਿਆ ਵਾਲਾ ਹੋਵੇ, ਭਾਵ ਬੁਰੇ ਕੰਮਾਂ ਪ੍ਰਤੀ ਸ਼ਰਮ ਅਨੁਭਵ ਕਰੇ।
31. ਰਹਿਮ ਦਿਲ ਹੋਵੇ।

32. ਸਭਿਆਤਾ ਵਾਲਾ ਹੋਵੇ, ਚੇਹਰੇ ਤੇ ਸ਼ਾਂਤੀ ਅਤੇ ਮੁਸਕਰਾਹਟ ਝਲਕਦੀ ਹੋਵੇ।

33. ਪਰਉਪਕਾਰ ਕਰਨ ਵਿਚ ਤਿਆਰ ਰਹੇ। ਦੂਸਰਿਆਂ ਦੀ ਸੇਵਾ ਕਰਨ ਦਾ ਮੌਕਾ ਪਾ ਕੇ ਪਿਛੇ ਨਾ ਹਟੇ।

34. ਕਾਮ, ਕਰੋਧ, ਲੋਭ, ਮੋਹ, ਹੰਕਾਰ, ਨਿੰਦਾ, ਇਨ੍ਹਾਂ ਛੇ ਦੁਸ਼ਮਣਾਂ ਨੂੰ ਜਿੱਤਣ ਵਾਲਾ ਹੋਵੇ।

35. ਇੰਦਰੀਆਂ ਨੂੰ ਵੱਸ ਵਿੱਚ ਰੱਖੇ।

ਇਹਨਾਂ 35 ਗੁਣਾਂ ਦੀ ਨੀਂਹ ਤੇ ਹੀ ਸ੍ਰਾਵਕ ਧਰਮ ਦਾ ਵਿਸ਼ਾਲ ਭਵਨ ਖੜ੍ਹਾ ਹੋ ਸਕਦਾ ਹੈ। ਇਨ੍ਹਾਂ ਨੂੰ ਮਾਰਗ ਅਨੁਸਾਰੀ ਆਖਣ ਦਾ ਅਰਥ ਇਹ ਹੈ ਕਿ ਇਹਨਾਂ ਗੁਣਾਂ ਦੇ ਕਾਰਨ ਮਨੁੱਖ ਧਰਮ ਦੇ ਮਾਰਗ ਤੇ ਚੱਲਣ ਦੀ ਯੋਗਤਾ ਪ੍ਰਾਪਤ ਕਰ ਲੈਂਦਾ ਹੈ।

ਸ੍ਰਾਵਕ ਦੇ 12 **ਵਰਤ** ਹਨ। ਉਨ੍ਹਾਂ ਵਿੱਚ 5 ਨੂੰ **ਅਣੂਵਰਤ** ਆਖਦੇ ਹਨ। ਉਹਨਾਂ ਦੇ ਨਾਉਂ ਇਸ ਪ੍ਰਕਾਰ ਹਨ :

1. **ਸਥੂਲ ਪ੍ਰਾਣਾ ਤਿਪਾਤ ਵਿਰਮਣ** –ਸਥੂਲ (ਮੋਟੇ) ਹਿੰਸਾ ਦਾ ਤਿਆਗ।
2. **ਸਥੂਲ ਮਰਿਸ਼ਾਵਾਦ ਵਿਰਮਣ** –ਸਥੂਲ (ਮੋਟੇ) ਝੂਠ ਦਾ ਤਿਆਗ।
3. **ਸਥੂਲ ਅੱਦਤਾਦਾਨ ਵਿਰਮਣ** –ਸਥੂਲ (ਮੋਟੀ) ਚੋਰੀ ਦਾ ਤਿਆਗ।
4. **ਸਵਦਾਰਾ ਸੰਤੋਸ਼** – ਪਰਾਈ ਔਰਤ ਦਾ ਤਿਆਗ ਕਰਨਾ।
5. **ਇੱਛਾ ਪਰਿਮਾਣ** –ਪਰਿਗ੍ਰਹਿ (ਸੰਪਤੀ ਆਦਿ) ਦੀ ਹੱਦ ਨਿਸ਼ਚਿਤ ਕਰਨਾ।

ਪੰਜ ਅਣੂ ਵਰਤਾਂ ਤੋਂ ਛੁੱਟ ਤਿੰਨ **ਗੁਣਵਰਤ** ਦਾ ਵੀ ਪਾਲਨ ਕੀਤਾ ਜਾਂਦਾਂ ਹੈ ਉਹ ਇਸ ਤਰ੍ਹਾਂ ਹਨ :

1. **ਦ੍ਰਿਸਾ ਪਰਿਮਾਣ ਵਰਤ**–ਦਿਸ਼ਾਵਾਂ ਵਿੱਚ ਘੁੰਮਣ ਦੀ ਹੱਦ ਨਿਸ਼ਚਿਤ ਕਰਨਾ।
2. **ਉਪਭੋਗ**–ਪਰਿਭੋਗ ਪਰਿਮਾਣ ਵਰਤ–ਵਸਤੂਆਂ ਦੀ ਜ਼ਰੂਰਤ ਦੀ ਹੱਦ ਨਿਸ਼ਚਿਤ ਕਰਨਾ, ਜਿਨ੍ਹਾਂ ਨਾਲ ਜੀਵਨ ਵਿਚ ਸਾਦਗੀ ਆਉਂਦੀ ਹੈ।
3. **ਅੰਨਰਥ ਦੰਡ ਵਿਰਮਣ**–ਗੈਰ ਜ਼ਰੂਰੀ ਹਿੰਸਾ ਦਾ ਤਿਆਗ।

ਇਹ ਤਿੰਨੇ ਗੁਣ ਵਰਤ, ਅਣੂਵਰਤ ਰੂਪੀ ਮੂਲ ਗੁਣਾਂ ਦੀ ਰੱਖਿਆ ਦਾ ਵਿਕਾਸ ਕਰਦੇ ਹਨ।

ਤਿੰਨ ਗੁਣਵਰਤਾਂ ਤੋਂ ਬਾਅਦ ਚਾਰ ਸਿੱਖਿਆ ਵਰਤਾਂ ਦਾ ਵੀ

ਸ੍ਰਾਵਕ ਪਾਲਣ ਕਰਦਾ ਹੈ। ਅਣੂਵਰਤ ਅਤੇ ਗੁਣ ਵਰਤ। ਜ਼ਿੰਦਗੀ ਵਿਚ ਇੱਕ ਵਾਰ ਗ੍ਰਹਿਣ ਕੀਤੇ ਜਾਂਦੇ ਹਨ, ਪਰ ਸਿੱਖਿਆ ਵਰਤ ਵਾਰ ਵਾਰ ਗ੍ਰਹਿਣ ਕੀਤੇ ਜਾਂਦੇ ਹਨ, ਜੋ ਕੁਝ ਸਮੇਂ ਲਈ ਹੁੰਦੇ ਹਨ। ਉਹ ਇਸ ਪ੍ਰਕਾਰ ਹਨ :

1. **ਸਾਮਾਇਕ ਵਰਤ** - ਜਿਸ ਸਾਧਨਾ ਨਾਲ ਸਮਭਾਵ ਵਿਚ ਵਾਧਾ ਹੋਵੇ। ਸਾਦਵਯ (ਪਾਪਕਾਰੀ) ਯੋਗ (ਵਿਰਤੀ) ਤੋਂ ਛੁਟਕਾਰਾ ਪਾ ਕੇ ਨਿਰਵਦਯ (ਪਾਪ ਰਹਿਤ) ਯੋਗ (ਵਿਰਤੀ) ਵਿਚ ਲੱਗਿਆ ਜਾਵੇ।
2. **ਦੇਸ਼ਅਵਕਾਸਿਕ ਵਰਤ** : ਕੁਝ ਸਮੇਂ ਦੇ ਲਈ ਅਹਿੰਸਾ ਆਦਿ ਵਰਤਾਂ ਦੀ ਖਾਸ ਸਾਧਨਾ ਕਰਨਾ।
3. **ਪੋਸਧੋ ਉਪਵਾਸ ਵਰਤ** : ਇਕ ਦਿਨ ਇਕ ਰਾਤ ਤੱਕ ਧਰਮ ਸਥਾਨ ਤੇ ਨਿਵਾਸ ਕਰਕੇ ਵਰਤ (ਉਪਵਾਸ) ਕਰਨਾ।
4. **ਅਤਿਥੀ ਸੰਵਿਭਾਗ ਵਰਤ** : ਅਤਿਥਿ (ਸਦਾਚਾਰੀ ਮਨੁੱਖ) ਦੇ ਲਈ, ਆਪਣੇ ਲਈ ਬਣਾਏ ਹੋਏ ਹੋਏ ਜਾਂ ਆਪਣੇ ਅਧਿਕਾਰ ਦੀ ਵਸਤੂ ਦਾ ਉਚਿਤ ਹਿੱਸਾ ਕਰਕੇ ਦੇਣਾ। ਪ੍ਰਾਪਤ ਵਸਤੂਆਂ ਦਾ ਸਵਾਰਥ ਬੁੱਧੀ ਤੋਂ ਇੱਕਲੇ ਇਸਤੇਮਾਲ ਕਰਨਾ ਗਲਤ ਹੈ। ਉਸ ਪਾਪ ਨੂੰ ਧੋਣ ਲਈ ਇਹ ਵਰਤ ਦਾ ਵਿਧਾਨ ਹੈ।

ਸ਼੍ਰਾਵਕ ਦਾ ਘਰ ਦਰਵਾਜਾ ਲੋਕ ਸੇਵਾ ਲਈ ਸਦਾ ਖੁੱਲ੍ਹਾ ਰਹਿੰਦਾ ਹੈ। ਇਹ ਮਾਰਗ ਵਰਤ ਜ਼ਿੰਦਗੀ ਵਿੱਚ ਸਾਦਗੀ, ਸੰਜਮ ਦੀ ਪ੍ਰੇਰਣਾ ਦਿੰਦੇ ਹਨ। ਇਨ੍ਹਾਂ ਦਾ ਮੁੱਖ-ਉਦੇਸ਼ ਹੈ ਮਨੁੱਖ ਘਰ ਤੇ ਪਰਿਵਾਰ ਨਾਲ ਰਹਿ ਕੇ ਵੀ ਪਵਿੱਤਰ ਧਾਰਮਿਕ ਅਤੇ ਤਿਆਗੀ ਜ਼ਿੰਦਗੀ ਗੁਜ਼ਾਰ ਸਕੇ। ਇਨ੍ਹਾਂ ਵਰਤਾਂ ਦਾ ਪਾਲਨ ਹਰ ਆਦਮੀ ਲਈ ਸੰਭਵ ਹੈ। ਇਨ੍ਹਾਂ ਵਰਤਾਂ ਦਾ ਧਾਰਨ ਕਰਨ ਨਾਲ ਸਮਾਜਿਕ ਜ਼ਿੰਦਗੀ ਸੁਖੀ ਹੁੰਦੀ ਹੈ। ਬਾਰਾਂ ਵਰਤਾਂ ਦੇ ਦੋਸ਼ਾਂ (ਅਤਿਚਾਰਾਂ) ਦਾ ਚਿੰਤਨ ਕਰਨ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਾਰੇ ਵਰਤ ਸਮਾਜਿਕ ਜ਼ਿੰਦਗੀ ਦੀ ਉੱਚਤਾ ਤੇ ਪਵਿੱਤਰਤਾ ਦੇ ਮੁੱਖ ਅਧਾਰ ਹਨ। ਇਨ੍ਹਾਂ ਵਰਤਾਂ ਤੋਂ ਵਿਅਕਤੀਗਤ ਜੀਵਨ ਦੇ ਨਾਲ ਹੀ ਸਮਾਜਿਕ ਜੀਵਨ ਸੁਧਰਦਾ ਹੈ। ਕਿਉਂਕਿ ਵਰਤ ਗ੍ਰਹਿਣ ਕਰਨ ਵਾਲਾ ਸ਼੍ਰਾਵਕ ਕਿਸੇ ਦੇ ਨਾਲ ਦੁਰ-ਵਿਵਹਾਰ ਨਹੀਂ ਕਰ ਸਕਦਾ। ਜੋ ਉਸ ਦੇ ਅਧੀਨ ਵਿਅਕਤੀ ਹਨ, ਉਹਨਾਂ ਤੋਂ ਵੀ ਉਨਾ ਹੀ ਕੰਮ ਲੈਂਦਾ ਹੈ ਜਿਸ ਨਾਲ ਉਹਨਾਂ ਨੂੰ ਜ਼ਿਆਦਾ ਕਸ਼ਟ ਮਹਿਸੂਸ ਨਾ ਹੋਵੇ। ਉਹ ਆਪਣੇ ਨੌਕਰਾਂ ਅਤੇ ਆਪਣੇ ਤੇ ਨਿਰਭਰ ਰਹਿਣ ਵਾਲੇ ਮਨੁੱਖਾਂ ਦੇ ਖਾਨ-ਪਾਨ ਵਿੱਚ ਰੁਕਾਵਟ ਨਹੀਂ ਬਣਦਾ। ਕਿਸੇ ਦੀ ਮਜ਼ਬੂਰੀ ਦਾ ਨਜਾਇਜ਼ ਫ਼ਾਇਦਾ ਨਹੀਂ ਉਠਾਉਂਦਾ। ਕਿਸੇ ਦਾ ਭੇਦ ਪ੍ਰਗਟ ਨਹੀਂ ਕਰਦਾ। ਜਾਅਲੀ ਦਸਤਾਵੇਜ਼

ਜਾਂ ਲਿਖਤ ਨਹੀਂ ਲਿਖਵਾਉਂਣਾ, ਕਿਸੇ ਤੇ ਝੂਠਾ ਦੋਸ਼ ਨਹੀਂ ਲਾਉਂਦਾ। ਚੋਰੀ ਕੀਤੀ ਵਸਤੂ ਨਹੀਂ ਖਰੀਦਦਾ, ਕੌਮੀ ਹਿਤਾਂ ਦਾ ਪੂਰਾ ਧਿਆਨ ਰੱਖਦਾ ਹੈ। ਗਲਤ ਤੋਲ, ਗਲਤ ਮਾਪ ਦਾ ਕੰਮ ਨਹੀਂ ਕਰਦਾ। ਸ਼ਕਤੀ ਅਨੁਸਾਰ ਬ੍ਰਹਮਚਰਯ ਦੀ ਸਾਧਨਾ ਕਰਦਾ ਹੈ ਅਤੇ ਜ਼ਿਆਦਾ ਅਤੇ ਫ਼ਾਲਤੂ ਚੀਜ਼ਾਂ ਇੱਕਠਾ ਨਹੀਂ ਕਰਦਾ। ਫ਼ਾਲਤੂ ਉਪਭੋਗ-ਪਰਿਭੋਗ ਵਿੱਚ ਆਉਣ ਵਾਲੇ ਪਦਾਰਥ ਤੇ ਕਾਬੂ ਰੱਖਦਾ ਹੈ। ਫਜ਼ੂਲ ਖਰਚੀ ਆਦਿ ਤੋਂ ਬਚਕੇ ਸੰਜਮੀ ਅਤੇ ਸਮਤਾ ਵਾਲਾ ਜੀਵਨ ਜਿਉਣ ਦੀ ਕੋਸ਼ਿਸ਼ ਕਰਦਾ ਹੈ। ਦਾਨ ਦੀ ਆਦਤ ਦਾ ਵਿਕਾਸ ਕਰਦਾ ਹੈ। ਇਸ ਤਰ੍ਹਾਂ ਇਸ ਆਚਾਰ ਸੰਘਤਾ ਦੇ ਪਾਲਨ ਕਰਨ ਨਾਲ ਉਸ ਦਾ ਜੀਵਨ ਸਾਦਾ, ਸ਼ਾਂਤ ਅਤੇ ਸੁਖੀ ਬਣ ਜਾਂਦਾ ਹੈ।

## ਪ੍ਰਤਿਮਾਵਾਂ :

ਬਾਰ੍ਹਾਂ ਵਰਤਾਂ ਦਾ ਸਮਿਅੱਕ (ਸਹੀ) ਢੰਗ ਨਾਲ ਪਾਲਣ ਕਰਦਾ ਹੋਇਆ ਸ਼੍ਰਾਵਕ ਤਿਆਗ ਵਲ ਵਧਦਾ ਹੈ। ਇੱਕ ਦਿਨ ਆਪਣੇ ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਪੁੱਤਰ ਨੂੰ ਦੇ ਕੇ ਸਾਰੀ ਜ਼ਿੰਦਗੀ ਪੋਸ਼ਧਸ਼ਾਲਾ ਵਿੱਚ ਜਾ ਕੇ ਧਾਰਮਿਕ ਕ੍ਰਿਆਵਾਂ ਵਿੱਚ ਗੁਜ਼ਾਰਦਾ ਹੈ। ਪ੍ਰਤਿਗਿਆ ਵਿਸ਼ੇਸ਼, ਵਰਤ ਵਿਸ਼ੇਸ਼, ਅਭਿਗ੍ਰਹਿ (ਮਨ ਅੰਦਰਲੀ ਗੁਪ ਤੋਂ ਪ੍ਰਤਿਗਿਆ) ਵਿਸ਼ੇਸ਼ ਦੀ ਸਾਧਨਾ ਪ੍ਰਤਿਮਾ ਦੇ ਨਾਉਂ ਨਾਲ ਪਛਾਣੀ ਜਾਂਦੀ ਹੈ। ਪ੍ਰਤਿਮਾ ਵਿੱਚ ਸਥਿਤ ਸ਼੍ਰਾਵਕ ਸਾਧੂ ਦੀ ਤਰ੍ਹਾਂ ਵਰਤਾਂ ਦਾ ਪਾਲਨ ਕਰਦਾ ਹੈ। ਇਹ ਗਿਆਰਾਂ ਪ੍ਰਤਿਮਾਵਾਂ ਇਸ ਪ੍ਰਕਾਰ ਹਨ :

(1) ਦਰਸ਼ਨ (ਸ਼ਰਧਾ) (2) ਵਰਤ (3) ਸਾਮਾਯਿਕ (4) ਪੋਸ਼ਧ
(5) ਨਿਯਮ (6) ਬ੍ਰਹਮਚਰਯ
(7) ਸਚਿਤ (ਕੱਚੇ ਭੋਜਨ-ਪਾਣੀ) ਦਾ ਤਿਆਗ
(8) ਆਰੰਭ (ਪਾਪਕਾਰੀ ਧੰਦੇ) ਦਾ ਤਿਆਗ
(9) ਪ੍ਰੇਸ਼ਯ ਪਰਿਤਿਖਿਆਨ ਅਰਥਾਤ ਪਰਿਗ੍ਰਹਿ ਤਿਆਗ
(10) ਉਦਿਸ਼ਟ ਤਿਆਗ (ਅਪਣੇ ਲਈ ਬਣਾਏ ਭੋਜਨ ਦਾ ਤਿਆਗ) ਅਤੇ;
(11) ਸ਼੍ਰਮਣ ਭੂਤ (ਸਾਧੂ ਵਰਗਾ ਭੇਖ ਧਾਰਨ ਕਰਨਾ)

ਵਿਸਥਾਰ ਕਾਰਨ ਅਸੀਂ ਇਥੇ ਸਿਰਫ਼ ਸੰਖੇਪ ਸੂਚੀ ਦਿੱਤੀ ਹੈ। ਜੈਨ ਸ਼੍ਰਾਵਕ ਦਾ ਜੀਵਨ ਅਨੇਕਾਂ ਸਦਗੁਣਾਂ ਨਾਲ ਭਰਿਆ ਹੁੰਦਾ ਹੈ। ਗ੍ਰਹਿਸਥ ਧਰਮ ਤੋਂ ਬਾਅਦ ਸ਼੍ਰਮਣ ਧਰਮ ਆਉਂਦਾ ਹੈ।

## ਸ਼੍ਰਮਣ ਧਰਮ : ਤਿਆਗੀ ਜੀਵਨ ਦਾ ਆਦਰਸ਼

ਸ਼੍ਰਮਣ ਦੀ ਸਾਧਨਾ ਉੱਚੀ ਹੁੰਦੀ ਹੈ। ਉਸ ਦਾ ਜੀਵਨ ਮਮਤਾ ਰਹਿਤ, ਹੰਕਾਰ ਰਹਿਤ, ਬੇਝਿਜਕ, ਨਿਮਰਤਾ ਵਾਲਾ ਹੁੰਦਾ ਹੈ ਅਤੇ ਉਸ ਦੇ ਮਨ ਦੇ ਅੰਦਰ ਸਭ ਜੀਵਾਂ ਪ੍ਰਤੀ ਸਮਭਾਵ ਦੀ ਭਾਵਨਾ ਅੰਗੜਾਈ ਲੈਂਦੀ ਹੈ। ਉਹ ਲਾਭ-ਹਾਨੀ, ਸੁੱਖ -ਦੁੱਖ, ਜੀਵਨ-ਮਰਨ, ਨਿੰਦਾ-ਪ੍ਰਸ਼ੰਸਾ, ਮਾਨ-ਅਪਮਾਨ ਵਿੱਚ ਹਮੇਸ਼ਾਂ ਇੱਕ ਤਰ੍ਹਾਂ ਦਾ ਰਹਿੰਦਾ ਹੈ। ਉਹ ਹਰ ਪਲ, ਹਰ ਖਿਣ, ਰਾਗ ਦਵੇਸ਼ ਤੋਂ ਦੂਰ ਰਹਿ ਕੇ ਆਤਮ ਭਾਵ ਦੀ ਸਾਧਨਾ ਕਰਦਾ ਹੈ। ਜੈਨ ਸ਼੍ਰਮਣ ਦੇ ਲਈ ਪੰਜ ਮਹਾਵਰਤਾਂ ਦਾ ਵਿਧਾਨ ਹੈ। ਆਚਾਰੀਆ ਪਾਂਤਜਲੀ ਨੇ ਲਿਖਿਆ ਹੈ , "ਜਗਤ ਦੇਸ਼ ਕਾਲ ਅਤੇ ਸਮੇਂ ਦੀ ਹੱਦ ਤੋਂ ਰਹਿਤ ਸਭ ਅਵਸਥਾ ਵਿੱਚ ਪਾਲਨ ਕਰਨ ਯੋਗ ਯਮ ਮਹਾਂਵਰਤ ਹਨ। ਮਹਾਂਵਰਤ ਦਾ ਅਰਥ ਹੈ ਮਹਾਨ ਵਰਤ। ਮਹਾਂਵਰਤ ਇਸ ਪ੍ਰਕਾਰ ਹਨ :- ਅਹਿੰਸਾ, ਸੱਤ, ਅਸੱਤ, ਬ੍ਰਹਮਚਰਯ ਅਤੇ ਅਪਰਿਗ੍ਰਹਿ। ਇਹ ਪੰਜ ਮਹਾਂ ਵਰਤ ਹਨ। ਸ਼੍ਰਮਣ ਇਨ੍ਹਾਂ ਪੰਜਾਂ ਮਹਾਂਵਰਤਾਂ ਦਾ ਠੀਕ ਢੰਗ ਨਾਲ ਪਾਲਣ ਕਰਦਾ ਹੈ।"

ਪੰਜ ਮਹਾਵਰਤਾਂ ਦੇ ਨਾਲ ਉਹ ਰਾਤ ਦੇ ਭੋਜਨ ਦਾ ਵੀ ਪੂਰੀ ਤਰ੍ਹਾਂ ਤਿਆਗ ਕਰਦਾ ਹੈ ਕਿਉਂਕਿ ਰਾਤ ਦਾ ਭੋਜਨ ਹਿੰਸਾ ਆਦਿ ਦੋਸ਼ਾਂ ਦਾ ਕਾਰਨ ਹੈ। ਇਸ ਲਈ ਸ਼੍ਰਮਣ ਸਭ ਪ੍ਰਕਾਰ ਦੇ ਭੋਜਨ ਤੇ ਪਾਣੀ ਆਦਿ ਨੂੰ ਰਾਤ ਸਮੇਂ ਗ੍ਰਹਿਣ ਨਹੀਂ ਕਰਦਾ। ਅਹਿੰਸਾ ਮਹਾਂਵਰਤ ਦੀ ਸੰਪੂਰਨ ਸਾਧਨਾ ਦੇ ਲਈ ਰਾਤ ਦੇ ਭੋਜਨ ਦਾ ਤਿਆਗ ਜ਼ਰੂਰੀ ਮੰਨਿਆ ਗਿਆ ਹੈ।

ਮਹਾਵਰਤ ਤਿੰਨ ਕਰਨ ਅਤੇ ਤਿੰਨ ਯੋਗ ਰਾਹੀਂ ਗ੍ਰਹਿਣ ਕੀਤੇ ਜਾਂਦੇ ਹਨ। ਕਿਸੇ ਪ੍ਰਕਾਰ ਦੀ ਹਿੰਸਾ ਆਪ (ਖ਼ੁਦ) ਨਾ ਕਰਨਾ, ਨਾ ਦੂਸਰੇ ਤੋਂ ਕਰਾਉਣਾ, ਨਾ ਕਰਨ ਵਾਲੇ ਦੀ ਹਮਾਇਤ ਕਰਨਾ, ਮਨ ਤੋਂ, ਬਚਨ (ਬਾਣੀ) ਤੋਂ ਅਤੇ ਕਾਇਆ (ਸ਼ਰੀਰ) ਤੋਂ -ਇਹ ਤਿੰਨ ਕਰਨ ਸ਼ੁੱਧ ਅਹਿੰਸਾ ਮਹਾਂਵਰਤ ਹਨ। ਇਸ ਤਰ੍ਹਾਂ ਝੂਠ, ਚੋਰੀ, ਅਬ੍ਰਹਮਚਰਜ, ਪਰਿਗ੍ਰਹਿ ਦੇ ਸੰਬੰਧ ਵਿੱਚ ਵੀ ਨੌ ਕੋਟੀ ਰਾਹੀਂ ਪ੍ਰਤਿਗਿਆ ਗ੍ਰਹਿਣ ਕੀਤੀ ਜਾਂਦੀ ਹੈ।

ਸ਼੍ਰਮਣ ਦੇ ਲਈ ਪੰਜ ਮਹਾਂਵਰਤਾਂ ਤੋਂ ਛੁੱਟ ਪੰਜ ਸਮਿਤਿ ਅਤੇ ਤਿੰਨ ਗੁਪਤੀ ਦਾ ਪਾਲਨ ਕਰਨਾ ਜ਼ਰੂਰੀ ਹੈ। ਸਮਿਤਿ ਦਾ ਅਰਥ ਹੈ ਵਿਵੇਕ ਪੂਰਵਕ

ਕ੍ਰਿਆ। ਗੁਪਤੀ ਦਾ ਅਰਥ ਇੰਦਰੀਆਂ ਰਾਹੀਂ ਗੁਪਤ ਰੋਕਨਾ ਹੈ। ਆਪਣੇ ਵਿਰੁੱਧ ਆਤਮ ਤੱਤਵ ਦੀ ਰੱਖਿਆ ਦੇ ਲਈ ਅਸ਼ੁਭ ਯੋਗਾਂ ਨੂੰ ਰੋਕਣਾ ਗੁਪਤੀ ਹੈ। ਸਮਿਤਿ ਦੀਆਂ ਪੰਜ ਕਿਸਮਾਂ ਹਨ :

1. **ਈਰੀਆ ਸਮਿਤਿ** : ਆਪਣੇ ਸ਼ਰੀਰ ਦੇ ਆਕਾਰ ਜਿੰਨੀ ਜ਼ਮੀਨ ਨੂੰ ਸਾਵਧਾਨੀ ਨਾਲ ਵੇਖਦੇ ਹੋਏ, ਜੀਵਾਂ ਦੀ ਰੱਖਿਆ ਕਰਦੇ ਹੋਏ ਯਤਨਾਂ (ਸਾਵਧਾਨੀ) ਪੂਰਵਕ ਆਉਣ-ਜਾਣ ਕਰਨਾ

2. **ਭਾਸ਼ਾ ਸਮਿਤਿ** : ਜ਼ਰੂਰਤ ਪੈਣ ਤੇ ਭਾਸ਼ਾ ਸੰਬੰਧੀ ਦੋਸ਼ਾਂ ਨੂੰ ਟਾਲ ਕੇ ਯਤਨ ਪੂਰਵਕ ਹਿਤਕਾਰੀ, ਮੈਤਰੀ ਪੂਰਨ, ਸੱਚ ਤੇ ਸਪੱਸ਼ਟ ਭਾਸ਼ਾ ਦੀ ਵਰਤੋਂ ਕਰਨਾ।

3. **ਏਸ਼ਨਾ ਸਮਿਤਿ** : ਭਿੱਖਿਆ ਦੇ 42 ਦੋਸ਼ਾਂ ਨੂੰ ਟਾਲ ਕੇ ਭੋਜਨ, ਪਾਣੀ,ਕੱਪੜਾ, ਭਾਂਡਾ ਆਦਿ ਗ੍ਰਹਿਣ ਕਰਨਾ।

4. **ਆਦਾਨ ਭਾਂਡ ਮਾਤਰ ਨਿਕਸ਼ੇਪਨਾ ਸਮਿਤਿ** : -ਕਪੱੜੇ ਭਾਂਡੇ, ਪੁਸਤਕ, ਆਦਿ ਉਪਕਰਨ (ਸਾਮਾਨ) ਨੂੰ ਠੀਕ ਢੰਗ ਨਾਲ ਗ੍ਰਹਿਣ ਕਰਨਾ ਅਤੇ ਜੀਵ ਰਹਿਤ ਸਾਫ਼ ਭੂਮੀ ਤੇ ਸਥਾਪਿਤ ਕਰਨਾ ਭਾਵ ਰੱਖਣਾ।

5. **ਪਰਿਸਠਾਪਨੀਕਾ ਸਮਿਤਿ** : -ਮਲ ਮੂਤਰ ਆਦਿ ਨੂੰ ਅਲੱਗ ਜਗ੍ਹਾ ਤੇ ਸੁੱਟਣਾ, ਜਿਵੇਂ ਜੀਵਾਂ ਦੀ ਉਤਪਤੀ ਨਾ ਹੋਵੇ।

ਗੁਪਤੀ ਮਾਨਸਿਕ, ਬਚਨ ਅਤੇ ਸ਼ਰੀਰਕ ਪ੍ਰਵਿਰਤੀ ਦਾ ਨਿਰੋਧ (ਰੋਕਣਾ) ਹੈ। ਪਾਪਾਂ ਵਿਚ ਲਗੇ ਮਨ ਨੂੰ ਪਾਪ ਤੋਂ ਰੋਕਣਾ ਮਨ ਗੁਪਤੀ ਹੈ। ਇਸੇ ਪ੍ਰਕਾਰ ਬਚਨ ਲਈ ਕੌੜਾ ਨਾ ਬੋਲਣਾ ਬਚਨ ਗੁਪਤੀ ਹੈ। ਜ਼ਰੂਰਤ ਅਨੁਸਾਰ ਬੋਲਣਾ ਜਾਂ ਮੌਨ ਵਰਤ ਧਾਰਨ ਕਰਨਾ ਵੀ ਇਸ ਵਿਚ ਸ਼ਾਮਿਲ ਹੈ। ਉਠਦੇ, ਬੈਠਦੇ, ਚਲਦੇ, ਫਿਰਦੇ ਤੇ ਇੰਦਰੀਆਂ ਰਾਹੀਂ ਰੋਕ ਕਾਇਆ ਗੁਪਤੀ ਹੈ।

## ਸਾਧੂ ਦੀ ਰੋਜ਼ਾਨਾ ਜ਼ਿੰਦਗੀ :

ਸਵੇਰੇ ਬ੍ਰਹਮ ਮਹੂਰਤ ਵਿੱਚ ਉਠਣਾ, ਸਵਾਧਿਆਏ ਸ਼ਾਸਤਰਾਂ ਦੇ ਪਾਠ ਨੂੰ ਯਾਦ ਕਰਨਾ, ਧਿਆਨ, ਕਾਯੋਤਸਰਗ (ਧਿਆਨ ਵਿਧੀ) ਕਰਨਾ ਅਤੇ ਰਾਤ ਵਿੱਚ ਪ੍ਰਮਾਦ (ਅਣਗਹਿਲੀ) ਕਾਰਨ ਲੱਗੇ ਦੋਸ਼ਾਂ ਦੀ ਪ੍ਰਤਿਕ੍ਰਮਣ ਵਿਧੀ ਨਾਲ ਆਲੋਚਨਾ ਕਰਨੀ (ਭਾਵ ਰਾਤ ਦੇ ਦੋਸ਼ਾਂ ਦੀ ਸਿਲਸਿਲੇ ਵਾਰ ਆਲੋਚਨਾ ਕਰਕੇ) ਉਨ੍ਹਾਂ ਬਾਰੇ ਚਿੰਤਨ ਕਰਨਾ ਅਤੇ ਖਿਮਾ ਮੰਗਣਾ। ਆਪਣੇ ਕੋਲ ਪਏ ਕੱਪੜੇ, ਭਾਂਡੇ ਦੀ ਪ੍ਰਤਿ ਲੇਖਨਾ, (ਝਾੜ ਪੂੰਝ) ਕਰਨਾ, ਪੜ੍ਹਨਾ, ਪੜ੍ਹਾਉਣਾ ਅਤੇ ਪ੍ਰਾਰਥਨਾ, ਪ੍ਰਵਚਨ ਅਤੇ ਸਾਹਿਤ ਲਿਖਣਾ। ਮਧੂਕਰੀ (ਭੰਵਰੇ ਦੀ ਤਰ੍ਹਾਂ)

ਨਿਰਦੋਸ਼ ਭਿੱਖਿਆ ਗ੍ਰਹਿਣ ਕਰਨਾ, ਸ਼ਾਮ ਸਮੇਂ ਭੋਜਨ ਤੇ ਪਾਣੀ ਦੀ ਪ੍ਰਤਿਕ੍ਰਮਣ ਰਾਹੀਂ ਆਲੋਚਨਾ ਕਰਨਾ। ਇਸ ਤੋਂ ਬਾਅਦ ਫ਼ੇਰ ਸਵਾਧਿਆਏ, ਧਿਆਨ ਅਤੇ ਧਾਰਮਿਕ ਚਰਚਾ ਕਰਨਾ ਅਤੇ ਨੌਂ ਵਜੇ ਤੋਂ ਬਾਦ ਹੀ ਆਰਾਮ ਕਰਨਾ।

## ਜੈਨ ਸਾਧੂ ਦੇ ਕੁਝ ਖਾਸ ਨਿਯਮ :

1. ਜੈਨ ਸ਼੍ਰਮਣ, ਕੜਕਦੀ ਠੰਡ ਵਿੱਚ ਵੀ ਅੱਗ ਨਹੀਂ ਸੇਕਦੇ ਅਤੇ ਭਿਅੰਕਰ ਗਰਮੀ ਵਿੱਚ ਵੀ ਪੱਖੇ ਆਦਿ ਨਹੀਂ ਝਲਦੇ।
2. ਭਿਅੰਕਰ ਗਰਮੀ ਵਿੱਚ ਧਿਆਨ ਨਾਲ ਗਲ ਸੁੱਕ ਜਾਣ ਤੇ ਵੀ ਰਾਤ ਨੂੰ ਪਾਣੀ ਨਹੀਂ ਪੀਂਦੇ।
3. ਉਹ ਸ਼ਰਾਬ ਆਦਿ ਕਿਸੇ ਤਰ੍ਹਾਂ ਦੇ ਨਸ਼ੇ ਦਾ ਸੇਵਨ ਨਹੀਂ ਕਰਦੇ।
4. ਗ੍ਰਹਿਸਥਾ ਦੇ ਭਾਂਡਿਆਂ ਵਿੱਚ ਜਾਂ ਉਨ੍ਹਾਂ ਦੇ ਘਰ ਵਿੱਚ ਬੈਠ ਕੇ ਭੋਜਨ ਨਹੀਂ ਕਰਦੇ।
5. ਉਹ ਲੱਕੜੀ, ਜਾਂ ਮਿੱਟੀ ਦੇ ਭਾਂਡੇ ਵਿੱਚ ਹੀ ਭਿੱਖਿਆ ਤੇ ਪਾਣੀ ਗ੍ਰਹਿਣ ਕਰਦੇ ਹਨ। ਉਹ ਸਟੀਲ ਜਾਂ ਹੋਰ ਕਿਸੇ ਧਾਤੂ ਦੇ ਬਰਤਨ ਦਾ ਇਸਤੇਮਾਲ ਨਹੀਂ ਕਰਦੇ।
6. ਉਹ ਕਿਸੇ ਤੋਂ ਵੀ ਭੇਂਟ ਤੋਹਫੇ ਦੇ ਰੂਪ ਵਿੱਚ ਪੈਸੇ ਆਦਿ ਨਹੀਂ ਲੈਂਦੇ।
7. ਕੱਪੜੇ ਵੀ ਜ਼ਰੂਰਤ ਪੈਣ ਤੇ ਮੰਗਦੇ ਹਨ।
8. ਉਹ ਚਾਰ ਮਹੀਨੇ ਤੱਕ ਚੌਮਾਸੇ ਵਿੱਚ ਇੱਕ ਥਾਂ ਤੇ ਟਿਕ ਕੇ ਰਹਿੰਦੇ ਹਨ ਅਤੇ ਬਾਕੀ ਸਮਾਂ ਆਪਣੀ ਸਹੂਲਤ ਅਨੁਸਾਰ ਇੱਕ ਥਾਂ ਤੋਂ ਦੂਸਰੀ ਥਾਂ ਘੁੰਮਦੇ ਰਹਿੰਦੇ ਹਨ। ਇਨ੍ਹਾਂ 8 ਮਹੀਨਿਆਂ ਵਿੱਚ ਇੱਕ ਥਾਂ ਤੇ ਉਨੱਤੀ (29) ਦਿਨ ਤੋਂ ਜ਼ਿਆਦਾ ਨਹੀਂ ਰਹਿੰਦੇ । ਪੂਰਾ ਜੀਵਨ ਧਰਮ ਪ੍ਰਚਾਰ ਕਰਦੇ ਹਨ।
9. ਜੈਨ ਮੁਨੀ ਖੂਹ, ਤਲਾਓ,ਨਲਕਾ,ਨਦੀ,ਝੀਲ ਆਦਿ ਦਾ ਕੱਚਾ ਪਾਣੀ ਇਸਤੇਮਾਲ ਨਹੀਂ ਕਰਦੇ। ਉਹ ਸਿਰਫ਼ ਗਰਮ ਪਾਣੀ ਜਾਂ ਵਿਧੀ ਅਨੁਸਾਰ ਤਿਆਰ ਕੀਤਾ ਅਚਿੱਤ (ਪੱਕਾ) ਪਾਣੀ ਗ੍ਰਹਿਣ ਕਰਦੇ ਹਨ।
10. ਉਹ ਕੋਈ ਵੀ ਕੱਚੀ ਸਬਜ਼ੀ, ਅਨਾਜ, ਜੋ ਬਿਨਾਂ ਪੱਕਿਆ ਹੋਵੇ, ਉਸਨੂੰ ਗ੍ਰਹਿਣ ਨਹੀਂ ਕਰਦੇ। ਫਲ ਵੀ ਬੀਜ ਆਦਿ ਤੋਂ ਬਿਨਾਂ ਹੀ ਗ੍ਰਹਿਣ ਕਰਦੇ ਹਨ।

11. ਜੈਨ ਮੁਨੀ ਉਨ੍ਹਾਂ ਤੋਂ ਭਿੱਖਿਆ ਗ੍ਰਹਿਣ ਕਰਦੇ ਹਨ, ਜਿਨ੍ਹਾਂ ਕੱਚੇ ਪਾਣੀ, ਅੱਗ,ਕੱਚੀ ਸਬਜ਼ੀ ਨੂੰ ਨਾ ਛੋਹਿਆ ਹੋਵੇ ਅਤੇ ਔਰਤ ਬੱਚੇ ਨੂੰ ਦੁੱਧ ਪਿਲਾ ਰਹੀ ਹੋਵੇ, ਗਰਭਵਤੀ ਹੋਵੇ, ਜਿਸ ਨੂੰ ਉਠਣ-ਬੈਠਣ ਵਿੱਚ ਤਕਲੀਫ਼ ਹੋਵੇ, ਉਸ ਤੋਂ ਭੋਜਨ ਗ੍ਰਹਿਣ ਨਹੀਂ ਕਰਦੇ।

12. ਜੈਨ ਮੁਨੀ ਸਵਾਰੀ ਦਾ ਇਸਤੇਮਾਲ ਨਹੀਂ ਕਰਦੇ ਅਤੇ ਪੈਰਾਂ ਵਿੱਚ ਜੁੱਤੇ, ਚੱਪਲ, ਬੂਟ, ਮੌਜੇ ਆਦਿ ਕਿਸੇ ਵੀ ਪੈਰ ਬਚਾਉਣ ਵਾਲੀ ਚੀਜ਼ ਦਾ ਇਸਤੇਮਾਲ ਨਹੀਂ ਕਰਦਾ। ਇਥੋਂ ਤੱਕ ਕਿ ਤੇਜ ਧੁੱਪ ਵਿੱਚ ਜਾਂ ਜ਼ਿਆਦਾ ਬਾਰਿਸ਼ ਤੋਂ ਬਚਾਉ ਲਈ ਛਤਰੀ ਦਾ ਇਸਤੇਮਾਲ ਵੀ ਨਹੀਂ ਕਰਦੇ।

13. ਜੈਨ ਮੁਨੀ ਭਿਖਿਆ ਮਧੂਕਰੀ ਵਿਧੀ ਨਾਲ ਕਰਦੇ ਹਨ। ਉਹ ਆਪਣੇ ਲਈ ਬਣਾਏ ਭੋਜਨ ਨੂੰ ਗ੍ਰਹਿਣ ਨਹੀਂ ਕਰਦੇ। ਜੋ ਵੀ ਸ਼ੁੱਧ ਸ਼ਾਕਾਹਾਰੀ ਆਦਮੀ ਹਨ, ਉਨ੍ਹਾਂ ਦੇ ਘਰੋਂ ਵਿਧੀ ਅਨੁਸਾਰ ਉਥੋਂ ਹੀ ਖੁਸ਼ੀ ਨਾਲ ਭੋਜਨ ਸਵੀਕਾਰ ਕਰਦੇ ਹਨ।

14. ਜੈਨ ਮੁਨੀ ਦਾ ਆਪਣਾ ਕੋਈ ਮਕਾਨ ਜਾਂ ਮੱਠ ਨਹੀਂ ਹੁੰਦਾ। ਸ੍ਰੀ ਸੰਘ ਜਾਂ ਧਰਮ ਵਾਧੇ ਲਈ ਬਣਾਏ ਮਕਾਨ ਜਾਂ ਸਕੂਲ ਜਾਂ ਜਿਥੇ ਇਸਤਰੀਆਂ ਆਦਿ ਦੀ ਜਿਥੇ ਪੱਕੀ ਰਿਹਾਇਸ਼ ਨਹੀਂ, ਉਥੇ ਮੁਨੀ ਰਹਿੰਦੇ ਹਨ ਅਤੇ ਜੈਨ ਸਾਧਵੀਆਂ ਜਿਥੇ ਪੁਰਸ਼ਾਂ ਦੀ ਰਿਹਾਇਸ਼ ਨਾ ਹੋਵੇ, ਉਥੇ ਠਹਿਰਦੀਆਂ ਹਨ।

15. ਜੈਨ ਮੁਨੀ ਖੁੱਲ੍ਹੇ ਆਕਾਸ਼ ਵਿੱਚ ਰਾਤ ਨਹੀਂ ਗੁਜ਼ਾਰਦਾ ਅਤੇ ਦਰਖਤ ਦੀ ਛਾਂ ਜਾਂ ਮਕਾਨ ਆਦਿ ਦੀ ਛੱਤ ਹੇਠ ਹੀ ਸੌਂਦਾ ਹੈ।

16. ਜੈਨ ਮੁਨੀ ਛੋਟੀ ਤੋਂ ਛੋਟੀ ਕੁੜੀ ਜਾਂ ਇਸਤਰੀ ਨੂੰ ਨਹੀਂ ਛੂੰਹਦੇ, ਨਾ ਹੀ ਜੈਨ ਸਾਧਵੀ ਪੁਰਸ਼ ਜਾਂ ਛੋਟੇ ਬੱਚੇ ਨੂੰ ਛੂੰਹਦੀ ਹੈ। ਉਹ ਪੂਰਨ ਰੂਪ ਵਿੱਚ ਬ੍ਰਹਮਚਰਜ ਦਾ ਪਾਲਣ ਕਰਦੇ ਹਨ।

17. ਜੈਨ ਮੁਨੀ ਤੇ ਸਾਧਵੀਆਂ ਕੈਂਚੀ, ਉਸਤਰੇ ਆਦਿ ਨਾਲ ਵਾਲ ਨਹੀਂ ਕਟਵਾਉਂਦੇ। ਉਹ ਦਾੜ੍ਹੀ, ਮੁੱਛ ਜਾਂ ਸਿਰ ਦੇ ਵਾਲ ਆਪਣੇ ਹੱਥ ਨਾਲ ਖਿੱਚਦੇ ਹਨ। ਜਿਸ ਨੂੰ ਜੈਨ ਪਰਿਭਾਸ਼ਾ ਵਿੱਚ ਲੋਚ ਆਖਦੇ ਹਨ। ਸਾਲ ਵਿੱਚ ਘੱਟੋ ਘੱਟ ਇਕ ਵਾਰ ਸੰਮਵਤਸਰੀ ਮਹਾਂਪਰਵ (ਚੌਮਾਸੇ ਦੇ 50 ਦਿਨ ਹੋਣ ਵਾਲਾ ਤਿਉਹਾਰ) ਤੋਂ ਪਹਿਲਾਂ ਇਹ ਲੋਚ ਕੀਤੀ ਜਾਂਦੀ ਹੈ।

18. ਜੈਨ ਮੁਨੀ ਕੁੜਤਾ, ਪਜਾਮਾ, ਬੁਰਸ਼ਰਟ ਆਦਿ ਕੱਪੜਿਆਂ ਦਾ ਪ੍ਰਯੋਗ ਨਹੀਂ ਕਰਦੇ।

19. ਜੈਨ ਮੁਨੀ ਜੀਵਾਂ ਦੀ ਰੱਖਿਆ ਲਈ ਰਜੋਹਰਣ (ਉਨ੍ਹਾ ਦਾ ਗੁੱਛਾ) ਰਖਦੇ ਹਨ। ਦਿਗੰਬਰ ਮੁਨੀ ਮੋਰ ਪਿਛੀ (ਮੋਰ ਦੇ ਖੰਭਾਂ ਦਾ ਬਣਿਆ ਗੁੱਛਾ) ਰਖਦੇ ਹਨ। ਸਥਾਨਕ ਵਾਸੀ ਮੁਨੀ ਤੇ ਤੇਰ੍ਹਾਂ ਪੰਥੀ ਮੁਨੀ ਮੂੰਹ ਤੇ ਮੂੰਹ ਪੱਟੀ ਬੰਨ੍ਹਦੇ ਹਨ ਪਰ ਮੂਰਤੀ ਪੂਜਕ ਸੇਵਤਾਂਬਰ-ਮੁਨੀ ਮੂੰਹ ਪੱਟੀ ਹੱਥ ਵਿੱਚ ਰਖਦੇ ਹਨ।

20. ਜੈਨ ਮੁਨੀ ਪੈਸਾ, ਨੋਟ, ਗਹਿਣੇ ਆਦਿ ਕੋਈ ਪਰਿਗ੍ਰਹਿ (ਸੰਪਤੀ) ਨਹੀਂ ਰਖਦੇ।

21. ਜੈਨ ਮੁਨੀ ਜਿਸ ਮਕਾਨ ਵਿੱਚ ਰਾਤ ਨੂੰ ਰਹਿੰਦੇ ਹਨ ਉਸ ਮਕਾਨ ਵਿੱਚ ਜੈਨ ਸਾਧਵੀਆਂ ਨਹੀਂ ਰਹਿ ਸਕਦੀਆਂ, ਜਿਥੇ ਸਾਧਵੀਆਂ ਰਹਿੰਦੀਆਂ ਹਨ ਉਥੇ ਸਾਧੂ ਨਹੀ ਰਹਿ ਸਕਦੇ।

**ਸ਼ਟ (ਛੇ) ਆਵਸ਼ਕ (ਜ਼ਰੂਰੀ ਕੰਮ) :**

ਜੈਨ ਸ਼੍ਰਮਣ (ਸਾਧੂ) ਅਤੇ ਜੈਨ ਸ਼੍ਰਾਵਕ (ਉਪਾਸਕ) ਨੂੰ ਹਰ ਰੋਜ਼ ਛੇ ਜ਼ਰੂਰੀ ਕਰਨ ਯੋਗ ਕੰਮ ਹਨ ਜੋ ਆਵਸ਼ਕ ਅਖਵਾਉਂਦੇ ਹਨ।

1. **ਸਾਮਾਇਕ** : ਪਾਪਕਾਰੀ ਧੰਦਿਆਂ ਦਾ ਤਿਆਗ ਕਰਕੇ ਸਮਤਾ ਭਾਵ ਵੱਲ ਵਧਣ ਦੀ ਕੋਸ਼ਿਸ਼ ਕਰਨਾ।

2. **ਚਤੁਰ ਵਿਸੰਤਿਸਵ** : ਤੀਰਥੰਕਰਾਂ ਦੇ ਗੁਣਾਂ ਦਾ ਕੀਰਤਨ ਕਰਦੇ ਹੋਏ ਪ੍ਰਭੂ ਭਗਤੀ ਵਿੱਚ ਲੀਨ ਹੋਣਾ।

3. **ਬੰਦਨ** : ਅਹਿੰਸਾ ਆਦਿ ਮਹਾਂਵਰਤਾਂ ਦੇ ਧਾਰਕ ਸੰਜਮੀ ਸਾਧੂਆਂ ਨੂੰ ਬੰਦਨਾ-ਨਮਸਕਾਰ ਕਰਨਾ

4. **ਪ੍ਰਤਿਕ੍ਰਮਨ** : ਸੰਜਮ ਵਿੱਚ ਲੱਗੇ ਦੋਸ਼ਾਂ ਦੀ ਆਲੋਚਨਾ ਅਤੇ ਆਤਮ ਨਿਰੀਖਣ ਕਰਨਾ ਜਾਂ ਆਤਮ ਪੜਤਾਲ ਕਰਨਾ।

5. **ਕਾਯੋਤਸ਼ਰਗ** : ਸ਼ਰੀਰ ਦੀ ਮਮਤਾ ਦਾ ਤਿਆਗ ਕਰਨਾ। ਇੱਕ ਥਾਂ ਤੇ ਬਿਨਾ ਹਿੱਲੇ-ਚੱਲੇ, ਹਰਕਤ ਰਹਿਤ, ਸ਼ਾਂਤ ਮੁੱਦਰਾ ਵਿੱਚ ਖੜ੍ਹੇ ਹੋਣਾ ਜਾਂ ਬੈਠਕੇ ਆਤਮ ਧਿਆਨ ਵਿੱਚ ਜੁੜਨਾ। ਦੇਹ ਦੀ ਮਮਤਾ ਦਾ ਤਿਆਗ ਕਰਕੇ ਵਿਦੇਹ ਸਥਿਤੀ ਦਾ ਅਨੁਭਵ ਕਰਨਾ ਕਾਯਤੋਸ਼ਰਗ ਹੈ।

6. **ਪ੍ਰਤਿਖਿਆਨ** : ਭੋਜਨਾਂ ਆਦਿ ਦਾ ਕੁਝ ਸਮੇਂ ਲਈ ਤਿਆਗ ਕਰਨਾ।

## ਗੁਣ-ਸਥਾਨ :

ਜੈਨ ਸਾਧਨਾ ਵਿਧੀ ਵਿੱਚ ਆਤਮਿਕ ਗੁਣਾਂ ਦੇ ਵਿਕਾਸ ਦੀ ਸਿਲਸਿਲੇਵਾਰ ਅਵਸਥਾ ਨੂੰ ਗੁਣ-ਸਥਾਨ ਆਖਿਆ ਜਾਂਦਾ ਹੈ। ਜੈਨ ਦਰਸ਼ਨ ਦੀ ਦ੍ਰਿਸ਼ਟੀ ਤੋਂ ਆਤਮਾ ਮੂਲ ਰੂਪ ਵਿੱਚ ਸ਼ੁੱਧ, ਬੁੱਧ (ਗਿਆਨਵਾਨ) ਅਤੇ ਸੰਪੂਰਨ ਹੈ। ਇਹ ਅਨੰਤ ਗਿਆਨ, ਅਨੰਤ ਦਰਸ਼ਨ (ਸ਼ਰਧਾ), ਅਨੰਤ ਸੁਖ ਅਤੇ ਅਨੰਤ ਵੀਰਜ ਦੀ ਸਵਾਮੀ ਹੈ। ਪਰ ਕਰਮਾਂ ਦੇ ਕਾਰਨ ਆਤਮਾ ਦਾ ਅਸਲ ਰੂਪ ਢਕਿਆ ਪਿਆ ਹੈ ਜਾਂ ਵਿਗੜਿਆ ਹੋਇਆ ਹੈ। ਜਿਉਂ ਜਿਉਂ ਕਰਮਾਂ ਦਾ ਪਰਦਾ ਹਟਦਾ ਹੈ, ਤਿਉਂ ਤਿਉਂ ਆਤਮਾ ਦੇ ਗੁਣ ਪ੍ਰਗਟ ਹੁੰਦੇ ਹਨ।

ਆਤਮਿਕ ਸ਼ਕਤੀ ਦੇ ਘੱਟੋ ਘੱਟ ਚੜਾਓ ਦਾ ਨਾਉਂ ਪਹਿਲਾ ਗੁਣ ਸਥਾਨ ਹੈ। ਇਹ ਗੁਣ ਸਥਾਨ ਵਿੱਚ ਆਤਮ ਸ਼ਕਤੀ ਦਾ ਪ੍ਰਕਾਸ਼ ਮੱਧਮ ਹੁੰਦਾ ਹੈ। ਘੱਟ ਹੁੰਦਾ ਹੈ। ਉਸਤੋਂ ਬਾਅਦ ਦੇ ਗੁਣ ਸਥਾਨਾਂ ਵਿੱਚ ਸਿਲਸਿਲੇਵਾਰ ਵਧਦਾ ਜਾਂਦਾ ਹੈ। ਚੌਦਵੇਂ ਗੁਣ ਸਥਾਨ ਤੇ ਅਸਲੀ ਆਤਮਾਂ ਦੇ ਸਵਰੂਪ ਪ੍ਰਗਟ ਹੋ ਜਾਂਦਾ ਹੈ। ਗੁਣ ਸਥਾਨ ਦਾ ਸਿਧਾਂਤ ਮੋਹ ਸ਼ਕਤੀ ਦਾ (ਕਰਮ) ਤੇਜੀ ਅਤੇ ਮੰਦੇ ਤੇ ਨਿਰਭਰ ਹੈ। ਦਰਸ਼ਨ ਮੋਹਨੀਆਂ ਕਰਮ ਤੋਂ ਆਤਮਾ ਦੀ ਅਸਲੀ ਵਿਵੇਕ ਸ਼ਕਤੀ ਜਾਗਰਿਤ ਨਹੀਂ ਹੁੰਦੀ ਅਤੇ ਚਾਰਿਤਰ ਮੋਹਨੀਆਂ ਤੋਂ ਵਿਵੇਕ ਪੂਰਨ ਆਚਰਨ ਨਹੀਂ ਹੁੰਦਾ।

ਸੰਖੇਪ ਵਿੱਚ 14 ਗੁਣ-ਸਥਾਨਾਂ ਦੇ ਨਾਂ ਇਸ ਪ੍ਰਕਾਰ ਹਨ :-

(1) ਮਿਥਿਆ ਦ੍ਰਿਸ਼ਟੀ (2) ਸਾਸਵਾਦਨ (3) ਸਮਿਅੱਕ ਮਿਥਿਆ ਦ੍ਰਿਸ਼ਟੀ (4) ਅਵਿਰਤ ਸਮਿਅੱਕ ਦ੍ਰਿਸ਼ਟੀ (5) ਦੇਸ਼ ਵਿਰਤੀ (6) ਪ੍ਰਮਤ ਸੰਯਤ (7) ਅਪ੍ਰਮਤ ਸੰਯਤ (8) ਅਪੂਰਵ ਕਰਨ (ਨਿਵਰਤੀਵਾਦਰ) (9) ਅਨਿਵਿਰਤੀ ਵਾਦਰ (10) ਸੁਖਮ ਸੰਪਰਾਏ (11) ਉਪਸਾਂਤ ਮੋਹ (12) ਕਸ਼ੀਨ ਮੋਹ (13) ਸਯੋਗ ਕੇਵਲੀ (14) ਅਯੋਗ ਕੇਵਲੀ।

**ਆਤਮ ਵਿਕਾਸ ਦੇ ਦੋ ਮਾਰਗ ਹਨ :**

1. **ਉਪਸ਼ਮ ਸ਼੍ਰੇਣੀ** - ਅਰਥਾਤ ਵਿਕਾਰਾਂ ਨੂੰ ਦਬਾਉਂਦੇ ਹੋਏ ਅੱਗੇ ਵਧਣਾ। ਇਥੇ ਕਰੋਧ ਆਦਿ ਵਿਕਾਰ ਸੰਸਕਾਰ ਰੂਪ ਵਿੱਚ ਰਹਿੰਦੇ ਹਨ ਅਤੇ ਸਮਾਂ ਪਾ ਕੇ ਫੇਰ ਉਭਰ ਆਉਂਦੇ ਹਨ। ਸਾਧਕ ਸਾਧਨਾਂ ਤੋਂ ਹੇਠਾਂ ਗਿਰ ਜਾਂਦਾ ਹੈ।

2. **ਕਸ਼ਪਕ ਸ਼੍ਰੇਣੀ** - ਇਸ ਵਿੱਚ ਸਾਧਕ ਵਿਕਾਰਾਂ ਨੂੰ ਨਸ਼ਟ ਕਰਦਾ ਹੋਇਆ ਅੱਗੇ ਵਧਦਾ ਹੈ। ਉਸ ਵਿੱਚ ਗਿਰਾਵਟ ਦੀ ਸੰਭਾਵਨਾ ਨਹੀਂ ਰਹਿੰਦੀ।

ਦੂਸਰੇ ਗੁਣ-ਸਥਾਨ ਵਿੱਚ ਗਿਰਾਵਟ ਕਾਲ ਹੁੰਦਾ ਹੈ। ਇਹ ਮਿਥਿੱਆਤਵ ਪ੍ਰਾਪਤ ਕਰਨ ਤੋਂ ਪਹਿਲੀ ਹਾਲਤ ਹੈ। ਇਸ ਗੁਣ-ਸਥਾਨ ਵਿੱਚ ਸਾਧਕ ਤੱਤਵ ਰੁਚੀ ਪ੍ਰਤੀ ਮਾਤਰ ਆਸਵਾਦਨ (ਧਿਆਨ) ਰਖਦਾ ਹੈ। ਤੀਸਰਾ ਗੁਣ ਸਥਾਨ ਝੂਲੇ ਵਿੱਚ ਝੂਲਣ ਵਾਲੇ ਮਨੁੱਖ ਦੀ ਤਰ੍ਹਾਂ ਹੈ। ਇਸ ਗੁਣ-ਸਥਾਨ ਵਿੱਚ ਕਦੇ ਸਮਿੱਅਕਤਵ ਅਤੇ ਕਦੇ ਮਿਥਿੱਆਤਵ ਪ੍ਰਤੀ ਝੁਕਾਓ ਹੋ ਜਾਂਦਾ ਹੈ। ਚੌਥੇ ਗੁਣ ਸਥਾਨ ਵਿੱਚ ਦਰਸ਼ਨ ਮੋਹਨੀਆ ਕਰਮ ਦਾ ਜੋਰ ਖਤਮ ਹੋ ਜਾਂਦਾ ਹੈ। ਪਰ ਚਰਿਤਰ ਮੋਹਨੀਆਂ ਦਾ ਜੋਰ ਹੋਣ ਕਾਰਣ ਸ਼ਰਧਾ ਸ਼ੁੱਧ ਹੋਣ ਤੇ ਵੀ ਵਰਤਾਂ ਨੂੰ ਗ੍ਰਹਿਣ ਨਹੀਂ ਕਰ ਸਕਦਾ। ਪੰਜਵੇਂ ਗੁਣ-ਸਥਾਨ ਵਿੱਚ ਚਾਰਿਤਰ ਮੋਹਨੀਆਂ ਦੀ ਤੇਜੀ ਪਹਿਲਾਂ ਤੋਂ ਘੱਟ ਹੋ ਜਾਣ ਕਾਰਨ ਕੁਝ ਤਿਆਗ ਵਿਰਤੀ ਗ੍ਰਹਿਣ ਕਰਦਾ ਹੈ। ਛੇਵੇਂ ਗੁਣ ਸਥਾਨ ਵਿੱਚ ਤਿਆਗ ਵਿਰਤੀ ਪੂਰਨ ਰੂਪ ਵਿੱਚ ਕਦੇ ਕਦੇ ਪ੍ਰਗਟ ਹੁੰਦੀ ਹੈ। ਪਰ ਨਾਲ ਹੀ ਕਦੇ ਕਦੇ ਪ੍ਰਮਾਦ ਦੇ ਪ੍ਰਗਟ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਸੱਤਵੇਂ ਗੁਣ ਸਥਾਨ ਵਿੱਚ ਪ੍ਰਮਾਦ ਦੀ ਹੋਂਦ ਨਹੀਂ। ਅੱਠਵੇਂ ਗੁਣ ਸਥਾਨ ਵਿੱਚ ਪਹਿਲਾਂ ਨਾ ਅਨੁਭਵ ਹੋਇਆ ਹੋਵੇ, ਅਜਿਹੀ ਆਤਮ ਸ਼ੁੱਧੀ ਦਾ ਅਨੁਭਵ ਹੈ। ਨੌਵੇਂ ਗੁਣ ਸਥਾਨ ਵਿੱਚ ਚਰਿਤਰ ਮੋਹਨੀਆ ਕਰਮ ਦੀ ਪ੍ਰਾਕਿਰਤੀ ਦਾ ਉਪਸ਼ਮਨ ਜਾਂ ਖਾਤਮਾ ਕਰਨ ਦੀ ਕੋਸ਼ਿਸ ਜਾਰੀ ਰਹਿੰਦੀ ਹੈ। ਦਸਵੇਂ ਗੁਣ ਸਥਾਨ ਵਿੰਚ ਕੇਵਲ ਸੂਖਮ ਲੋਭ ਬਚਦਾ ਹੈ। ਗਿਆਰਵੇਂ ਗੁਣ ਸਥਾਨ ਵਿੱਚ ਸੁਖਮ ਲੋਭ ਨੂੰ ਉਪਸ਼ਾਂਤ ਕੀਤਾ ਜਾਂਦਾ ਹੈ। ਬਾਰ੍ਹਵੇਂ ਗੁਣ ਸਥਾਨ ਵਿੱਚ ਸੰਪੂਰਨ ਮੋਹ ਨੂੰ ਖਤਮ ਕੀਤਾ ਜਾਂਦਾ ਹੈ। ਨਾਲ ਹੀ ਗਿਆਨਾਵਰਣ, ਦਰਸ਼ਨਾ ਵਰਨ ਅਤੇ ਅੰਤਰਾਏ ਰੂਪ ਬਚੇ ਘਾਤੀਆ ਕਰਮ

ਨਸ਼ਟ ਹੋ ਜਾਂਦੇ ਹਨ ਤੇਰ੍ਹਵੇਂ ਗੁਣ ਸਥਾਨ ਵਿੱਚ ਮੋਹ ਨਸ਼ਟ ਹੋਣ ਤੇ ਵੀ ਵੀਤਰਾਗਤਾ ਦੇ ਨਾਲ, ਸਰਵੱਗਤਾ ਪ੍ਰਗਟ ਹੁੰਦੀ ਹੈ। ਇਸ ਗੁਣ ਸਥਾਨ ਵਿੱਚ ਸ਼ਰੀਰਕ, ਮਾਨਸਿਕ ਅਤੇ ਬਾਨੀ ਦਾ ਕੰਮ ਬਾਕੀ ਰਹਿੰਦੀ ਹੈ। ਜੀਵਨ-ਮੁਕਤ ਅਵਸਥਾ ਹੈ। ਚੌਹਦਵੇਂ ਗੁਣ ਸਥਾਨ ਵਿੱਚ ਸ਼ਰੀਰ, ਮਨ ਅਤੇ ਬਚਨ ਦੇ ਕੰਮਾਂ ਦਾ ਖ਼ਾਤਮਾ ਹੋ ਜਾਂਦਾ ਹੈ। ਪੰਜ ਹੱਰਸਵ ਅਖਰਾਂ (ਅ.ਅ.) ਆਦਿ ਦੇ ਉਚਾਰਣ ਵਿੱਚ ਜਿੰਨਾ ਸਮਾਂ ਲਗਦਾ ਹੈ ਸਾਧਕ ਉਨੀ ਦੇਰ ਵਿੱਚ ਸਰੀਰ ਦਾ ਤਿਆਗ ਕਰਕੇ ਮੋਕਸ਼ ਪ੍ਰਾਪਤ ਕਰ ਲੈਂਦਾ ਹੈ। ਇਹ ਵਿਦੇਹ-ਮੁਕਤ ਅਵਸਥਾ ਹੈ।

ਤਪ :

ਜੈਨ ਧਰਮ ਵਿੱਚ ਤਪ ਦਾ ਫਖ਼ਰਯੋਗ ਸਥਾਨ ਹੈ। ਜੋ ਅੱਠ ਪ੍ਰਕਾਰ ਦੇ ਕਰਮਾਂ ਨੂੰ ਤਪਾਉਂਦਾ ਹੈ। ਉਨ੍ਹਾਂ ਨੂੰ ਭਸਮ ਕਰਨ ਵਿੱਚ ਸਫਲ ਹੋਵੇ, ਉਹ ਤਪ ਹੈ। ਜੈਨ ਮੁਨੀਆਂ ਨੂੰ **ਸ਼੍ਰਮਣ** ਕਿਹਾ ਜਾਂਦਾ ਹੈ। ਸ਼੍ਰਮਣ ਦਾ ਅਰਥ ਹੈ ਤਪ ਸਾਧਨਾ ਰਾਹੀਂ ਸ਼ਰੀਰ ਨੂੰ ਸਾਧਦਾ ਹੈ। ਭਾਵ ਸ਼੍ਰਮਣ ਸ਼ਬਦ ਤਪਸਵੀ ਦਾ ਪ੍ਰਤੀਕ ਹੈ। **ਜੈਨ ਸ਼੍ਰਮਣ** ਦਾ ਜੀਵਨ, ਮੰਤਵ ਤਪ ਹੈ। ਤਥਾਗਤ ਬੁੱਧ ਨੇ ਭਗਵਾਨ ਮਹਾਵੀਰ ਨੂੰ **'ਦੀਘਤਪੱਸੀ ਦੀ ਤਪੱਸੀ ਨਿਗਠੇ'** ਕਿਹਾ ਹੈ। ਜੈਨ ਆਗਮਾ ਵਿੱਚ ਵੀ ਸ਼੍ਰਮਣ ਦਾ ਵਰਨਣ ਕਰਦੇ ਹੋਏ **ਉਗਤਵੇ, ਘੋਰ ਤਵੇ, ਤਤਤਵੇ, ਮਹਾਤਵੇ** ਲਿਖਿਆ ਹੈ ਅਰਥਾਤ ਉਗਰ ਤਪੱਸਵੀ, ਘੋਰ ਤਪੱਸਵੀ, ਅਤੇ ਮਹਾਤਪੱਸਵੀ ਸਨ।

ਸਾਧੂ ਜੀਵਨ ਸ਼ੁਰੂ ਕਰਦੇ ਸਮੇਂ ਵੀ ਤਪ ਜ਼ਰੂਰੀ ਹੈ। ਤਪ ਨੂੰ ਮੰਗਲ ਰੂਪ ਮੰਨਿਆ ਗਿਆ ਹੈ। ਤਪ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ :

1) **ਬਾਹਰਲਾ ਤਪ**,

2) **ਅੰਦਰਲਾ ਤਪ**।

**ਬਾਹਰਲਾ ਤਪ 6 ਪ੍ਰਕਾਰ ਦਾ ਹੈ :**

1. **ਅਨਸ਼ਨ** (ਵਰਤ) - ਭੋਜਨ ਦਾ ਤਿਆਗ ਕਰਨਾ।

2. **ਊਨੋਂਦਰੀ** - ਭੁੱਖ ਤੋਂ ਘੱਟ ਭੋਜਨ ਗ੍ਰਹਿਣ ਕਰਨਾ। ਕਸ਼ਾਏ (ਕਰੋਧ, ਮਾਨ, ਮਾਇਆ ਤੇ ਲੋਭ) ਅਤੇ ਉਪਕਰਨ ਵਸਤਰ, ਭਾਂਡਿਆਂ ਆਦਿ ਨੂੰ ਘੱਟ ਰੱਖਣਾ।

3. **ਰਸ ਪਰਿਤਿਆਗ** - ਪ੍ਰਣੀਤ (ਆਪਣੇ ਲਈ ਤਿਆਰ ਭੋਜਨ), ਚਿਕਨਾ ਤੇ ਜ਼ਿਆਦਾ ਭੋਜਨ ਦਾ ਤਿਆਗ।

4. **ਭਿਕਸ਼ਾਚਰੀ** - ਵਿਧੀ ਪੂਰਵਕ ਭਿਖਿਆ ਗ੍ਰਹਿਣ ਕਰਨਾ।

5. **ਕਾਇਆ ਕਲੇਸ਼** - ਸ਼ਰੀਰ ਨੂੰ ਭਿੰਨ ਭਿੰਨ ਆਸਨਾਂ ਰਾਹੀਂ ਕਸ਼ਟ ਸਹਿਣ ਯੋਗ ਬਣਾਉਣਾ।

6. **ਪ੍ਰਤਿਸੰਲੀਨਤਾ** -- ਸ਼ਰੀਰ, ਇੰਦਰੀ, ਮਨ, ਵਚਨ ਆਦਿ ਅਤੇ ਕਸ਼ਾਏ ਆਦਿ ਦਾ ਸੰਜਮ ਕਰਨਾ, ਇਕੱਲੇ ਸ਼ੁੱਧ ਸਥਾਨ ਤੇ ਰਹਿਣਾ।

**ਅੰਦਰਲਾ ਤਪ ਵੀ 6 ਪ੍ਰਕਾਰ ਦਾ ਹੈ :-**

1. **ਪ੍ਰਾਸ਼ਚਿਤ** - ਦੋਸ਼ਾਂ ਦੀ ਸ਼ੁੱਧੀ ਦੇ ਲਈ ਸਰਲਤਾ ਨਾਲ ਪਛਤਾਵਾ ਕਰਨਾ।

2. **ਵਿਨੇ** - ਗੁਰੂਆਂ ਆਦਿ ਦੀ ਇੱਜ਼ਤ ਭਗਤੀ, ਆਦਰ ਕਰਨਾ।

3. **ਵਈਆਵਰਿਤ** - ਗੁਰੂ, ਰੋਗੀ, ਬਾਲਕ, ਸੰਘ ਆਦਿ ਦੀ ਸੇਵਾ ਕਰਨਾ।

4. **ਸਵਾਧਿਆਏ** - ਸਾਸ਼ਤਰਾਂ ਦਾ ਅਧਿਐਨ, ਚਿੰਤਨ ਤੇ ਮਨਨ ਕਰਨਾ।

5. **ਧਿਆਨ** - ਮਨ ਨੂੰ ਇਕਾਗਰ ਕਰਕੇ ਸ਼ੁਭ ਧਿਆਨ ਵਿੱਚ ਲਾਉਣਾ।

6. **ਵਿਉਂਤਸਰਗ** - ਕਸ਼ਾਏ ਤੇ ਸ਼ਰੀਰ ਦੀ ਮਮਤਾ ਦਾ ਤਿਆਗ ਕਰ ਆਤਮ ਭਾਵ ਵਿੱਚ ਲੀਨ ਹੋਣਾ। ਇਸ ਦਾ ਦੂਸਰਾ ਨਾਉਂ **ਕਾਯੋਤਸਰਗ** ਹੈ।

ਇਸ ਪ੍ਰਕਾਰ ਜੈਨ ਧਰਮ ਵਿੱਚ ਅੰਦਰਲੇ ਅਤੇ ਬਾਹਰਲੇ ਤਪ ਦਾ ਜੋ ਵਰਨਣ ਕੀਤਾ ਗਿਆ ਹੈ ਉਹ ਬੜਾ ਅਦਭੁਤ ਹੈ। ਬਾਹਰਲੇ ਤਪ ਨੂੰ ਅੰਦਰਲੇ ਤਪ ਰਾਹੀਂ ਅੰਤਰਮੁਖੀ ਬਣਾਇਆ ਗਿਆ ਹੈ। ਜਿਸ ਨਾਲ ਤਪ ਤਾਪ ਨਹੀਂ,

---

-੧ *(ਕ) ਭਗਵਤੀ ਸੂਤਰ 1/7 (ਖ) ਔਪ ਪਾਤਿਕ ਸੂਤਰ*

ਸਗੋਂ ਸ਼ੁੱਧੀ ਦਾ ਕਾਰਨ ਬਣਦਾ ਹੈ। ਜੈਨ ਧਰਮ ਦਾ ਤਪ ਕੇਵਲ ਗਰੰਥਾਂ ਵਿੱਚ ਨਹੀਂ, ਸਗੋਂ ਚਹੁ ਮੁਖੀ ਸੰਘ ਵਿੱਚ ਆਪਣੇ ਜਿਉਂਦੇ ਰੂਪ ਵਿੱਚ ਪ੍ਰਚਲਿਤ ਹੈ। ਅੱਜ ਵੀ ਤਪ ਜੈਨ ਧਰਮ ਦੇ ਅਨੁਯਾਈ ਕਰਦੇ ਹਨ। ਉਨ੍ਹਾਂ ਹੋਰ ਕਿਸੇ ਧਰਮ ਦੇ ਅਨੁਯਾਈ ਨਹੀਂ। ਜੈਨ ਧਰਮ ਵਿੱਚ ਗਿਆਨਯੋਗ ਅਤੇ ਕ੍ਰਿਆ ਯੋਗ ਦਾ ਸੁਮੇਲ ਹੈ।

**ਸੰਲੇਖਨਾ - ਸੰਥਾਰਾ :**

ਜ਼ਿੰਦਗੀ ਦੀ ਆਖਰੀ ਘੜੀ ਵਿੱਚ ਤਪ ਵਿਸ਼ੇਸ਼ ਦੀ ਅਰਾਧਨਾ ਕਰਨਾ ਸੰਲੇਖਨਾ ਹੈ। ਇਸ ਨੂੰ **ਅਪਸ਼ਿਚਮ - ਮਾਰਣਾਂਤਿਕ ਸੰਲੇਖਨਾ** ਵੀ ਆਖਦੇ ਹਨ, ਜਿਸ ਦਾ ਅਰਥ ਹੈ ਮੌਤ ਦੇ ਸਮੇਂ ਪਹਿਲਾਂ ਕੀਤਾ ਸਾਰੇ ਕੰਮਾਂ ਦੀ ਚੰਗੀ ਤਰ੍ਹਾਂ ਆਲੋਚਨਾ ਕਰਕੇ ਸਰੀਰ ਅਤੇ ਕਸ਼ਾਏ ਆਦਿ ਨੂੰ ਕਮਜੋਰ ਬਣਾਉਣ ਵਾਲੀ ਅੰਤਮ ਤਪ ਅਰਾਧਨਾ। ਇਸ ਨੂੰ ਸੰਥਾਰਾ, ਸਮਾਧਿਮਰਨ ਜਾਂ ਪੰਡਿਤ ਮਰਨਣ ਵੀ ਆਖਦੇ ਹਨ। ਇਹ ਮੌਤ ਬਹੁਤ ਹੀ ਖੁਸ਼ੀ ਵਾਲੀ ਤੇ ਵਿਵੇਕ ਵਾਲੀ ਹੁੰਦੀ ਹੈ। ਸ਼੍ਰਾਵਕ ਤੇ ਸ਼੍ਰਮਣ ਦੋਹਾਂ ਨੂੰ ਸੰਲੇਖਨਾ ਦਾ ਵਿਧਾਨ ਹੈ। ਸੰਲੇਖਨਾ ਜਾਂ ਸੰਥਾਰਾ ਆਤਮ ਹੱਤਿਆ ਨਹੀਂ ਹੈ। ਆਤਮ ਘਾਤ ਵਿੱਚ ਕਰੋਧ ਆਦਿ ਕਸ਼ਾਏ ਦੀ ਪ੍ਰਮੁੱਖਤਾ ਹੁੰਦੀ ਹੈ ਜਦੋਂ ਕਿ ਸੰਲੇਖਨਾ ਵਿੱਚ ਕਸ਼ਾਏ ਦੀ ਅਣਹੋਂਦ ਹੈ। ਆਤਮ ਹੱਤਿਆ ਮਨੁੱਖ ਤਦ ਕਰਦਾ ਹੈ ਜਦ ਉਹ ਕਿਸੇ ਕਾਮਨਾ ਨੂੰ ਪੂਰਾ ਨਹੀਂ ਕਰ ਸਕਦਾ ਅਤੇ ਉਸ ਦੀ ਪੂਰਤੀ ਦੀ ਕਮੀ ਵਿੱਚ ਉਸਨੂੰ ਜੀਵਨ ਭਾਰ ਜਾਪਦਾ ਹੈ। ਇਸੇ ਘਬਰਾਹਟ ਵਿੱਚ ਉਹ ਆਤਮ ਹੱਤਿਆ ਕਰਦਾ ਹੈ। ਤੇਜ ਪੀੜ, ਜ਼ਖ਼ਮ ਹੋਣ ਤੇ ਆਤਮ ਹੱਤਿਆ ਕੀਤੀ ਜਾਂਦੀ ਹੈ, ਉਸ ਵਿੱਚ ਨਿਰਾਸ਼ਾ ਅਤੇ ਮਜਬੂਰੀ ਸਿਖਰ ਤੇ ਹੁੰਦੀ ਹੈ ਪਰ ਸੰਲੇਖਨਾ ਵਿੱਚ ਤੇਜੀ ਦੀ ਕੋਈ ਜਗ੍ਹਾ ਨਹੀਂ। ਸੰਪੂਰਨ ਸਮਾਧੀ ਅਵਸਥਾ ਵਿੱਚ ਸਾਧਕ ਹਸਦੇ ਹਸਦੇ ਆਪਣੇ ਪ੍ਰਾਣ ਤਿਆਗਦਾ ਹੈ।

**ਜੈਨ ਯੋਗ :**

ਆਤਮ ਵਿਕਾਸ ਦੇ ਲਈ ਯੋਗ ਇੱਕ ਪ੍ਰਮੁੱਖ ਸਾਧਨ ਹੈ। ਆਚਾਰੀਆ ਹਰਿਭੱਦਰ ਅਤੇ ਉਪਾਧਿਆ ਯਸ਼ੋਵਿਜੇ ਨੇ ਯੋਗ ਦੀ ਪਰਿਭਾਸ਼ਾ ਕਰਦੇ ਹੋਇਆਂ ਲਿਖਿਆ ਹੈ - "ਜਿਸ ਤੋਂ ਆਤਮਾ ਦੀ ਸ਼ੁੱਧੀ ਹੁੰਦੀ ਹੈ। ਕਰਮ ਮੈਲ ਨਸ਼ਟ ਹੁੰਦੀ ਹੈ ਅਤੇ ਮੋਕਸ਼ ਦਾ ਸੰਯੋਗ ਮਿਲਦਾ ਹੈ, ਉਹ ਯੋਗ ਹੈ।"

ਜੈਨ ਆਗਮ ਸਾਹਿਤ ਵਿੱਚ ਯੋਗ ਸ਼ਬਦ ਦਾ ਪ੍ਰਯੋਗ ਜਿਸ ਤਰ੍ਹਾਂ ਵੈਦਿਕ ਤੇ ਬੁੱਧ ਸਾਹਿਤ ਵਿੱਚ ਹੋਇਆ ਹੈ, ਉਸ ਰੂਪ ਵਿੱਚ ਨਾ ਹੋ ਕੇ ਮਨ, ਬਚਨ ਅਤੇ ਸ਼ਰੀਰ ਦੀ ਕਿਰਿਆ ਲਈ ਹੋਇਆ ਹੈ। ਜੈਨ ਪਰੰਪਰਾ ਦੇ ਯੋਗ ਵਿੱਚ ਤਪ ਅਤੇ ਧਿਆਨ ਤੇ ਜ਼ਿਆਦਾ ਜੋਰ ਦਿੱਤਾ ਗਿਆ ਹੈ। ਧਿਆਨ ਦਾ ਅਰਥ ਹੈ ਮਨ, ਬਚਨ ਤੇ ਕਾਇਆ ਦੇ ਯੋਗ (ਮੇਲ) ਨਾਲ ਆਤਮ ਚਿੰਤਨ ਨੂੰ ਕੇਂਦਰਿਤ ਕਰਨਾ ਭਾਵ ਇਕੱਠਾ ਕਰਨਾ। ਧਿਆਨ ਵਿੱਚ ਤਨ, ਮਨ ਅਤੇ ਬਚਨ ਸਥਿਰ ਹੋ ਜਾਂਦਾ ਹੈ। ਕੇਵਲ ਸਾਹ ਚਲਦਾ ਹੈ। ਸਾਹਾਂ ਤੋਂ ਛੁੱਟ ਸਾਰੀ ਕਿਰਿਆਵਾਂ ਨੂੰ ਰੋਕਣਾ ਜ਼ਰੂਰੀ ਹੈ। ਸਭ ਤੋਂ ਪਹਿਲਾਂ ਸ਼ਰੀਰ ਦੀਆਂ ਸਭ ਕ੍ਰਿਆਵਾਂ ਨੂੰ ਰੋਕਿਆ ਜਾਂਦਾ ਹੈ। ਬਚਨ ਨੂੰ ਕਾਬੂ ਕੀਤਾ ਜਾਂਦਾ ਹੈ। ਫੇਰ ਮਨ ਨੂੰ ਆਤਮ ਸਵਰੂਪ ਵਿੱਚ ਸਥਿਰ ਕੀਤਾ ਜਾਂਦਾ ਹੈ। ਤਨ ਅਤੇ ਬਚਨ ਦੀ ਸਾਧਨਾ ਦ੍ਰਵ ਸਾਧਨਾ ਹੈ ਅਤੇ ਮਨ ਦੀ ਸਾਧਨਾ ਭਾਵ ਸਾਧਨਾ ਹੈ। ਜੈਨ ਪ੍ਰੰਪਰਾ ਵਿੱਚ ਹਠ ਯੋਗ ਨੂੰ ਥਾਂ ਨਹੀਂ ਦਿੱਤਾ ਗਿਆ ਅਤੇ ਨਾ ਹੀ ਪ੍ਰਾਣਾਯਾਮ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਹਠ ਯੋਗ ਨਾਲ ਜੋ ਕਾਬੂ ਕੀਤਾ ਜਾਂਦਾ ਹੈ ਉਸ ਦਾ ਪੱਕਾ ਲਾਭ ਨਹੀਂ ਹੁੰਦਾ ਨਾ ਆਤਮਾ ਸ਼ੁੱਧੀ ਹੁੰਦੀ ਹੈ ਅਤੇ ਨਾ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਆਗਮ ਸਾਹਿਤ ਵਿੱਚ ਧਿਆਨ ਦੇ ਲੱਛਣ, ਉਸ ਦੇ ਭੇਦ, ਉਪਭੇਦ ਤੇ ਚਾਨਣ ਪਾਇਆ ਗਿਆ ਹੈ। ਆਚਾਰਿਆ ਭੱਦਰਾਵਾਹੂ ਸਵਾਮੀ ਨੇ 'ਆਵਸ਼ਯਕ ਨਿਰਯੁਕਤੀ' ਵਿੱਚ ਧਿਆਨ ਉਪਰ ਵਿਸ਼ਾਲ ਵਿਆਖਿਆ ਕੀਤੀ

ਹੈ। ਆਚਾਰਿਆ ਉਮਾਸਵਾਤੀ ਨੇ ਤੱਤਵਾਰਥ ਸੂਤਰ ਵਿੱਚ ਧਿਆਨ ਤੇ ਚਿੰਤਨ ਕੀਤਾ ਹੈ। ਜਿਨ ਭਦਰ ਸ਼ਮਾਸ਼੍ਰਮਣ ਨੇ ਧਿਆਨਸ਼ਤਕ ਦੀ ਰਚਨਾ ਕੀਤੀ। ਉਨ੍ਹਾਂ ਖੁਦ ਧਿਆਨ ਦੀ ਸਾਧਨਾ ਕਰਕੇ ਜੋ ਅਨੁਭਵ ਅੰਮ੍ਰਿਤ ਪ੍ਰਾਪਤ ਕੀਤਾ ਉਸੇ ਨੂੰ ਆਪਣੇ ਗਰੰਥ ਵਿੱਚ ਵਰਨਣ ਕੀਤਾ ਹੈ। ਆਚਾਰੀਆ ਹਰੀਭੱਦਰ ਨੇ ਜੈਨ ਯੋਗ ਤਰੀਕੇ ਦਾ ਨਵੇਂ ਢੰਗ ਨਾਲ ਪੇਸ਼ ਕੀਤਾ। ਉਨ੍ਹਾਂ ਯੋਗ ਬਿੰਦੂ, ਯੋਗ ਦ੍ਰਿਸ਼ਟੀ ਸਮੁਚਯ, ਯੋਗ ਵਿਹਿਸ਼ਕਾ, ਯੋਗ ਸ਼ਤਕ ਅਤੇ ਸ਼ੋਡਸਕ ਆਦਿ ਅਨੇਕਾਂ ਗਰੰਥਾਂ ਦੀ ਰਚਨਾ ਕੀਤੀ। ਇਹਨਾਂ ਗਰੰਥਾਂ ਵਿੱਚ ਜੈਨ ਪਰੰਪਰਾ ਦੇ ਅਨੁਸਾਰ ਯੋਗ ਦਾ ਵਿਸ਼ਲੇਸ਼ਣ ਦੇ ਨਾਲ ਨਾਲ ਪਾਤੰਜਲੀ ਦੀ ਯੋਗ ਸਾਧਨਾ ਤੇ ਪਰਿਭਾਸ਼ਾ ਦੇ ਨਾਲ ਜੈਨ ਯੋਗ ਦੇ ਲਈ ਯੋਗ ਅਧਿਕਾਰੀ ਅਪੁਨਾਬੰਧਕ, ਸਮਿੱਅਕ, ਦ੍ਰਿਸ਼ਟੀ, ਦੇਸ਼ ਵਿਰਤੀ, ਇਹ ਚਾਰ ਭਾਗ ਕੀਤੇ ਗਏ ਹਨ। ਯੋਗ ਦੀ ਭੂਮਿਕਾ ਦਾ ਚਿੰਤਨ ਕਰਦੇ ਹੋਏ ਅਧਿਆਤਮ, ਭਾਵਨਾ, ਧਿਆਨ, ਸਮਤਾ, ਵਿਰਤੀ ਸੰਕਸ਼ੇ ਵਿੱਚ ਇਹ ਪੰਜ ਪ੍ਰਕਾਰ ਦੱਸੇ ਗਏ ਹਨ।

ਯੋਗ ਦ੍ਰਿਸ਼ਟੀ ਸਮੁਚਯ ਵਿੱਚ ਔਘ ਦ੍ਰਿਸ਼ਟੀ ਤੇ ਯੋਗ ਦ੍ਰਿਸ਼ਟੀ ਤੇ ਵਿਚਾਰ ਕੀਤਾ ਗਿਆ। ਪਹਿਲੇ ਭੇਦ ਵਿੱਚ ਮੁੱਢਲੀ ਅਵਸਥਾ ਤੋਂ ਵਿਕਾਸ ਦੀ ਆਖਰੀ ਅਵਸਥਾ ਤੱਕ ਦੀਆਂ ਭੂਮਿਕਾਵਾਂ ਦੇ ਕਰਮ ਮੇਲ ਪੱਖੋਂ ਮੇਲ ਦੀ ਦ੍ਰਿਸ਼ਟੀ ਨਾਲ, ਮਿੱਤਰਾ, ਤਾਰਾ, ਬਲਾ, ਦੀਪਰਾ, ਸਥਿਰਾ, ਕਾਂਤਾ, ਪ੍ਰਭਾ ਅਤੇ ਪਰਾ ਇਹ ਅੱਠ ਹਿੱਸੇ ਕੀਤੇ ਗਏ ਹਨ। ਇਹ ਅੱਠ ਹਿੱਸਿਆਂ ਦੀ ਤੁਲਨਾ ਪਾਤੰਜਲ ਯੋਗ ਸੂਤਰ ਦੇ ਯਮ, ਨਿਅਮ, ਆਸਨ, ਪ੍ਰਾਣਾਯਾਮ, ਪ੍ਰਤਿਆਹਾਰ, ਧਾਰਨਾ, ਧਿਆਨ ਅਤੇ ਸਮਾਧੀ ਨਾਲ ਕੀਤੀ ਜਾ ਸਕਦੀ ਹੈ। ਆਚਾਰੀਆਂ ਹੇਮ ਚੰਦਰ ਜੀ ਨੇ ਯੋਗ ਸ਼ਾਸ਼ਤਰ ਵਿੱਚ ਜੈਨ ਦ੍ਰਿਸ਼ਟੀ ਕੋਨ ਤੋਂ ਆਸਨ, ਪ੍ਰਾਣਾਯਾਮ ਦਾ ਵਿਸ਼ਾਲ ਵਰਨਣ ਕੀਤਾ ਹੈ। ਪਦੱਸਥ, ਪਿੰਡਸਥ, ਰੂਪਸਥ ਤੇ ਰੂਪਾਤਿਤ ਇਹ ਚਾਰ ਧਿਆਨਾਂ ਦਾ ਸਵਰੂਪ ਫੁਰਮਾਇਆ ਹੈ। ਵਿਕਸ਼ਿਪਤ, ਯਾਤਾਯਾਤ, ਸਲਿਸ਼ਟ,

ਮਲੀਨ ਮਨ ਦੀ, ਇਨ੍ਹਾਂ ਚਾਰ ਅਵਸਥਾਵਾਂ ਦਾ ਵਰਨਣ ਕੀਤਾ ਹੈ ਜੋ ਉਨ੍ਹਾਂ ਦੀ ਆਪਣੀ ਦੇਣ ਹੈ। ਆਚਾਰੀਆ ਸ਼ੁਭਚੰਦਰ ਦੀ ਗਿਆਨਾਰਣਵ ਇੱਕ ਮਹੱਤਵਪੂਰਨ ਰਚਨਾ ਹੈ। ਉਸ ਵਿੱਚ ਪ੍ਰਾਣਾਯਾਮ ਤੇ ਧਿਆਨ ਦੇ ਸਵਰੂਪ ਦਾ ਵਰਨਣ ਹੈ। ਉਪਾਧਿਆ ਯਸ਼ੋਵਿਜੈ ਜੀ ਨੇ ਆਪਣੇ ਅਧਿਆਤਮਸਾਰ, ਅਧਿਆਤਮ ਉਪਨਿਸ਼ਦ ਯੋਗ ਅਵਤਾਰ ਬਤਿਸ਼ੀ, ਪਾਤੰਜਲਯੋਗ ਸੂਤਰ ਵਿਰਤੀ, ਯੋਗ ਵਿਸੰਕਾ, ਯੋਗ ਦ੍ਰਿਸ਼ਟੀ ਕੀ ਸਵਾਧਿਐ ਆਦਿ ਗਰੰਥਾਂ ਵਿੱਚ ਜੈਨ ਦ੍ਰਿਸ਼ਟੀ ਤੋਂ ਯੋਗ ਤੇ ਚਿੰਤਨ ਨਹੀਂ ਹੈ। ਉਨ੍ਹਾਂ ਗਰੰਥਾਂ ਤੋਂ ਉਨ੍ਹਾਂ ਦੀ ਨਿਰਪੱਖ ਭਾਵਨਾ, ਗੁਣ ਗ੍ਰਹਿਣ ਦੀ ਆਦਤ ਅਤੇ ਸੁਮੇਲ ਭਾਵਨਾ ਦਾ ਸਾਫ ਪਤਾ ਚਲਦਾ ਹੈ।

ਇਸ ਪ੍ਰਕਾਰ ਜੈਨ ਪਰੰਪਰਾ ਵਿੱਚ ਯੋਗ ਦਾ ਆਪਣਾ ਖਾਸ ਸਥਾਨ ਹੈ ਅਤੇ ਖਾਸ ਤਰੀਕਾ ਹੈ।

# ਜੈਨ ਤੱਤਵ ਦਰਸ਼ਨ - 3

ਭਾਰਤੀ ਦਰਸ਼ਨਾਂ ਵਿੱਚ ਜੈਨ ਦਰਸ਼ਨ ਦਾ ਵਿਸ਼ੇਸ਼ ਸਥਾਨ ਹੈ। ਇਹ ਦਰਸ਼ਨ ਆਪਣੀ ਅਨੋਖੀ ਅਤੇ ਅਪੂਰਵ ਵਿਸ਼ੇਸ਼ਤਾਵਾਂ ਦੇ ਕਾਰਨ ਆਮ ਲੋਕਾਂ ਦੇ ਮਨ ਨੂੰ ਖਿੱਚਦਾ ਰਿਹਾ ਹੈ। ਜੈਨ ਦਰਸ਼ਨ ਵਿੱਚ ਸ਼ਰਧਾ ਅਤੇ ਮੇਧਾ ਦਾ ਇਕੋ ਰੂਪ ਵਿੱਚ ਵਿਕਾਸ ਹੋਇਆ ਹੈ। ਮਨੁੱਖੀ ਜੀਵਨ ਦੇ ਵਿਕਾਸ ਵਿੱਚ ਸ਼ਰਧਾ ਦੀ ਜ਼ਰੂਰਤ ਹੈ ਅਤੇ ਮੇਧਾ ਨੂੰ ਸ਼ਰਧਾ ਦੀ। ਇਸ ਲਈ ਜੈਨ ਦਰਸ਼ਨ ਵਿੱਚ ਸ਼ਰਧਾ ਤੇ ਮੇਧਾ ਦਾ ਸੁਤੰਤਰ ਰੂਪ ਵਿੱਚ ਵਿਕਾਸ ਦਾ ਮੌਕਾ ਹੁੰਦੇ ਹੋਏ ਵੀ ਉਹ ਇਕ ਦੂਸਰੇ ਦਾ ਪੂਰਕ ਹੈ। ਜੈਨ ਪਰੰਪਰਾ ਇੱਕ ਧਰਮ ਹੈ ਤਾਂ ਦੂਸਰੇ ਪਾਸੇ ਦਰਸ਼ਨ ਵੀ ਹੈ।

ਜੈਨ ਦਰਸ਼ਨ ਵਿੱਚ ਜਿੰਨ੍ਹਾਂ ਮਹੱਤਵ ਸ਼ਰਧਾ ਨੂੰ ਮਿਲਿਆ ਹੈ, ਉਨ੍ਹਾਂ ਮਹੱਤਵ ਤਰਕ ਨੂੰ ਵੀ ਮਿਲਿਆ ਹੈ। ਜਦ ਅਸੀਂ ਸ਼ਰਧਾ ਦੀ ਦ੍ਰਿਸ਼ਟੀ ਤੇ ਵੇਖਦੇ ਹਾਂ ਤਾਂ ਜੈਨ ਪਰੰਪਰਾ ਧਰਮ ਵਿਖਾਈ ਦਿੰਦੀ ਹੈ ਅਤੇ ਤਰਕ ਦੇ ਪੱਖੋਂ ਵੇਖਣ ਨਾਲ ਦਰਸ਼ਨ। ਜੈਨ ਪਰੰਪਰਾ ਦਾ ਜਿੰਨਾ ਵੀ ਆਚਾਰ ਪੱਖ ਹੈ ਉਸ ਦਾ ਮੂਲ ਅਹਿੰਸਾ ਹੈ ਅਤੇ ਵਿਚਾਰ ਪੱਖ ਦਾ ਮੂਲ ਆਧਾਰ ਅਨੇਕਾਂਤ ਹੈ।

ਅਹਿੰਸਾ ਦੀ ਵਿਆਖਿਆ ਜੈਨ ਧਰਮ ਤੋਂ ਛੁੱਟ ਹੋਰ ਧਰਮ ਵਿੱਚ ਵੀ ਮਿਲਦੀ ਹੈ। ਪਰ ਅਹਿੰਸਾ ਦਾ ਜਿੰਨਾ ਸੂਖਮ ਵਿਸ਼ਲੇਸ਼ਣ ਜੈਨ ਧਰਮ ਵਿੱਚ ਕੀਤਾ ਗਿਆ ਹੈ, ਉਨ੍ਹਾਂ ਸੰਸਾਰ ਦੇ ਕਿਸੇ ਧਰਮ ਵਿੱਚ ਨਹੀਂ। ਜ਼ਮੀਨ, ਪਾਣੀ, ਅੱਗ, ਹਵਾ, ਬਨਾਸਪਤੀ, ਦੋ ਇੰਦਰੀਆਂ, ਤਿੰਨ ਇੰਦਰੀਆਂ, ਚਾਰ ਇੰਦਰੀਆਂ ਅਤੇ ਪੰਜ ਇੰਦਰੀਆਂ ਦੀ ਪਰਵਿਰਤੀ, ਕਿਸੇ ਵੀ ਪ੍ਰਾਣੀ ਦੀ ਮਨ, ਵਚਨ ਤੇ ਕਾਇਆ ਤੇ ਹਿੰਸਾ ਨਾ ਕਰਨਾ, ਨਾ ਕਰਵਾਉਣਾ ਅਤੇ ਨਾ ਹਿਮਾਇਤ ਕਰਨਾ - ਜੈਨ ਧਰਮ ਦੀ ਆਪਣੀ ਵਿਸ਼ੇਸ਼ਤਾ ਹੈ। ਸਾਰੇ ਜੀਵ ਜਿਉਣਾ ਚਾਹੁੰਦੇ ਹਨ, ਕੋਈ ਪ੍ਰਾਣੀ ਦੁੱਖ ਨਹੀਂ ਚਾਹੁੰਦਾ। ਸਾਰਿਆਂ ਨੂੰ ਸੁੱਖ ਚੰਗਾ ਲਗਦਾ ਹੈ। ਦੁੱਖ ਮਾੜਾ ਲਗਦਾ ਹੈ। ਇਸ ਲਈ ਕਿਸੇ ਵੀ ਪ੍ਰਾਣੀ ਨੂੰ ਕਸ਼ਟ ਨਹੀਂ ਦੇਣਾ

ਚਾਹੀਦਾ। ਅਹਿੰਸਾ ਨੂੰ ਕੇਂਦਰ ਮੰਨ ਕੇ ਹੀ ਸੱਚ, ਅਸਤੇ, ਬ੍ਰਹਮਚਰਜ ਅਤੇ ਅਪਰਿਗ੍ਰਹਿ ਦਾ ਵਿਕਾਸ ਹੋਇਆ ਹੈ। ਅਹਿੰਸਾ ਮਾਨਵ ਮਨ ਦੀ ਇੱਕ ਵਿਰਤੀ ਹੈ, ਭਾਵਨਾ ਹੈ, ਜਿਵੇਂ ਆਚਾਰ ਪੱਖ ਵਿੱਚ ਅਹਿੰਸਾ ਨੂੰ ਪ੍ਰਮੁੱਖਤਾ ਦਿੱਤੀ ਗਈ, ਹੈ, ਉਥੇ ਵਿਚਾਰ ਵਿੱਚ ਅਨੇਕਾਂਤ ਦੀ ਪ੍ਰਮੁੱਖਤਾ ਹੈ।

<u>ਅਨੇਕਾਂਤਵਾਦ :</u>

ਅਨੇਕਾਂਤਵਾਦ ਜੈਨ ਦਰਸ਼ਨ ਦਾ ਆਧਾਰ ਹੈ - ਜੈਨ ਤਤਵ ਗਿਆਨ ਦਾ ਵਿਸ਼ਾਲ ਭਵਨ ਇਸ ਦੀ ਨੀਂਹ ਤੇ ਟਿਕਿਆ ਹੋਇਆ ਹੈ। ਜੈਨ ਧਰਮ ਨੇ ਜਿਸ ਕਿਸੇ ਵੀ ਵਸਤੂ ਦੇ ਬਾਰੇ ਚਿੰਤਨ ਕੀਤਾ ਹੈ ਤਾਂ ਅਨੇਕਾਂਤਵਾਦੀ ਦ੍ਰਿਸ਼ਟੀ ਤੋਂ ਕੀਤਾ ਹੈ। ਅਨੇਕਾਂਤਵਾਦ ਦਾ ਅਰਥ ਹੈ ਵਸਤੂ ਦੇ ਭਿੰਨ-ਭਿੰਨ ਦ੍ਰਿਸਟੀਕੋਨ ਤੋਂ ਚਿੰਤਨ ਕਰਨਾ। ਇਕ ਹੀ ਦ੍ਰਿਸ਼ਟੀ ਤੋਂ ਕਿਸੇ ਵਸਤੂ ਦਾ ਚਿੰਤਨ ਕਰਨਾ ਅਧੂਰਾ ਹੈ। ਕਿਉਂਕਿ ਹਰ ਪਦਾਰਥ ਚਾਹੇ ਛੋਟਾ ਹੋਵੇ, ਚਾਹੇ ਵੱਡਾ, ਉਸ ਵਿੱਚ ਅਨੰਤ ਧਰਮ (ਗੁਣ) ਰਹੇ ਹੋਏ ਹਨ। ਧਰਮ ਦਾ ਅਰਥ ਗੁਣ ਤੇ ਵਿਸ਼ੇਸ਼ਤਾ ਹੈ। ਜਿਵੇਂ ਇੱਕ ਫਲ ਹੈ, ਉਸ ਵਿੱਚ ਸ਼ਕਲ ਵੀ ਹੈ, ਰਸ ਵੀ ਹੈ, ਗੰਧ ਵੀ ਹੈ, ਆਕਾਰ ਵੀ ਹੈ, ਭੁੱਖ ਸ਼ਾਂਤ ਕਰਨ ਦੀ ਸ਼ਕਤੀ ਹੈ, ਅਨੇਕਾਂ ਰੋਗਾਂ ਨੂੰ ਨਸ਼ਟ ਕਰਨ ਦੀ ਸ਼ਕਤੀ ਹੈ ਅਤੇ ਅਨੇਕਾਂ ਰੋਗਾਂ ਨੂੰ ਵਧਾਉਣ ਦੀ ਵੀ ਸ਼ਕਤੀ ਹੈ। ਇਸ ਪ੍ਰਕਾਰ ਉਸ ਵਿੱਚ ਅਨੰਤ ਧਰਮ (ਸੁਭਾਅ) ਹਨ। ਹਰ ਪਦਾਰਥ ਨੂੰ ਦ੍ਰਵ ਤੇ ਪਰਿਆਏ - ਸਥਿਰ ਰੂਪ ਅਤੇ ਅਸਥਿਰ ਅਵਸਥਾ ਦੋਹਾਂ ਦ੍ਰਿਸ਼ਟੀਆਂ ਤੋਂ ਸਮਝਣਾ ਅਨੇਕਾਂਤ ਹੈ।

ਅਨੇਕਾਂਤਵਾਦ ਵਿੱਚ 'ਵੀ' ਦਾ ਪ੍ਰਯੋਗ ਹੁੰਦਾ ਹੈ, ਏਕਾਂਤਵਾਦ ਵਿੱਚ 'ਹੀ' ਦਾ ਪ੍ਰਯੋਗ ਹੁੰਦਾ ਹੈ। <u>ਜਿਵੇਂ ਫਲ ਵਿੱਚ ਰੂਪ ਵੀ ਹੈ - ਇਹ ਅਨੇਕਾਂਤਾਵਾਦ ਹੈ। ਫਲ ਵਿੱਚ ਰੂਪ ਹੀ ਹੈ ਇਹ ਏਕਾਂਤਵਾਦ ਹੈ। 'ਵੀ' ਵਿੱਚ ਹੋਰ ਧਰਮ ਦੀ ਹੋਂਦ ਦਾ ਗਿਆਨ ਹੈ ਜਦ ਕਿ 'ਹੀ' ਵਿੱਚ ਦੂਸਰੇ ਸਾਰੇ ਧਰਮਾਂ ਤੋਂ ਨਾਂਹ ਹੈ।</u> ਅਨੇਕਾਂਤਵਾਦ ਵਿੱਚ ਧਰਮ ਦੀ ਮੰਨਜ਼ੂਰੀ ਕਰਦੇ ਸਮੇਂ ਦੂਸਰੇ ਹੋਰ ਧਰਮਾਂ ਪ੍ਰਤੀ ਚੁੱਪ ਰਹਿੰਦਾ ਹੈ, ਹੋਰ ਪੱਖਾਂ ਦੀ ਭਾਵਨਾ ਰਖਦਾ ਹੈ।

ਕਲਪਨਾ ਕਰੋ ਇੱਕ ਆਦਮੀ ਨੇ ਕਿਸੇ ਨੂੰ ਕਿਹਾ 'ਪਿਤਾ ਜੀ', ਦੂਸਰੇ ਨੇ ਕਿਹਾ 'ਪੁੱਤਰ', ਤੀਸਰੇ ਨੇ ਕਿਹਾ 'ਭਾਈ', ਚੌਥੇ ਨੇ ਕਿਹਾ, 'ਅਧਿਆਪਕ', ਪੰਜਵੇ ਨੇ ਕਿਹਾ 'ਪਤੀ', ਇਸ ਪ੍ਰਕਾਰ ਕੋਈ ਤਾਇਆ, ਕੋਈ ਮਾਮਾ, ਕੋਈ ਭਾਣਜਾ ਆਦਿ ਭਿੰਨ ਭਿੰਨ ਰੂਪਾਂ ਵਿੰਚ ਪੁਕਾਰਦਾ ਹੈ। ਉਹ ਪੁੱਤਰ ਪਿਤਾ ਦੇ ਪੱਖੋਂ ਪਿਤਾ ਹੈ। ਪਿਤਾ ਦੇ ਪੱਖੋਂ ਪੁੱਤਰ ਹੈ, ਪਤਨੀ ਤੇ ਪੱਖੋਂ ਪਤੀ ਹੈ, ਵਿਦਿਆਰਥੀ ਦੇ ਪੱਖੋਂ ਅਧਿਆਪਕ ਹੈ। ਇਸ ਪ੍ਰਕਾਰ ਉਸ ਵਿੱਚ ਭਿੰਨ ਭਿੰਨ ਧਰਮ ਹਨ।

ਇਕ ਆਦਮੀ ਆਖਦਾ ਹੈ - ਮੈਂ ਬਹੁਤ ਉੱਚਾ ਹਾਂ। ਦੂਸਰੇ ਨੇ ਕਿਹਾ ਕਿ ਤੁਸੀਂ ਪਹਾੜ ਤੋਂ ਜ਼ਿਆਦਾ ਉੱਚੇ ਹੋ? ਉਹ ਆਖਦਾ ਹੈ - ਮੈਂ ਛੋਟਾ ਹਾਂ। ਦੂਸਰੇ ਨੇ ਕਿਹਾ ਕਿ - ਤੂੰ ਕੀੜੀ ਤੋਂ ਬੜਾ ਹੈ, ਇਹ ਪ੍ਰਕਾਰ ਸਾਪੇਕਸ਼ਵਾਦ ਪੱਖੋਂ ਹਰ ਵਸਤੂ ਛੋਟੀ ਵੀ ਹੈ, ਵੱਡੀ ਵੀ ਹੈ। ਇੱਕ ਦ੍ਰਿਸ਼ਟੀ ਤੋਂ ਅਨਿੱਤ (ਹਮੇਸ਼ਾਂ ਨਾ ਰਹਿਣ ਵਾਲੀ) ਵੀ ਹੈ। ਜਿਵੇਂ ਇੱਕ ਆਦਮੀ ਨੇ ਕੰਗਣ ਤੋਂ ਅੰਗੂਠੀ ਬਣਵਾਈ ਅਤੇ ਦੂਸਰੇ ਨੇ ਚੇਨ ਬਣਵਾਈ। ਸ਼ਕਲ ਬਦਲ ਗਈ, ਪਰ ਸੋਨਾ ਕੰਗਣ, ਅੰਗੂਠੀ, ਚੈਨ ਵਿੱਚ ਕਾਇਮ ਹੈ। ਸੋਨੇ (ਦਰਵ) ਪੱਖੋਂ ਕੋਈ ਪਰਿਵਰਤਨ ਨਹੀਂ ਹੋਇਆ। ਪਰਿਆਏ (ਆਕਾਰ) ਵਿੱਚ ਪਰਿਵਰਤਨ ਹੁੰਦਾ ਹੈ। ਉਸ ਵਿੰਚ ਉਤਪਤੀ ਅਤੇ ਵਿਨਾਸ਼ ਹੁੰਦਾ ਹੈ, ਕਿਉਂਕਿ ਦਰਵ ਦ੍ਰਿਸ਼ਟੀ ਤੋਂ ਉਹ ਧਰੁਵ (ਹਮੇਸ਼ਾਂ ਰਹਿਣ ਵਾਲਾ) ਹੈ। ਅਨੇਕਾਂਤ ਕਿਸੇ ਇਕ ਧਰਮ ਤੇ ਜੋਰ ਨਾ ਦੇ ਕੇ, ਭਿੰਨ ਭਿੰਨ ਪੱਖਾਂ ਨੂੰ ਸਮਝਣ ਦਾ ਮੌਕਾ ਦਿੰਦਾ ਹੈ।

ਅਨੇਕਾਂਤ ਦ੍ਰਿਸ਼ਟੀ ਨੂੰ ਜਿਸ ਭਾਸ਼ਾ ਦੇ ਰਾਹੀਂ ਜਾਹਿਰ ਕੀਤਾ ਜਾਂਦਾ ਹੈ ਉਹ ਸਿਆਦਵਾਦ ਹੈ। ਅਨੇਕਾਂਤ ਦ੍ਰਿਸ਼ਟੀ ਹੈ ਅਤੇ ਸਿਆਦਵਾਦ ਉਸ ਦ੍ਰਿਸ਼ਟੀ ਨੂੰ ਪ੍ਰਗਟ ਕਰਨ ਦਾ ਤਰੀਕਾ 'ਬਚਨ ਸ਼ੈਲੀ' ਹੈ। ਅਨੇਕਾਂਤਵਾਦ ਅਤੇ ਸਿਆਦਵਾਦ ਵਿੱਚ ਮੁੱਖ ਅੰਤਰ ਇਹ ਹੈ ਕਿ ਅਨੇਕਾਂਤ ਵਿਚਾਰ ਪ੍ਰਧਾਨ ਹੈ ਅਤੇ ਸਿਆਦਵਾਦ ਭਾਸ਼ਾ ਪ੍ਰਧਾਨ ਹੈ। ਜਦ ਤੱਕ ਦ੍ਰਿਸ਼ਟੀ ਵਿਚਾਰ ਰੂਪ ਹੈ, ਤਕ ਤੱਕ ਉਹ ਅਨੇਕਾਂਤ ਹੈ ਅਤੇ ਜਦ ਦ੍ਰਿਸ਼ਟੀ ਬਾਣੀ ਦੇ ਕਪੜੇ ਪਹਿਨਦੀ ਹੈ, ਤਾਂ ਉਹ ਸਿਆਦਵਾਦ ਬਣ ਜਾਂਦੀ ਹੈ। ਅਨੇਕਾਂਤਵਾਦ ਤਰਕ ਦਾ ਸਿਧਾਂਤ ਨਹੀਂ, ਸਗੋਂ

ਅਨੁਭਵ ਮੂਲਕ ਸਿਧਾਂਤ ਹੈ। ਇਸੇ ਲਈ ਆਚਾਰੀਆ ਹਰੀਭੱਦਰ ਨੇ ਅਨੇਕਾਂਤ ਬਾਰੇ ਕਿਹਾ ਹੈ "ਆਪਣੇ ਹੀ ਵਿਚਾਰਾਂ ਵਾਲਾ ਆਦਮੀ ਦੀ, ਜਿਸ ਵਿਸ਼ੇ ਸਬੰਧੀ ਬੁੱਧੀ ਹੁੰਦੀ ਹੈ ਉਸੇ ਵਿਸ਼ੇ ਵਿੱਚ ਉਹ ਆਪਣੀ ਜੁਗਤ ਲਗਾਉਂਦਾ ਹੈ ਪਰ ਇੱਕ ਨਿਰਪੱਖ ਆਦਮੀ ਉਸੇ ਗੱਲ ਨੂੰ ਸਵੀਕਾਰ ਕਰਦਾ ਹੈ ਜੋ ਜੁਗਤੀ ਨਾਲ ਸਿੱਧ ਹੁੰਦੀ ਹੈ।"

ਹਰ ਵਸਤੂ ਵਿੱਚ ਅਨੰਤ ਧਰਮ ਹੁੰਦੇ ਹਨ। ਇਸ ਲਈ ਅਨੇਕ ਧਰਮਾਤਮਕ ਵਸਤੂ ਦੀ ਵਿਆਖਿਆ ਲਈ ਸਿਆਦ ਸ਼ਬਦ ਦਾ ਇਸਤੇਮਾਲ ਦੀ ਜ਼ਰੂਰਤ ਰਹਿੰਦੀ ਹੈ। ਸਿਆਦ ਦਾ ਅਰਥ ਹੈ ਕਿਸੇ ਪੱਖ ਵਿਸ਼ੇਸ਼ ਤੋਂ, ਕਿਸੇ ਇੱਕ ਧਰਮ ਦੀ ਦ੍ਰਿਸ਼ਟੀ ਤੋਂ ਆਖਦਾ। ਇਸ ਵਿੱਚ ਸ਼ਕ ਨਹੀਂ ਕਿ ਵਸਤੂ ਦੇ ਹੋਰ ਗੁਣ ਸੁਭਾਅ ਦੀ ਅਤੇ ਅਪੇਕਸ਼ਾ ਪੂਰਵਕ ਆਪਣੇ ਕਥਨ ਦੀ ਸਿਫਾਰਿਸ਼ ਹੈ। ਕਿਉਂਕਿ ਵਸਤੂ ਦੇ ਅਨੰਤ ਧਰਮਾਂ ਵਿੱਚ ਕਿਸੇ ਇੱਕ ਧਰਮ ਦਾ ਵਿਚਾਰ ਉਸੇ ਪੱਖੋਂ ਕੀਤਾ ਜਾਂਦਾ ਹੈ, ਦੂਸਰੇ ਧਰਮ ਦਾ ਵਿਚਾਰ, ਦੂਸਰੀ ਦ੍ਰਿਸ਼ਟੀ ਤੋਂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਵਸਤੂ ਦੇ ਧਰਮ ਭੇਦ ਤੋਂ ਦ੍ਰਿਸ਼ਟੀ ਭੇਦ ਉਤਪੰਨ ਹੁੰਦਾ ਹੈ। ਇਸ ਅਪੇਕਸ਼ਾਵਾਦ ਜਾਂ ਸਪੇਕਸ਼ਾਵਾਦ ਦਾ ਨਾਉਂ ਹੀ ਸਿਆਦਵਾਦ ਹੈ। ਸਿਆਦਵਾਦ ਜੀਵਨ ਦੇ ਉਲਝੇ ਹੋਏ ਪ੍ਰਸ਼ਨਾਂ ਨੂੰ ਸੁਲਝਾਉਣ ਦੀ ਇੱਕ ਖਾਸ ਵਿਧੀ ਹੈ: ਉਸ ਵਿੱਚ ਨਾ ਅੱਧੇ ਸੱਚ ਦੀ ਕੋਈ ਜਗ੍ਹਾ ਹੈ ਨਾ ਸੰਕੇਵਾਦ (ਸ਼ੰਕੇ) ਦੀ। ਇਸ ਪੱਖ ਤੋਂ ਹਰ ਵਸਤੂ ਦਾ ਨਿਸ਼ਚੇ ਪੱਖੋਂ ਚਿੰਤਨ ਕਰਦਾ ਹੈ। ਇਸ ਲਈ ਅਨੇਕਾਂਤਵਾਦ ਨੂੰ ਸ਼ੰਕਵਾਦ ਜਾਂ ਸੰਦੇਹਵਾਦ ਨਹੀਂ ਕਿਹਾ ਜਾ ਸਕਦਾ, ਪਰ ਇਸ ਨੂੰ ਨਿਰਪੱਖ ਦ੍ਰਿਸ਼ਟੀ ਤੋਂ ਸੱਚ ਨੂੰ ਸਮਝਣ ਦੀ ਚਾਬੀ ਆਖ ਸਕਦੇ ਹਾਂ।

**ਸੰਪਤ ਭੰਗੀ :**

'ਸਿਆਦ' ਦਾ ਅਰਥ ਹੈ ਕਿਸੇ ਪੱਖ ਤੋਂ। ਤਰਕ ਸਾਸ਼ਤਰ ਦੇ ਅਨੁਸਾਰ ਕਿਸੇ ਵੀ ਪ੍ਰਸ਼ਨ ਦਾ ਉੱਤਰ ਸਤ ਪ੍ਰਕਾਰ ਨਾਲ ਦਿੱਤਾ ਜਾਂਦਾ ਹੈ। ਇਸ ਲਈ ਸਿਆਦਵਾਦ ਦੇ ਮਾਮਲੇ ਵਿੱਚ ਸਪਤਭੰਗੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜੈਨ ਦਰਸ਼ਨ ਵਸਤੂ ਦੇ ਸਵਰੂਪ ਦੀ ਵਿਆਖਿਆ ਕਰਦੇ ਸਮੇਂ ਭਿੰਨ ਭਿੰਨ

ਪੱਖਾਂ ਨੂੰ ਸਾਹਮਣੇ ਰੱਖਦਾ ਹੈ। ਇੱਕ ਹੀ ਵਸਤੂ ਕਿਸੇ ਪੱਖੋਂ ਸਤ (ਹੋਂਦ ਵਾਲੀ) ਹੈ ਦੂਸਰੇ ਪੱਖ ਤੋਂ ਅਸਤ (ਅਣਹੋਂਦ ਵਾਲੀ) ਹੈ। ਇੱਕ ਪੱਖ ਤੋਂ ਗ੍ਰਹਿਣ ਕਰਨ ਯੋਗ ਹੈ ਦੂਸਰੇ ਪੱਖੋਂ ਛੱਡਣਯੋਗ ਵੀ ਹੈ। ਇਸ ਪੱਖ ਨੂੰ ਲੈ ਕੇ ਸਤ ਭੰਗ ਬਣਦੇ ਹਨ :

1. **ਸਿਆਦ ਆਸਤੀ** - ਹਰ ਵਸਤੂ ਆਪਣੇ ਦਰਵ ਖੇਤਰ, ਕਾਲ ਤੇ ਭਾਵ (ਅਵਸਥਾ ਵਿਸ਼ੇਸ਼) ਪੱਖੋਂ ਸਤ ਹੈ।

2. **ਸਿਆਦ ਨਾਸਤੀ** - ਕਿਸੇ ਪੱਖੋਂ ਉਹ ਵਸਤੂ, ਪਰ (ਹੋਰ) ਦਰਵ, ਖੇਤਰ ਆਦਿ ਪੱਖੋਂ ਅਸਤ ਹੈ।

3. **ਸਿਆਦ-ਨਾਸਤੀ** - ਦੋਹਾਂ ਪੱਖਾਂ ਨੂੰ ਇਕ ਸਾਰ ਸਿਲਸਿਲੇ ਵਾਰ ਰੱਖਣ ਤੇ ਵਸਤੂ ਸਤ ਵੀ ਹੈ ਅਤੇ ਅਸਤ ਵੀ ਹੈ।

4. **ਸਿਆਦ ਅਵੱਕਤਵਯ** - ਦੋਹਾਂ ਪੱਖਾਂ ਨੂੰ ਇੱਕ ਸਾਰ ਰੱਖਣ ਤੇ ਵੀ ਕੁਝ ਨਹੀਂ ਕਿਹਾ ਜਾ ਸਕਦਾ, ਕਿਉਂਕਿ ਬੋਲਨਾ ਸਿਲਸਿਲੇ ਵਾਰ ਹੁੰਦਾ ਹੈ। ਜੇ ਦੋਹਾਂ ਨੂੰ ਇੱਕ ਵਾਰ ਬੋਲਿਆ ਜਾਵੇ ਤਾਂ ਅਵੱਕਤਵਯ ਹੋ ਜਾਵੇਗਾ ਨਾ ਆਖਣਯੋਗ ਹੋ ਜਾਵੇਗਾ।

5. **ਸਿਆਦਆਸਤੀ ਅਵੱਕਤਵਯ** - ਵਸਤੂ ਕਿਸੇ ਪੱਖੋਂ ਸਤ ਹੈ ਅਤੇ ਕਿਸੇ ਪੱਖੋਂ ਅਵਕਤਵਯ (ਨਾ ਆਖਣਯੋਗ) ਹੈ।

6. **ਸਿਆਦ ਨਾਸਤੀ ਅਵੱਕਤਵਯ** - ਵਸਤੂ ਕਿਸੇ ਪੱਖ ਤੋਂ ਨਹੀਂ ਹੈ ਅਤੇ ਕਿਸੇ ਪੱਖ ਤੋਂ ਨਾ ਆਖਣਯੋਗ ਹੈ।

7. **ਸਿਆਦਆਸਤੀ-ਨਾਸਤੀ ਅਵਕਤਵਯ** - ਕਿਸੇ ਪੱਖ ਤੋਂ ਹੈ, ਕਿਸੇ ਪੱਖ ਤੋਂ ਨਹੀਂ ਹੈ, ਪਰ ਇੱਕ ਸਮੇਂ ਉਸ ਨੂੰ ਆਖਿਆ ਨਹੀਂ ਜਾ ਸਕਦਾ। ਇਸ ਲਈ ਕਿਸੇ ਪੱਖੋਂ ਅਵਕਤਵਯ ਹੈ।

ਆਸਤੀ-ਨਾਸਤੀ ਦੀ ਤਰ੍ਹਾਂ ਨਿਤ-ਅਨਿਤ, ਭੇਦ-ਅਭੇਦ, ਖਾਸ-ਆਮ ਆਦਿ ਪੱਖਾਂ ਨੂੰ ਲੈ ਕੇ ਵੀ ਸਪਤ ਭੰਗੀ ਆਖੀ ਜਾ ਸਕਦੀ ਹੈ। ਅਸਲ ਵਿੱਚ ਇਹ ਆਖਣ ਸ਼ੈਲੀ ਦੇ ਸਤ ਪ੍ਰਕਾਰ ਜਾਂ ਵਿਕਲਪ ਹਨ।

**ਨਯ:**

ਅਨੇਕਾਂਤ ਦ੍ਰਿਸ਼ਟੀ ਦਾ ਮੂਲ ਆਧਾਰ **ਨਯ ਹੈ**। ਨਯ ਵਿੱਚ ਸਾਰੇ ਏਕਾਂਤਵਾਦੀ ਦਰਸ਼ਨ ਸ਼ਾਮਿਲ ਹੋ ਜਾਂਦੇ ਹਨ। **ਉਨ੍ਹਾਂ ਵਿੱਚ** ਸੁਮੇਲ ਸਥਾਪਿਤ ਕੀਤਾ ਜਾ ਸਕਦਾ ਹੈ। ਨਯ ਦਾ ਅਰਥ ਹੈ -ਪ੍ਰਮਾਣ ਰਾਹੀਂ ਗ੍ਰਹਿਣ ਕੀਤੀ ਵਸਤੂ ਦੇ ਇੱਕ ਦੇਸ਼ (ਭਾਗ) ਵਿੱਚ ਵਸਤੂ ਦਾ ਨਿਸ਼ਚੇ ਕਰਨਾ ਭਾਵ ਜਾਨਣ ਵਾਲੇ ਦਾ ਜੋ ਭਾਵ ਹੈ ਉਹ ਨਯ ਹੈ।

ਪਦਾਰਥ ਦੇ ਭਾਵ ਸਵਰੂਪ ਦਾ ਵਿਵੇਚਨ ਦੋ ਪ੍ਰਕਾਰ ਨਾਲ ਕੀਤਾ ਜਾ ਸਕਦਾ ਹੈ। ਦਰਵ ਰੂਪ ਤੋਂ ਅਤੇ ਪਰਿਆਏ (ਆਕਾਰ) ਰੂਪ ਤੋਂ। ਦਰਵ ਰੂਪ ਤੋਂ ਵਿਆਖਿਆ ਕਰਨਾ 'ਪ੍ਰਮਾਣ' ਹੈ ਅਤੇ ਪਰਿਆਏ (ਅਕਾਰ) ਰੂਪ ਤੋਂ ਵਿਆਖਿਆ ਕਰਨਾ ਨਯ ਹੈ। ਦਰਵ ਵਸਤੂ ਦਾ ਪੂਰਾ ਰੂਪ ਹੈ ਅਤੇ ਪਰਿਆਏ ਉਸ ਦੀ ਵਿਸ਼ੇਸ਼ ਹਾਲਤ ਹੈ। ਨਯ ਅੰਸ ਨੂੰ ਗ੍ਰਹਿਣ ਕਰਦਾ ਹੈ ਪ੍ਰਮਾਣ ਸੰਪੂਰਨ ਨੂੰ ਗ੍ਰਹਿਣ ਕਰਦਾ ਹੈ। ਇਸ ਲਈ ਪ੍ਰਮਾਣ ਨੂੰ ਸ਼ਕਲਾਦੇਸ਼ੀ ਅਤੇ ਨਯਅੰਸ ਨੂੰ ਵਿਕਲਾਦੇਸ਼ੀ ਆਖਿਆ ਜਾਂਦਾ ਹੈ। ਸਾਰੇ ਵਿਵਹਾਰ ਨਯ ਦੇ ਅਧੀਨ ਹਨ। ਨਯ ਦੀਆਂ (1) ਸੁਨਯ ਅਤੇ (2) ਦੁਰਨਯ ਦੋ ਕਿਸਮਾਂ ਹਨ। **ਸੁਨਯ** ਵਸਤੂ ਦੇ ਜ਼ਰੂਰੀ ਅੰਸ਼ ਨੂੰ ਮੁੱਖ ਰੂਪ ਵਿੱਚ ਗ੍ਰਹਿਣ ਕਰਕੇ ਬਾਕੀ ਅੰਸ਼ਾਂ ਨੂੰ ਨਹੀਂ ਦਸਦਾ। ਪਰ **ਦੁਰਨਯ** ਬਾਕੀ ਅੰਸ਼ਾਂ ਨੂੰ ਵੀ ਦਸਦਾ ਹੈ। ਨਯ ਦੇ ਅਨੰਤ ਭੇਦ ਹੋ ਸਕਦੇ ਹਨ, ਕਿਉਂਕਿ ਜਿੰਨੇ ਸ਼ਬਦ, ਬਚਨ, ਵਿਕਲਪ ਹਨ, ਉਨ੍ਹੇ ਹੀ ਨਯ ਹਨ।

ਸੰਖੇਪ ਵਿੱਚ ਨਯ ਨੂੰ ਸਤ ਭੇਦ ਵਿੱਚ ਵੰਡਿਆ ਗਿਆ ਹੈ। ਇੱਕ ਹੀ ਸ਼ਬਦ ਵਿਸ਼ਾਲ ਅਰਥ ਦੱਸਣ ਦੇ ਸਮਰਥ ਹੋਣ ਤੇ ਵੀ ਉਹ ਕ੍ਰਮਵਾਰ ਸਿਕੁੜਦਾ ਜਾਂਦਾ ਹੈ। ਉਹ ਸਤ ਨਯ ਇਸ ਪ੍ਰਕਾਰ ਹਨ :-

**1. ਨੈਗਮਨਯ** :

ਆਮ ਤੇ ਖਾਸ ਆਦਿ ਅਨੇਕਾਂ ਧਰਮ ਨੂੰ ਗ੍ਰਹਿਣ ਕਰਨ ਵਾਲਾ ਹੈ। ਇਹ ਨਯ ਅਸਲੀਅਤ ਦੇ ਨਾਲ ਇਲਾਜ ਨੂੰ ਵੀ ਗ੍ਰਹਿਣ ਕਰਦਾ ਹੈ। ਜਿਵੇਂ ਅਸੀਂ ਤਾਂਗੇ ਵਾਲੇ ਨੂੰ ਤਾਂਗਾ ਪੁਕਾਰਦੇ ਹਾਂ। ਵੀਰ ਪੁਰਸ਼ ਨੂੰ ਸ਼ੇਰ ਆਖਦੇ ਹਾਂ।

ਇਸ ਇਲਾਜ ਦਾ ਆਧਾਰ ਕਦੇ ਗੁਣ, ਕਦੇ ਉਸੇ ਤਰ੍ਹਾਂ ਅਤੇ ਕਦੇ ਸਬੰਧ ਹੈ। ਜਿਵੇਂ ਤਾਂਗੇ ਅਤੇ ਤਾਂਗੇਵਾਲੇ ਦੀ ਮਲਕੀਅਤ ਦਾ ਸਬੰਧ ਹੈ, ਇਸ ਨਯ ਦਾ ਖੇਤਰ ਜ਼ਿਆਦਾ ਫੈਲਿਆ ਹੋਇਆ ਹੈ। ਸੰਕਲਪ ਜਾਂ ਕਲਪਨਾ ਪੱਖੋਂ ਹੋਣ ਵਾਲਾ ਵਿਚਾਰ ਨੈਗਮਨਯ ਹੈ।

2. **ਸੰਗ੍ਰਹਿਨਯ** :

ਵਿਸ਼ੇਸ਼ ਨਯ ਦੀ ਪਰਵਾਹ ਨਾ ਕਰਕੇ, ਵਸਤੂ ਨੂੰ ਸਾਧਾਰਣ ਰੂਪ ਵਿੱਚ ਜਾਨਣਾ ਅਤੇ ਸਾਰੇ ਪਦਾਰਥਾਂ ਨੂੰ ਠੀਕ ਢੰਗ ਨਾਲ ਇਕੱਠਾ ਕਰਕੇ ਜੋ ਅਭੇਦ ਰੂਪ ਤੋਂ ਗ੍ਰਹਿਣ ਕਰਦਾ ਹੈ ਉਹ ਸੰਗ੍ਰਹਿ ਨਯ ਹੈ। ਜਿਵੇਂ ਜੀਵ ਆਖਣ ਨਾਲ ਸਾਰੇ ਤ੍ਰਸ (ਹਿਲਣ ਤੇ ਚੱਲਣ ਵਾਲੇ) ਸਥਾਵਰ (ਪ੍ਰਿਥਵੀ, ਪਾਣੀ, ਹਵਾ, ਅੱਗ ਤੇ ਬਨਸਪਤੀ) ਦੇ ਸਾਰੇ ਜੀਵਾਂ ਦਾ ਗਿਆਨ ਹੋ ਜਾਂਦਾ ਹੈ। ਸਮੂਹ ਦੇ ਪੱਖੋਂ ਹੋਣ ਵਾਲਾ ਇਹ ਸੰਗ੍ਰਹਿਨਯ ਹੈ।

3. **ਵਿਵਹਾਰਨਯ** :

ਸੰਗ੍ਰਹਿਨਯ ਰਾਹੀਂ ਗ੍ਰਹਿਣ ਕੀਤੇ ਪਦਾਰਥਾਂ ਦਾ ਭਾਗ ਕਰਕੇ ਉਨ੍ਹਾਂ ਵੰਡੇ ਭਾਗਾਂ ਨੂੰ ਗ੍ਰਹਿਣ ਕਰਨਾ ਜਿਵੇਂ ਮਨੁੱਖ ਨੂੰ ਬ੍ਰਾਹਮਣ, ਖਤਰੀ, ਵੈਸ਼ਯ ਆਦਿ ਜਾਤੀਆਂ ਵਿੱਚ ਵੰਡਣਾ। ਸੰਗ੍ਰਹਿਨਯ ਦਾ ਪੱਖ ਅਭੇਦ ਵੱਲ ਜਾਂਦਾ ਹੈ ਤਾਂ ਵਿਵਹਾਰ ਨਯ ਦਾ ਪੱਖ ਭੇਦ ਵੱਲ। ਵਿਅੱਕਤੀ ਦੇ ਪੱਖ ਤੋਂ ਹੋਣ ਵਾਲਾ ਵਿਚਾਰ ਵਿਵਹਾਰਨਯ ਹੈ।

4. **ਰਿਜੂਨਯ** :

ਰਿਜੂ ਤੋਂ ਭਾਵ ਹੈ ਸਰਲ। ਇਹ ਵਰਤਮਾਨ ਅਵਸਥਾ ਨੂੰ ਲੈ ਕੇ ਚੱਲਣ ਵਾਲਾ ਨਯ ਹੈ। ਰਿਜੂਨਯ ਦੀ ਦ੍ਰਿਸਟੀ ਵਿੱਚ ਜਿਸ ਆਦਮੀ ਦਾ ਮੁੱਖ ਧੰਦਾ ਪੜਾਉਣਾ ਹੈ ਉਸ ਨੂੰ ਅਧਿਆਪਕ ਆਖਣਾ। ਚਾਹੇ ਉਹ ਸੌਂ ਰਿਹਾ ਹੈ, ਭਜਨ ਕਰ ਰਿਹਾ ਹੈ, ਉਸ ਸਮੇਂ ਵੀ ਉਹ ਅਧਿਆਪਕ ਹੀ ਹੈ। ਵਸਤੂ ਦੇ ਮੁੱਖ ਗੁਣ ਨੂੰ ਜਾਹਿਰ ਕਰਦਾ ਹੈ। ਵਰਤਮਾਨ ਅਵਸਥਾ ਤੋਂ ਹੋਣ ਵਾਲਾ ਵਿਚਾਰ ਰਿਜੂਨਯ ਹੈ।

**5. ਸ਼ਬਦਨਯ** :

ਰਿਜਸੂਤਰ ਨਯ ਕੇਵਲ ਵਰਤਮਾਨ ਕਾਲ ਤੇ ਹੀ ਦ੍ਰਿਸ਼ਟੀ ਰਖਦਾ ਹੈ। ਪਰ ਸ਼ਬਦਨਯ ਲਿੰਗ, ਕਾਰਕ, ਸੰਖਿਆ ਆਦਿ ਭੇਦ ਹੋਣ ਤੇ ਵੀ ਵਸਤੂ ਦੇ ਆਪਸੀ ਭੇਦ ਨੂੰ ਮੰਨਦਾ ਹੈ ਜਿਵੇਂ ਨਗਰ ਅਤੇ ਪੁਰ ਸ਼ਬਦਨਯ ਦੀ ਦਿਸ਼ਟੀ ਤੋਂ ਅਲੱਗ ਹਨ।

**6. ਸਮਭਿਰੂੜਨਯ** :

ਇਹ ਨਯ ਪਰਿਆਏ ਵਾਚੀ (ਸਮਾਨਅਰਥ) ਸ਼ਬਦਾਂ ਵਿੱਚ ਭਿੰਨ ਅਰਥਾਂ ਨੂੰ ਪ੍ਰਗਟ ਕਰਦਾ ਹੈ। ਇਸ ਉਤਪਤੀ ਦੇ ਭੇਦ ਤੋਂ ਪਰਿਆਏਵਾਚੀ ਸ਼ਬਦਾਂ ਦੇ ਅਰਥ ਵਿੱਚ ਭੇਦ ਸਵੀਕਾਰ ਕਰਦਾ ਹੈ, ਜਿਵੇਂ ਇੰਦਰ, ਸ਼ਕਰ ਅਤੇ ਪੁਰੰਦਰ ਪਰਿਆਏ ਵਾਚੀ ਹੋਣ ਤੇ ਵੀ ਇੰਦਰ ਦੀ ਵਿਸ਼ਾਲ ਦੋਲਤਾਂ, ਸ਼ੁਕਰ ਵਿੱਚ ਸਮਰਥਾ ਅਤੇ ਪੁਰੰਦਰ ਵਿੱਚ ਨਗਰਾਂ ਦਾ ਨਾਸ਼ ਕਰਨ ਵਾਲੇ ਭਿੰਨ ਭਿੰਨ ਅਰਥਾਂ ਦਾ ਗਿਆਨ ਹੁੰਦਾ ਹੈ। ਭਿੰਨ ਭਿੰਨ ਤੇ ਉਤਪੰਨ ਪਰਿਆਏਵਾਚੀ ਸ਼ਬਦਾਂ ਭਿੰਨ ਭਿੰਨ ਅਰਥਾਂ ਦੇ ਪ੍ਰਤੀਕ ਹਨ।

**7. ਏਵਮਭੂਤਨਯ** :

ਜੋ ਜਿਸ ਪ੍ਰਕਾਰ ਕਿਰਿਆ ਕਰਨ ਵਾਲਾ ਹੈ, ਉਸੇ ਰੂਪ ਵਿੱਚ ਪੁਕਾਰਨਾ। ਜਿਵੇਂ ਪੂਜਾ ਕਰਦੇ ਸਮੇਂ ਪੁਜਾਰੀ ਆਖਣਾ ਅਤੇ ਰੋਟੀ ਬਨਾਉਂਦੇ ਹੋਏ, ਰਸੋਈਆਂ ਆਖਣਾ। ਵਸਤੂ ਦੇ ਕੰਮ ਅਨੁਸਾਰ ਸ਼ਬਦ ਪ੍ਰਯੋਗ ਪੱਖੋਂ ਹੋਣ ਵਾਲਾ ਵਿਚਾਰ ਏਵਮਭੁਤਨਯ ਹੈ।

ਇਨ੍ਹਾਂ ਸਤ ਨਯਾਂ ਵਿੱਚ ਪਹਿਲੇ ਤਿੰਨ ਨਯ ਵਿੱਚ ਅਰਥਾਂ ਦੀ ਪ੍ਰਮੁੱਖਤਾ ਹੈ, ਆਖਰੀ ਚਾਰ ਨਯ ਸ਼ਬਦ ਪ੍ਰਮੁੱਖ ਹਨ।

**ਪ੍ਰਮਾਣ :**

ਉੱਪਰ ਲਿਖੀਆਂ ਸਤਰਾਂ ਵਿੱਚ ਅਸੀਂ ਪ੍ਰਮਾਣ ਦਾ ਵਰਨਣ ਕੀਤਾ ਹੈ ਕਿ ਨਯ ਅਨੇਕਾਂ ਧਰਮਾਂ ਵਾਲੀ ਵਸਤੂ ਦੇ ਇੱਕ ਅੰਸ਼ ਨੂੰ ਗ੍ਰਹਿਣ ਕਰਦਾ ਹੈ ਅਤੇ ਪ੍ਰਮਾਣ ਵਸਤੂ ਦੇ ਅਨੇਕ ਅੰਸ਼ਾਂ ਜਾਂ ਸਾਰੀ ਵਸਤੂ ਨੂੰ ਗ੍ਰਹਿਣ ਕਰਦਾ ਹੈ। ਪ੍ਰਮਾਣ

ਵਿੱਚ ਵਸਤੂ ਦਾ ਸਹੀ ਗਿਆਨ ਹੁੰਦਾ ਹੈ।

ਪ੍ਰਮਾਣ ਦੇ ਦੋ ਭੇਦ ਹਨ : 1) ਪ੍ਰਤੱਖ 2) ਪਰੋਕਸ਼ (ਗੁਪਤ)। ਪਰੋਕਸ਼ ਦੇ ਦੋ ਭੇਦ ਹਨ : ਮਤੀ ਗਿਆਨ ਅਤੇ ਸ਼ਰੁਤ ਗਿਆਨ। ਪ੍ਰਤੱਖ ਦੇ ਤਿੰਨ ਭੇਦ ਹਨ : ਅਵਧੀ ਗਿਆਨ, ਮਨਪ੍ਰਯਭਵ ਗਿਆਨ, ਕੇਵਲ ਗਿਆਨ।

ਪ੍ਰਮਾਣ ਅੰਸ਼ ਅਤੇ ਅੰਸ਼ਾਂ ਦੋਹਾਂ ਨੂੰ ਪ੍ਰਮੁੱਖ ਰੂਪ ਵਿੰਚ ਜਾਣਦਾ ਹੈ, ਜਦੋਂ ਕਿ ਨਯ ਅੰਸ਼ਾ ਦੇ ਮੁੱਖ ਹਿਸਿਆਂ ਨੂੰ ਗੁਪਤ ਰੂਪ ਵਿੱਚ ਜਾਣਦਾ ਹੈ। ਪਰ ਪ੍ਰਮਾਣ ਵਸਤੂ ਦੇ ਗ੍ਰਹਿਣ ਕਰਨ (ਵਿਧੀ) ਤੇ ਨਿਸ਼ੇਧ (ਰੋਕਣਾ) ਦੋਹਾਂ ਰੂਪਾਂ ਨੂੰ ਜਾਣਦਾ ਹੈ।

**ਮਤਿ ਗਿਆਨ :**

ਉਹ ਹੈ ਜੋ ਗਿਆਨ ਇੰਦਰੀਆਂ ਅਤੇ ਮਨ ਦੀ ਸਹਾਇਤਾ ਨਾਲ ਹੁੰਦਾ ਹੈ। ਇਸੇ ਦੇ ਅਵਗ੍ਰਹਿ, ਈਹਾ, ਅਵਾਏ ਅਤੇ ਧਾਰਨਾ ਆਦਿ ਅਨੇਕਾਂ ਭੇਦ ਉਪਭੇਦ ਹਨ।

**ਸ਼ਰੁਤ ਗਿਆਨ :**

ਮਤਿ ਗਿਆਨ ਤੇ ਬਾਅਦ ਜੋ ਚਿੰਤਨ ਮਨਨ ਦੇ ਰਾਹੀਂ ਪੱਕਾ ਗਿਆਨ ਹੁੰਦਾ ਹੈ ਉਹ ਸ਼ਰੁਤ ਗਿਆਨ ਹੈ। ਮਤਿ ਗਿਆਨ ਕਾਰਣ ਹੈ, ਸ਼ਰੁਤ ਗਿਆਨ ਕਾਰਜ ਹੈ। ਸ਼ਰੁਤ ਗਿਆਨ ਦੇ ਅੰਗ ਪ੍ਰਵਿਸ਼ਟੀ, ਅੰਗ ਬਾਹਰ ਆਦਿ ਅਨੇਕਾਂ ਭੇਦ ਹਨ।

**ਅਵਧੀ ਗਿਆਨ :**

ਜਿਸ ਗਿਆਨ ਦੀ ਹਦ ਹੁੰਦੀ ਹੈ ਉਹ ਅਵਧੀ ਹੈ। ਅਵਧੀ ਗਿਆਨ ਕੇਵਲ ਰੂਪੀ (ਸ਼ਕਲ ਵਾਲੇ) ਪਦਾਰਥਾਂ ਨੂੰ ਹੀ ਜਾਣਦਾ ਹੈ, ਪਰ ਇਸ ਲਈ ਇੰਦਰੀਆਂ ਤੇ ਮਨ ਦੀ ਜ਼ਰੂਰਤ ਨਹੀਂ ਰਹਿੰਦੀ। ਇਸ ਦੇ ਵੀ ਅਨੁਨਗਾਮੀ, ਵਰਧਮਾਨ, ਹੀਯਮਾਨ, ਅਪ੍ਰਤਿਪਾਤੀ, ਪ੍ਰਤਿਪਾਤੀ ਅਨੇਕ ਭੇਦ ਹਨ। ਇਸ ਵਿਚ ਭਵਪ੍ਰਤਯ (ਜਨਮ ਜਾਤ) ਅਵਧੀ ਗਿਆਨ ਦੇਣ ਤੇ ਨਰਕ ਦੇ ਜੀਵਾਂ ਨੂੰ ਹੁੰਦਾ ਹੈ ਅਤੇ ਮਨੁੱਖ ਤੇ ਪਸ਼ੂਆਂ ਵਿੱਚ ਗੁਣਪ੍ਰਤਯ ਖਾਸ ਕਸ਼ਯੋਉਪਸ਼ਮ ਰਾਹੀਂ ਪ੍ਰਾਪਤ ਹੁੰਦਾ ਹੈ।

**ਮਨਪ੍ਰਯਭਵ ਗਿਆਨ :**

ਮਨੁੱਖ ਦੇ ਮਨ ਵਿੱਚ ਸੋਚੇ ਵਿਸ਼ੇ ਨੂੰ ਜਾਨਣ ਵਾਲਾ ਗਿਆਨ। ਇਸ ਦੇ ਵੀ ਰਿਜੂਮਤੀ ਤੇ ਵਿਪੁਲਪਤੀ, ਇਹ ਦੋ ਭੇਦ ਹਨ। ਇਹ ਪੂਰਨ ਆਤਮਾ ਦੀ ਸ਼ਕਤੀ ਹੈ ਅਤੇ ਉਚ ਕੋਟੀ ਦੇ ਸਾਧਕ ਨੂੰ ਪ੍ਰਾਪਤ ਹੁੰਦਾ ਹੈ।

**ਕੇਵਲ ਗਿਆਨ :**

ਕੇਵਲ ਗਿਆਨਵਰਨ ਕਰਮ ਦੇ ਪੂਰਨ ਤੌਰ ਤੇ ਨਸ਼ਟ ਹੋ ਜਾਣ ਤੇ, ਜੋ ਗਿਆਨ ਹੁੰਦਾ ਹੈ ਉਹ ਕੇਵਲ ਗਿਆਨ ਹੈ। ਇਹ ਗਿਆਨ ਸ਼ੁੱਧ, ਸੰਪੂਰਨ, ਅਸਾਧਾਰਣ ਅਤੇ ਅਨੰਤ ਹੁੰਦਾ ਹੈ। ਕੇਵਲ ਗਿਆਨ ਉਤਪੰਨ ਹੁੰਦੇ ਹੀ ਕੇਵਲ ਗਿਆਨੀ ਲੋਕ ਤੇ ਅਲੋਕ ਨੂੰ ਜਾਨਣ ਲਗਦਾ ਜਾਂਦਾ ਹੈ। ਗਿਆਨਆਵਰਣ, ਦਰਸ਼ਨਆਵਰਣ, ਮੋਹ ਤੇ ਅੰਤਰਾਏ (ਰੁਕਾਵਟ) ਇਨ੍ਹਾਂ ਚਾਰ ਘਾਤੀ ਕਰਮ ਦਾ ਖਾਤਮਾ ਹੋਣ ਤੇ ਹੀ ਇਹ ਗਿਆਨ ਪ੍ਰਗਟ ਹੁੰਦਾ ਹੈ।

**ਨਿਕਸ਼ੇਪ :**

**ਨਿਕਸ਼ੇਪ** ਦਾ ਅਰਥ ਹੈ ਰੱਖਦਾ ਜਾਂ ਵੰਡਣਾ। ਸ਼ਬਦ ਦਾ ਅਰਥ ਕਰਦੇ ਸਮੇਂ ਵੰਡ ਦੀਆਂ ਚਾਰ ਦ੍ਰਿਸ਼ਟੀਆਂ ਸਾਹਮਣੇ ਰੱਖੀਆਂ ਜਾਂਦੀਆਂ ਹਨ ਅਤੇ ਸਾਨੂੰ ਉਨ੍ਹਾਂ ਦਾ ਚਿੰਤਨ ਕਰਨਾ ਪੈਂਦਾ ਹੈ ਕਿ ਸਬੰਧਿਤ ਮੌਕੇ ਤੇ ਕਿਸ ਦ੍ਰਿਸ਼ਟੀ ਦੀ ਪ੍ਰਮੁੱਖਤਾ ਹੈ।

1. **ਨਾਮ ਨਿਕਸ਼ੇਪ** : ਨਾਮ ਪ੍ਰਮੁੱਖ – ਅਸੀਂ ਕਿਸੇ ਆਦਮੀ ਦਾ ਨਾਉਂ ਰਾਜਾ ਰੱਖ ਲੈਂਦੇ ਹਾਂ, ਭਾਵੇਂ ਉਹ ਭਿਖਾਰੀ ਹੋਵੇ, ਫਿਰ ਵੀ ਅਸੀਂ ਉਸ ਨੂੰ ਰਾਜਾ ਆਖ ਕੇ ਪੁਕਾਰਦੇ ਹਾਂ। ਇਸ ਕਥਨ ਨੂੰ ਗਲਤ ਨਹੀਂ ਆਖ ਸਕਦੇ। ਨਾਮ ਨਿਕਸ਼ੇਪ ਵਿੱਚ ਨਾਉਂ ਦੀ ਦ੍ਰਿਸ਼ਟੀ ਤੋਂ ਸ਼ਬਦ ਦਾ ਇਸਤੇਮਾਲ ਹੁੰਦਾ ਹੈ।

2. **ਸਥਾਪਨਾ ਨਿਕਸ਼ੇਪ** : ਜੋ ਅਰਥ ਉਸ ਅਨੁਸਾਰ ਨਾ ਹੋਵੇ ਉਸ ਨੂੰ ਉਸੇ ਅਨੁਸਾਰ ਮੰਨ ਲੈਣਾ ਸਥਾਪਨਾ ਨਿਕਸ਼ੇਪ ਹੈ। ਅਰਥਾਤ ਕਿਸੇ ਇੱਕ ਚੀਜ਼ ਦੀ ਹੋਰ ਚੀਜ਼ ਵਿੱਚ ਕਲਪਨਾ ਕਰਨਾ ਕਿ ਉਹ ਇਹੋ ਹੈ। ਸਥਾਪਨਾ ਵੀ ਤਦਾਕਾਰ ਅਤੇ ਅਤਦਾਕਾਰ ਦੋ ਕਿਸਮ ਦੀ ਆਖੀ ਗਈ ਹੈ। ਕਿਸੇ ਵਸਤੂ ਦੀ

ਉਸ ਦੇ ਆਕਾਰ ਵਾਲੀ ਹੋਰ ਵਸਤੂ ਨਾਲ ਸਥਾਪਨਾ ਕਰਨਾ ਤਦਾਕਾਰ ਹੈ। ਸਥਾਪਨਾ ਹੈ, ਜਿਵੇਂ ਰਾਜੇਂਦਰ ਕੁਮਾਰ ਦੀ ਫੋਟੋ ਨੂੰ ਰਾਜੇਦਰ ਕੁਮਾਰ ਆਖਣਾ ਅਤੇ ਅਤਦਾਕਾਰ ਸਥਾਪਨਾ ਉਹ ਹੈ ਜਿਵੇਂ ਸਤਰੰਜ ਆਦਿ ਦੇ ਮੋਹਰਿਆਂ ਵਿੱਚ ਘੋੜੇ ਹਾਥੀ ਆਦਿ ਦੀ ਕਲਪਨਾ ਕਰਨਾ।

3. **ਦਰਵ ਨਿਕਸ਼ੇਪ :** ਭਾਵੀ ਜਾਂ ਭੂਤ ਪਰਿਆਏ ਦੀ ਦ੍ਰਿਸ਼ਟੀ ਤੋਂ ਕਿਸੇ ਵਸਤੂ ਨੂੰ ਉਸ ਦੇ ਨਾਉਂ ਤੋਂ ਪੁਕਾਰਨਾ। ਰਾਜ ਕੁਮਾਰ ਨੂੰ ਹੀ ਰਾਜਾ ਆਖਣਾ ਜਾਂ ਪਹਿਲਾਂ ਰਹਿ ਚੁੱਕੇ ਜੱਜ ਨੂੰ ਜੱਜ ਆਖਣਾ।

4. **ਭਾਵ ਨਿਰਸ਼ੇਪ :** ਗੁਣ ਜਾਂ ਵਰਤਮਾਨ ਅਵਸਥਾ ਦੇ ਆਧਾਰ ਤੇ ਵਸਤੂ ਨੂੰ ਉਸ ਨਾਉਂ ਤੋਂ ਪੁਕਾਰਨਾ। ਜਿਵੇਂ ਰਾਜ ਸਿੰਘਾਸਨ ਤੇ ਬੈਠੇ ਆਦਮੀ ਨੂੰ ਰਾਜਾ ਆਖਣਾ। ਸਾਧਨਾ ਕਰਨਾ ਵਾਲੇ ਨੂੰ ਸਾਧਕ ਆਖਣਾ।

## ਤੱਤਵਵਾਦ :

ਜੈਨ ਦਰਸ਼ਨ ਸੰਸਾਰ ਦੇ ਮੂਲ ਵਿੱਚ ਚੇਤਨ (ਜੀਵ) ਅਤੇ ਅਚੇਤਨ (ਅਜੀਵ) ਦੋ ਤੱਤਵਾਂ ਦੀ ਹੋਂਦ ਨੂੰ ਮੰਨਦਾ ਹੈ। ਉਹ ਇਹ ਨਹੀਂ ਮੰਨਦਾ ਕਿ ਚੇਤਨ ਤੋਂ ਅਚੇਤਨ ਦੀ ਰਚਨਾ ਹੋਈ ਜਾਂ ਅਚੇਤਨ ਤੋਂ ਚੇਤਨ ਦਾ ਵਿਕਾਸ ਹੋਇਆ। ਇਹ ਦੋ ਤੱਤਵ ਅਨਾਦਿ (ਸ਼ੁਰੂ ਰਹਿਤ) ਹਨ ਅਤੇ ਆਜ਼ਾਦ ਹਨ। ਵਿਸਥਾਰ ਪੱਖੋਂ ਦੋ ਤੱਤਵਾਂ ਨੂੰ ਨੌ ਤੱਤਵਾਂ ਵਿੱਚ ਵੰਡਿਆ ਗਿਆ ਹੈ। ਦਾਰਸ਼ਨਿਕ ਗਰੰਥਾਂ ਵਿੱਚ ਸੱਤ ਤਤਵਾਂ ਦਾ ਵੀ ਵਰਨਣ ਹੈ :

1) ਜੀਵ, 2) ਅਜੀਵ, 3) ਆਸ਼ਰਵ, 4) ਬੰਧ, 5) ਸੰਬਰ, 6) ਨਿਰਜਰਾ, 7) ਮੋਕਸ਼

ਆਗਮ ਸਾਹਿਤ ਵਿੱਚ ਨੌਂ ਤੱਤਵਾਂ ਦਾ ਵਰਨਣ ਹੈ

1) ਜੀਵ 2) ਅਜੀਵ 3) ਪੁੰਨ 4) ਪਾਪ 5) ਆਸ਼ਰਵ 6) ਬੰਧ 7) ਸੰਬਰ 8) ਨਿਰਜਰਾ 9) ਮੋਕਸ਼।

**1. ਜੀਵ ਤੱਤਵ :**

ਇਹ ਚੇਤਨ ਤੱਤਵ ਹੈ। ਚੇਤਨ ਸਵਰੂਪ ਹੈ ਗਿਆਨ ਦਰਸ਼ਨ ਰੂਪ ਹੈ। ਇਹ ਰਾਗ ਆਦਿ ਭਾਵਾਂ - ਗਿਆਨਾ ਵਰਨੀਆ ਆਦਿ ਕਰਮਾਂ ਦਾ ਕਰਤਾ ਤੇ ਭੋਗਣਵਾਲਾ ਹੈ। ਸ਼ਰੀਰ ਵਾਲੀ ਆਤਮਾ ਮਾਤਰ ਹੈ। ਇਸਦਾ ਸੁਭਾਅ ਉਰੱਧਵ ਗਮਨ (ਉਪਰ ਨੂੰ ਜਾਣਾ) ਹੈ। ਜੱਦ ਤੱਕ ਕਰਮਾਂ ਨਾਲ ਜੁੜਿਆ ਹੁੰਦਾ ਹੈ ਤਾਂ ਸੰਸਾਰੀ ਅਖਵਾਉਂਦਾ ਹੈ ਅਤੇ ਕਰਮ ਨਸ਼ਟ ਹੋਣ ਤੇ ਉਹ ਹੀ ਮੁਕਤ ਅਖਵਾਉਂਦਾ ਹੈ। ਸੰਸਾਰੀ ਜੀਵ ਇੰਦਰੀ, ਸਰੀਰ ਮਨ ਆਦਿ ਵਾਲਾ ਹੁੰਦਾ ਹੈ। ਨਾਂਰਕੀ, ਪਸ਼ੂ, ਮਨੁੱਖ ਅਤੇ ਦੇਵਤਾ ਜਾਂ ਤੱਰਸ ਅਤੇ ਸਵਾਰਥ ਦੇ ਰੂਪ ਵਿੱਚ ਇਸਦੇ ਅਨੇਕਾਂ ਹਿੱਸੇ ਹਨ।

**2. ਅਜੀਵ ਤੱਤਵ :**

ਜਿਸ ਦਰਵ ਵਿੱਚ ਚੇਤਨਾ ਦੀ ਅਣਹੋਂਦ ਹੋਣ ਜਾਂ ਜਿਸ ਨੂੰ ਗ੍ਰਹਿਣ ਕਰਨ ਯੋਗ ਜਾਂ ਛੱਡਣ ਯੋਗ ਦਾ ਗਿਆਨ ਨਾ ਹੋਵੇ, ਉਹ ਅਜੀਵ ਹੈ। ਇਸ ਨੂੰ ਜੜ੍ਹ ਵੀ ਆਖਦੇ ਹਨ। ਅਜੀਵ ਦੇ ਪੰਜ ਭੇਦ ਹਨ।

1. ਧਰਮ, 2. ਅਧਰਮ, 3. ਆਕਾਸ਼, 4. ਕਾਲ, 5. ਪੁਦਗਲ; ਇਹ ਪੰਜ ਦਰੱਵ ਇੱਕਠੇ ਰਹਿਣ ਦੇ ਬਾਵਜੂਦ ਅੱਡ ਦੇ ਆਜ਼ਾਦ ਹਨ।

ਇਨ੍ਹਾਂ ਵਿੱਚ ਪੁਦਗਲ ਦਰਵ ਤੋਂ ਛੁੱਟ ਬਾਕੀ ਚਾਰੇ ਦਰਵ ਨਿਤ (ਹਮੇਸ਼ਾਂ ਰਹਿਣ ਵਾਲੇ) ਸਥਿਰ, ਅਰੂਪੀ (ਸ਼ਕਲ ਰਹਿਤ) ਜਾਂ ਅਮੂਰਤਕ ਹਨ। ਇਨ੍ਹਾਂ ਵਿੱਚ ਇੱਕ ਕਾਲ ਦਰਵ ਨੂੰ ਛੱਡ ਕੇ ਬਾਕੀ ਆਸਤੀਕਾਏ ਹਨ। ਜੀਵ ਦੀ ਗਿਣਤੀ ਕਰਨ ਵਿੱਚ ਪੰਜ ਆਸਤੀਕਾਏ ਬਣਦੇ ਹਨ। ਆਸਤੀਕਾਏ ਦਾ ਅਰਥ ਹੈ ਜਿਨ੍ਹਾਂ ਦਾ ਗੁਣ ਅਤੇ ਅਨੇਕਾਂ ਪ੍ਰਕਾਰ ਦੇ ਪਰਿਆਏ ਨੂੰ ਅਭੇਦ ਜਾਂ ਇੱਕ ਸੁਰਤਾ ਹੋ ਜਾਂਦੀ ਹੈ ਉਹ ਆਸਤੀਕਾਏ ਹਨ। ਆਸਤੀ ਦਾ ਅਰਥ ਹੈ ਪ੍ਰਦੇਸ਼ ਅਤੇ ਕਾਏ ਦਾ ਅਰਥ ਹੈ ਸਮੂਹ। ਪੰਜ ਦਰਵ ਪ੍ਰਦੇਸ਼ ਸਮੂਹ ਰੂਪ ਹੋਣ ਤੇ ਇਹ ਆਸਤੀਕਾਏ ਹਨ। ਕਾਲ ਦੇ ਪ੍ਰਦੇਸ਼ ਨਾ ਹੋਣ ਤੇ ਇਹ ਆਸਤੀਕਾਏ ਨਹੀਂ ਹੈ। ਪੁਦਗਲ ਦਰਵ ਰੂਪੀ (ਸ਼ਕਲਵਾਲਾ) ਅਤੇ ਮੁਰਤਕ ਹੈ। ਰੂਪੀ ਦਾ ਅਰਥ ਹੈ : ਸਪਰਸ਼ (ਛੋਅ) ਰਸ, ਗੰਧ ਅਤੇ ਰੰਗ ਵਾਲਾ ਪਦਾਰਥ।

ਧਰਮ ਤੇ ਅਧਰਮ ਇਹ ਜੈਨ ਦਰਸ਼ਨ ਦੇ ਖਾਸ ਪਰਿਭਾਸ਼ਿਕ ਸ਼ਬਦ ਹਨ। ਇਹ ਆਸਤੀਕਾਏ ਹੈ ਅਤੇ ਪਦਾਰਥ ਵਿਸ਼ੇਸ਼ ਦਾ ਵਾਚਕ ਹੈ। ਧਰਮ ਤੇ ਅਧਰਮ ਖ਼ੁਦ ਕ੍ਰਿਆ ਰਹਿਤ ਅਤੇ ਪ੍ਰੇਰਣਾ ਰਹਿਤ ਹੈ। ਪਰ ਇਹ ਜੀਵ ਤੇ ਪੁਦਗਲ ਨੂੰ ਚਲਣ ਵਿੱਚ ਅਤੇ ਠਹਿਰਨ ਵਿੱਚ ਸਹਾਇਕ ਜ਼ਰੂਰ ਹਨ। ਜਿਵੇਂ ਪਾਣੀ ਮੱਛੀ ਨੂੰ ਤੈਰਨ ਦੀ ਪ੍ਰਰਨਾ ਨਹੀਂ ਦਿੰਦਾ, ਪਰ ਤੈਰਦੀ ਹੋਈ ਮੱਛੀ ਨੂੰ ਇਹ ਸਹਾਇਤਾ ਜ਼ਰੂਰ ਦਿੰਦਾ ਹੈ। ਇਸ ਪ੍ਰਕਾਰ ਧਰਮ ਤੱਤਵੀ ਗਤੀ-ਕ੍ਰਿਆ ਵਿੱਚ ਸਹਾਇਕ ਹੈ ਅਤੇ ਅਧਰਮ ਤੱਤਵ ਠਹਿਰਨ ਵਿੱਚ ਸਹਾਇਕ ਹੈ।

ਆਕਾਸ਼ ਵੀ ਆਸਤੀਕਾਏ ਹੈ। ਉਸ ਦਾ ਸੁਭਾਅ ਜੀਵ, ਪੁਦਗਲ, ਧਰਮ,ਅਧਰਮ ਅਤੇ ਕਾਲ ਦਰਵ ਨੂੰ ਜਗ੍ਹਾ ਦੇਦਾ ਹੈ। ਜਿਸ ਵਿੱਚ ਧਰਮ-ਅਧਰਮ ਤਿਲ ਵਿੱਚ ਤੇਲ ਦੀ ਤਰ੍ਹਾਂ ਫੈਲੇ ਹੋਏ ਹਨ।

ਲੋਕ ਆਕਾਸ਼ ਵਿੱਚ ਜੀਵ ਤੇ ਪੁਦਗਲਾਂ ਦੀ ਗਤੀ ਹੁੰਦੀ ਹੈ। ਜਿਥੇ ਧਰਮ, ਅਧਰਮ, ਪੁਦਗਲ, ਜੀਵ ਤੇ ਕਾਲ ਨਹੀਂ ਉਹ ਅਲੋਕਾ ਆਕਾਸ਼ ਹੈ। ਲੋਕ ਤੋਂ ਬਾਹਰ ਦਾ ਅਨੰਤ ਅਲੋਕਾਆਕਾਸ਼ ਹੈ। ਆਕਾਸ਼ ਅਨੰਤ, ਨਿਤ, ਤੇ ਅਮੂਰਤ ਪਦਾਰਥ ਹੈ।

ਕਾਲ ਨੂੰ ਕੁਝ ਜੈਨ ਆਚਾਰੀਆ ਨੇ ਸੁਤੰਤਰ ਦਰਵ ਮੰਨਿਆ ਹੈ ਅਤੇ ਕੁਝ ਜੈਨ ਆਚਾਰੀਆਵਾਂ ਨੇ ਉਸ ਨੂੰ ਸੁਤੰਤਰ ਦਰਵ ਨਹੀਂ ਮੰਨਿਆ ਹੈ। ਦਿਗੰਬਰ ਪ੍ਰੰਗਾ ਕਾਲ ਨੂੰ ਸੁਤੰਤਰ ਦਰਵ ਦੇ ਰੂਪ ਵਿੱਚ ਮੰਨਦੀ ਹੈ। ਸਵੇਤਾਂਬਰ ਪ੍ਰੰਪਰਾ ਵਿੱਚ ਦੋਹੇ ਮਾਨਤਾਵਾਂ ਪ੍ਰਚਲਿਤ ਹਨ। ਕਾਲ ਅਰੂਪੀ ਅਜੀਵ ਦਰਵ ਹੈ। ਜੀਵ ਤੇ ਪੁਦਗਲ ਦੇ ਪਰਿਨਮਣ ਨੂੰ ਵੇਖ ਕੇ ਵਿਵਹਾਰ ਕਾਲ ਦਾ ਗਿਆਨ ਹੁੰਦਾ ਹੈ। ਪਰ ਬਿਨਾਂ ਨਿਸ਼ਚੈ ਕਾਲ ਦੇ ਜੀਵ ਅਤੇ ਪੁਦਗਲਾਂ ਦਾ ਪਰਿਨਮਣ ਨਹੀਂ ਹੋ ਸਕਦਾ। ਇਸ ਲਈ ਜੀਵ, ਪੁਦਗਲ ਦੇ ਪਰਿਨਮਣ ਤੋਂ ਨਿਸ਼ਚੈ ਕਾਲ ਦਾ ਗਿਆਨ ਹੁੰਦਾ ਹੈ।

ਵਿਵਹਾਰ ਕਾਲ ਪਰਿਆਏ ਪ੍ਰਧਾਨ ਹੋਂਦ ਕਾਰਨ ਖਿਣੰਭਗੁਰ ਹੈ। ਜਿਵੇਂ ਘੜੀ, ਮਹੂਰਤ, ਪਹਿਰ, ਦਿਨ, ਰੁਤਾ,ਪੱਖ, ਮਹੀਨਾ,ਸਾਲ ਆਦਿ ਅਤੇ ਨਿਸ਼ਚੈ ਕਾਲ ਦਰਵ ਪ੍ਰਧਾਨ ਹੋਣ ਕਾਰਣ ਨਿਤ ਹੈ।

ਕਾਲ ਦਾ ਮੁੱਖ ਅੰਸ਼ **ਸਮੇਂ** ਹੈ। ਜੈਨ ਸਾਹਿਤ ਵਿੱਚ ਕਾਲ ਦਾ ਵਿਸਥਾਰ ਸਹਿਤ ਵਰਨਣ ਹੈ। ਪਰ ਇਥੇ ਵਿਸਥਾਰ ਵਿੱਚ ਨਾ ਜਾ ਕੇ ਮੁੱਖ ਗੱਲ ਦੱਸੀ ਜਾਂਦੀ ਹੈ। ਜਿਸ ਸਮੇਂ ਵਰਨ (ਰੰਗ), ਗੰਧ, ਰਸ ਅਤੇ ਸਪਰਸ਼ (ਛੋਹ) ਵਿੱਚ ਸਥਿਤੀ (ਹੋਂਦ) ਅਵਗਾਹਨਾ (ਆਕਾਰ) ਆਦਿ ਦਾ ਵਾਧਾ ਹੁੰਦਾ ਹੈ ਉਹ ਸਮਾਂ **ਉਤਸਪਵਰਨੀ ਕਾਲ** ਅਤੇ ਜਦ ਇਨ੍ਹਾਂ ਦੀ ਘਾਟ ਹੁੰਦੀ ਹੈ ਉਹ **ਅਵਸਪਰਨੀ ਕਾਲ** ਹੈ। ਉਤਸਵਪਰਨੀ ਕਾਲ ਤੇ ਅਵਸਪਰਨੀ ਕਾਲ ਮਿਲ ਕੇ ਇੱਕ ਕਾਲ ਚੱਕਰ ਹੁੰਦਾ ਹੈ। ਹਰ ਅਵਸਪਰਨੀ ਉਤਸਵਪਰਨੀ ਕਾਲ ਦੇ ਛੇ ਆਰੇ ਯੁੱਗ ਹੁੰਦੇ ਹਨ ;

1. ਸੁਖਮਾ - ਸੁਖਮਾ, 2. ਸੁਖਮਾ, 3. ਸੁਖਮਾ-ਦੁਖਮਾ, 4. ਦੁਖਮਾ-ਸੁਖਮਾ, 5. ਦੁਖਮਾ, 6. ਦੁਖਮਾ-ਦੁਖਮਾ।

**ਪੁਦਗਲ :**

ਸ਼ਬਦ, ਬੰਧ, ਸੂਖਮਤਾ, ਸਥੂਲਤਾ, ਸੰਸਥਾਨ, ਭੇਦ, ਹਨੇਰਾ, ਛਾਂ, ਤੱਪ ਤੇ ਪ੍ਰਕਾਸ਼ ਇਹ ਪੁਦਗਲ ਦੇ ਪਰਿਆਏ (ਆਕਾਰ) ਅਵਸਥਾਵਾਂ ਹਨ। ਵੈਸ਼ੇਸ਼ਿਕ ਦਰਸ਼ਨ, ਸ਼ਬਦ ਨੂੰ ਆਕਾਸ਼ ਦਾ ਗੁਣ ਮੰਨਦਾ ਹੈ ਪਰ ਜੈਨ ਦਰਸ਼ਨ ਦੇ ਅਨੁਸਾਰ ਉਹ ਪੁਦਗਲ ਦਾ ਗੁਣ ਹੈ। ਸ਼ਬਦ ਦਾ ਕੁਝ ਨਾ ਕੁਝ ਆਕਾਰ ਜ਼ਰੂਰ ਹੋਣਾ ਚਾਹੀਦਾ ਹੈ, ਨਹੀਂ ਤਾਂ ਰੇਡੀਓ, ਰਿਕਾਰਡ ਆਦਿ ਰਾਹੀਂ ਨਾ ਪਕੜੀਆਂ ਜਾ ਸਕਦਾ।

ਆਧੁਨਿਕ ਸਾਇੰਸ ਦਾ ਮੈਟਰ (Matter ) ਪੁਦਗਲ ਦਾ ਹੀ ਦੂਸਰਾ ਰੂਪ ਹੈ। ਪੁਦਗਲ ਦੇ ਚਾਰ ਭੇਦ ਹਨ : 1. ਸਕੰਧ, 2. ਦੇਸ਼, 3. ਪ੍ਰਦੇਸ਼, 4. ਪ੍ਰਮਾਣੂ ਜਿਸ ਨੂੰ ਦੋ ਜਾਂ ਦੋ ਤੋਂ ਜ਼ਿਆਦਾ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਉਹ ਸਕੰਧ ਹੈ। ਸਕੰਧ ਇੱਕ ਇਕਾਈ ਹੈ। ਉਸ ਇਕਾਈ ਦੇ ਬੁੱਧੀ ਕਾਲਪਨਿਕ ਢੰਗ ਨਾਲ ਜੁੜੇ ਇੱਕ ਭਾਗ ਦਾ ਨਾਂ ਦੇਸ਼ ਹੈ। ਜਿਵੇਂ ਕਿਤਾਬ ਸਕੰਧ ਹੈ। ਤਾਂ ਕਿਤਾਬ ਦਾ ਇੱਕ ਪੰਨਾਂ ਸਕੰਧ ਦੇਸ਼ ਹੈ। ਸਕੰਧ ਨਾਲ ਜੁੜੀਆ ਭੂਤ, ਨਾ ਵੰਡਣਯੋਗ ਅੰਸ਼ ਸਕੰਧ ਪ੍ਰਦੇਸ਼ ਹੈ। ਪੰਨੇ ਦਾ ਉਹ ਹਿੱਸਾ ਜੋ ਵੰਡਿਆ ਨਾ ਜਾ ਸਕੇ ਜਿਸ ਦੇ ਅੰਸ਼ ਨਾ ਕੀਤੇ ਜਾ ਸਕਦੇ ਹੋਣ, ਉਹ ਸਕੰਧ ਪ੍ਰਦੇਸ਼ ਹੈ। ਭਾਵ

ਪ੍ਰਮਾਣੂ ਜਦ ਤੱਕ ਸਕੰਧ ਵਾਲਾ ਹੈ ਤਦ ਤੱਕ ਉਹ ਸਕੰਧ ਪ੍ਰਦੇਸ਼ ਅਖਵਾਉਂਦਾ ਹੈ। ਸਕੰਧ ਦਾ ਅੱਡ ਨਿਰ ਅੰਸ਼ ਤੱਤਵ ਪ੍ਰਮਾਣੂ ਹੈ। ਪ੍ਰਦੇਸ਼ ਅਤੇ ਪ੍ਰਮਾਣੂ ਕੇਵਲ ਸੰਕਧ ਤੋਂ ਮਿਲਨਾ ਅਤੇ ਨਾਲ ਅਲਗ ਹੋਦ ਦਾ ਅੰਤਰ ਹੈ। ਜੈਨ ਦਰਸ਼ਨ ਵਿਚ ਪ੍ਰਮਾਣੂ ਦੀ ਪੁਰਾਣੀ ਵਿਆਖਿਆ ਮਿਲਦੀ ਹੈ। ਅੱਜ ਦਾ ਵਿਗਿਆਨ ਜਿਸ ਪ੍ਰਮਾਣੂ ਦੀ ਗੱਲ ਕਰਦਾ ਹੈ, ਜੈਨ ਦਰਸ਼ਨ ਉਸ ਦੇ ਸਭ ਤੋਂ ਛੋਟੇ ਅੰਸ਼ ਨੂੰ ਪ੍ਰਮਾਣੂ ਮੰਨਦਾ ਹੈ। ਪ੍ਰਮਾਣੂ ਵਿਗਿਆਨ ਜੈਨ ਦਰਸ਼ਨ ਦੀ ਮੌਲਿਕ ਦੇਣ ਹੈ।

3. **ਪੁੰਨ** :- ਸ਼ੁਭ ਕਰਮ ਨਾਲ ਜਾਂ ਪ੍ਰਗਟ ਹੋਏ ਸਭ ਪੁਦਗਾਲਾਂ ਨੂੰ ਪੁੰਨ ਕਿਹਾ ਜਾਂਦਾ ਹੈ। ਗਰੀਬ, ਦੁੱਖੀ ਤੇ ਰਹਿਮ ਕਰਨਾ, ਉਨ੍ਹਾਂ ਦੀ ਸੇਵਾ ਕਰਨਾ, ਪਰ ਉਪਕਾਰ ਕਰਨਾ, ਅੰਨ, ਜਲ, ਦਵਾਈਆਂ ਆਦਿ ਦਾ ਦਾਨ ਕਰਨਾ ਪਰ ਉਪਕਾਰ ਹੈ ਤੇ ਰਹਿਮ ਰਾਹੀਂ ਅਨੇਕਾਂ ਤਰ੍ਹਾਂ ਦਾ ਪੁੰਨ ਇੱਕਠਾ ਕੀਤਾ ਜਾਂਦਾ ਹੈ।

4. **ਪਾਪ** :- ਅਸ਼ੁਭ ਕਰਮਾਂ ਨੂੰ ਜਾਂ ਪ੍ਰਗਟ ਹੋਏ ਅਸ਼ੁਭ ਪੁਦਗਲਾਂ ਨੂੰ ਪਾਪ ਆਖਦੇ ਹਨ। ਪਾਪ ਕਰਨ ਦੇ ਅਨੇਕਾਂ ਕਾਰਨ ਹਨ - ਹਿੰਸਾ, ਝੂਠ, ਮਾਇਆ, ਚੋਰੀ, ਅਬ੍ਰਹਮਚਰਜ, ਕਰੋਧ, ਮਾਨ, (ਧੋਖਾ) ਲੋਭ, ਪਰਿਗ੍ਰਹਿ ਆਦਿ।

5. **ਆਸ਼ਰਵ** :- ਜਿਸ ਬਚਨ ਤੋਂ, ਕਿਰਿਆ ਤੋਂ ਅਤੇ ਭਾਵਨਾ ਤੋਂ ਕਰਮ ਵਰਗਨਾ (ਵਰਗ) ਦੇ ਪੁਦਗਲ-(ਕਰਮ) ਆਉਂਦੇ ਹਨ ਉਹ ਆਸ਼ਰਵ ਹੈ। ਮਿਥਿਆਤਵ (ਗਲਤਸ਼ਰਧਾ), ਅਵਿਰਤਿ (ਇੰਦਰੀਆਂ ਤੇ ਵਿਸ਼ੇਆ ਦਾ ਤਿਆਗ ਕਰਨਾ) ਕਸ਼ਾਏ, ਪ੍ਰਮਾਦ (ਅਸਾਵਧਾਨੀ) ਤੇ ਯੋਗ (ਮਨ, ਬਚਨ ਤੇ ਸ਼ਰੀਰ ਤੋਂ ਹੋਣ ਵਾਲੀ ਕ੍ਰਿਆ) ਆਦਿ ਤੋਂ ਕਰਮਾਂ ਦਾ ਆਸ਼ਰਵ ਹੁੰਦਾ ਹੈ। ਸ਼ੁਭ ਕਰਮਾਂ ਦਾ ਆਉਣਾ ਸ਼ੁਭ ਆਸ਼ਰਵ ਅਤੇ ਅਸ਼ੁਭ ਕਰਮਾਂ ਦਾ ਆਉਣਾ ਅਸ਼ੁਭ ਆਸ਼ਰਵ ਹੈ।

6. **ਬੰਧ** :- ਦੋ ਪਦਾਰਥਾਂ ਦਾ ਵਿਸ਼ੇਸ਼ ਆਪਸੀ ਸਬੰਧ ਬੰਧ ਹੈ। ਬੰਧ ਦੋ ਪ੍ਰਕਾਰ ਦਾ ਹੈ। 1) ਦਰਵ ਬੰਧ 2) ਭਾਵ ਬੰਧ। ਕਰਮ ਪੁਦਗਲਾਂ ਦਾ ਆਤਮ ਪ੍ਰਦੇਸ਼ਾਂ ਨਾਲ ਸਬੰਧ ਹੋਣਾ ਦਰਵ ਬੰਧ ਹੈ। ਜਿਨ੍ਹਾਂ ਰਾਗ, ਦਵੇਸ਼, ਮੋਹ ਆਦਿ ਵਿਕਾਰ ਭਾਵਾਂ ਨਾਲ ਕਰਮ ਬੰਧ ਹੁੰਦਾ ਹੈ, ਉਹ ਭਾਵ ਬੰਧ ਹੈ।

ਬੰਧ ਦੇ 1) **ਪ੍ਰਕਿਰਤੀ ਬੰਧ** 2) **ਸਥਿਤੀ ਬੰਧ** 3) **ਅਨੁਭਾਗ ਬੰਧ** ਅਤੇ 4) **ਪ੍ਰਦੇਸ਼ ਬੰਧ** ਚਾਰ ਭਾਗ ਹਨ। ਪ੍ਰਕਿਰਤੀ ਕਰਮ ਦਾ ਸੁਭਾਅ ਹੈ। ਸਥਿਤੀ ਕਰਮ ਦੀ ਆਤਮਾ ਨਾਲ ਰਹਿਣ ਦੀ ਕਾਲ (ਸਮਾਂ) ਮਰਿਆਦਾ (ਸੀਮਾ) ਹੈ। ਅਨੁਭਾਗ ਕਰਮ ਦਾ ਸ਼ੁਭ ਅਸ਼ੁਭ ਰਸ ਹੈ ਅਤੇ ਪ੍ਰਦੇਸ਼ ਕਰਮ ਦਲਾਂ ਦਾ ਸਮੂਹ ਹੈ।

ਬੰਧ ਦੋ ਪ੍ਰਕਾਰ ਦਾ ਹੈ - 1) ਸ਼ੁਭ ਤੇ 2) ਅਸ਼ੁਭ। ਸ਼ੁਭ ਬੰਧ ਪੁੰਨ ਹੈ ਅਤੇ ਅਸ਼ੁਭ ਬੰਧ ਪਾਪ ਹੈ। ਜਦ ਤੱਕ ਕਰਮ ਉਦੈ (ਪ੍ਰਗਟ) ਨਹੀਂ ਹੁੰਦੇ, ਉਹ ਸਤ੍ਹਾ ਵਿੱਚ ਰਹਿੰਦੇ ਹਨ ਤਦ ਤੱਕ ਉਹ ਬੰਧ ਅਖਵਾਉਂਦੇ ਹਨ। ਦੂਸਰੇ ਸ਼ਬਦਾਂ ਵਿੱਚ ਆਖ ਸਕਦੇ ਹਾਂ ਕਿ ਕਰਮਾਂ ਦਾ ਪ੍ਰਗਟ ਨਾ ਹੋਣਾ ਕਾਲ ਬੰਧ ਹੈ। ਪ੍ਰਗਟ ਹੋਣ ਦਾ ਕਾਲ ਪੁੰਨ-ਪਾਪ ਹੈ।

7. **ਸੰਬਰ** :- ਕਰਮ ਆਉਣਾ ਨੂੰ ਰੋਕਣਾ **ਸੰਬਰ** ਹੈ। ਸੰਬਰ ਆਸ਼ਰਵ ਰੋਕਣ ਦੀ ਕਿਰਿਆ ਹੈ। ਸੰਬਰ ਦੀ ਸਿਧੀ (ਪ੍ਰਾਪਤੀ) ਗੁਪਤੀ, ਸਮਿਤੀ, ਧਰਮ, ਅਨੁਪਰੇਕਸ਼ਾ, ਪਰਿਸ਼ੈ ਜਿੱਤ ਅਤੇ ਚਾਰਿੱਤਰ ਨਾਲ ਹੁੰਦੀ ਹੈ।

8. **ਨਿਰਜਰਾ** :- ਸੰਬਰ ਤੱਤਵ ਵਿੱਚ ਆਸ਼ਰਵ ਦਾ ਨਿਰੋਧ (ਰੁਕਣਾ) ਹੁੰਦਾ ਹੈ ਅਤੇ **ਨਿਰਜਰਾ** ਵਿੱਚ ਪਹਿਲਾਂ ਤੋਂ ਆਤਮਾ ਨਾਲ ਜੁੜੇ ਕਰਮਾਂ ਨੂੰ ਝਾੜਿਆਂ ਜਾਂਦਾ ਹੈ। ਤਲਾਓ ਵਿੱਚ ਪਾਣੀ ਦੇ ਆਉਣ ਨੂੰ ਰੋਕ ਦੇਣਾ ਸੰਬਰ ਹੈ। ਅਤੇ ਸੂਰਜ ਦੀ ਗਰਮੀ ਤੋਂ ਹੌਲੀ ਹੌਲੀ ਤਲਾਓ ਦਾ ਸੁੱਕ ਜਾਣਾ **ਨਿਰਜਰਾ** ਹੈ। ਨਿਰਜਰਾ ਦੋ ਪ੍ਰਕਾਰ ਦੀ ਹੈ - 1) ਸਕਾਮ ਨਿਰਜਰਾ ਅਤੇ 2) ਅਕਾਮ ਨਿਰਜਰਾ। ਜੋ ਵਰਤ ਆਦਿ ਕਰਨ ਨਾਲ ਹੁੰਦੀ ਹੈ ਉਹ ਸਕਾਮ ਨਿਰਜਰਾ ਹੈ ਅਤੇ ਜੀਵਾਂ ਦੇ ਕਰਮ ਫਲ ਤੋਂ ਜੋ ਪ੍ਰਗਟ ਹੁੰਦੀ ਹੈ ਉਹ ਅਕਾਮ ਨਿਰਜਰਾ ਹੈ।

9. **ਮੋਕਸ਼** :- ਬੰਧ ਤੇ ਬੰਧ ਦਾ ਕਾਰਨ ਦੀ ਅਣਹੋਂਦ **ਮੋਕਸ਼** ਹੈ। ਸਾਰੇ ਕਰਮਾਂ ਝਾੜਨ ਨਾਲ ਆਤਮਾ ਦਾ ਪੂਰਨ ਵਿਕਾਸ ਹੁੰਦਾ ਹੈ। ਤਦ ਅਨੰਤ ਗਿਆਨ, ਅਨੰਤ ਦਰਸ਼ਨ, ਅਨੰਤ ਵੀਰਜ ਆਦਿ ਗੁਣ ਪ੍ਰਗਟ ਹੁੰਦੇ ਹਨ।

ਜੈਨ ਦਰਸ਼ਨ ਵਿੱਚ ਤੱਤਵਾਂ ਦੀ ਵਿਆਖਿਆ ਦੋ ਪ੍ਰਕਾਰ ਨਾਲ ਕੀਤੀ ਗਈ ਹੈ। 1) ਸਤ ਤੱਤਵ ਜਾਂ ਨੌ ਤੱਤਵ ਦੇ ਰੂਪ ਵਿੱਚ ਅਤੇ ਛੇ ਦਰਵਾਂ ਦੇ ਰੂਪ ਵਿੱਚ। ਦਰਵ, ਤੱਤਵ ਤੇ ਪਦਾਰਥ ਇਹ ਤਿੰਨ ਸ਼ਬਦ ਇੱਕ ਹੀ ਅਰਥ ਦੇ ਸੂਚਕ

ਹਨ। ਉਪਰੋਕਤ ਸਤਰਾਂ ਵਿੱਚ ਅਸੀਂ ਤੱਤਵ ਬਾਰੇ ਵਿਚਾਰ ਕੀਤਾ ਹੁਣ ਦਰਵ ਕੀ ਹੈ? ਇਸ ਤੇ ਵਿਚਾਰ ਕਰਨਾ ਹੈ।

**ਛੇ ਦਰਵ :**

ਗੁਣ ਤੇ ਪਰਿਆਏ ਦਾ ਆਸਰਾ ਤੇ ਆਧਾਰ ਦਰਵ ਹੈ। ਇਹ ਸਾਰਾ ਲੋਕ ਛੇ ਦਰਵਾਂ ਵਾਲਾ ਜਾਂ ਪੰਜ ਆਸਤੀਕਾਏ ਰੂਪ ਹੈ। ਦਰਵ ਉਹ ਹੈ ਜੋ ਆਪਣੀ ਮੂਲ ਸਥਿਤੀ ਨੂੰ ਰਖਦੇ ਹੋਏ, ਭਿੰਨ ਭਿੰਨ ਰੂਪਾਂ ਵਿੱਚ ਬਦਲਦਾ ਹੈ ਆਪਣੇ ਪਰਿਆਏ (ਆਕਾਰ) ਵਿੱਚ ਵਿਖਾਈ ਦਿੰਦਾ ਹੈ। ਕਿਉਂਕਿ ਬਿਨਾ ਪਰਿਆਏ ਤੋਂ ਦਰਵ ਰਹਿ ਨਹੀਂ ਸਕਦਾ। ਦਰਵ ਗੁਣਾਤਮਕ ਹੈ, ਗੁਣਾਂ ਦਾ ਆਸਰਾ ਤੇ ਗੁਣਾਂ ਦਾ ਆਧਾਰ ਹੈ। ਉਸ ਦੇ ਭਿੰਨ ਭਿੰਨ ਪਰਿਨਣਨ ਜਾਂ ਰੂਪ ਹੀ ਪਰਿਆਏ ਹਨ। ਗੁਣ ਦੇ ਬਿਨਾਂ ਦਰਵ ਨਹੀਂ ਅਤੇ ਦਰਵ ਤੋਂ ਬਿਨਾਂ ਗੁਣ ਨਹੀਂ। ਅਰਥਾਤ ਜੋ ਗੁਣ ਤੇ ਪਰਿਆਏ ਵਾਲਾ ਹੈ ਉਤਪਾਦ (ਪੈਦਾ ਹੋਣਾ) ਅਤੇ ਖਰਚ ਯੋਗ ਹੋ ਕੇ ਵੀ ਜੋ ਧਰੁਵ (ਸਥਿਰ) ਹੈ ਉਹ ਦਰਵ ਹੈ।

ਵਸਤੂ ਵਿੱਚ ਉਤਪਤੀ ਸਥਿਤੀ ਤੇ ਵਿਕਾਸ ਇੱਕ ਸਮੇਂ ਰਹਿੰਦੇ ਹਨ। ਵਸਤੂ ਨਾ ਇਕੱਲੀ ਨਿਤ (ਹੋਂਦ ਵਾਲੀ) ਹੈ ਨਾ ਇਕੱਲੀ ਨਾਸ਼ਵਾਨ ਹੈ ਅਤੇ ਨਾ ਇਕੱਲੀ ਕੂਟਸਥ (ਪਹਾੜ ਦੀ ਤਰ੍ਹਾਂ) ਨਿਤ ਹੈ, ਪਰ ਉਹ ਪਰਿਣਾਮੀ ਨਿਤ ਹੈ। ਜੈਨ ਦਰਸ਼ਨ ਦਰਵ ਨੂੰ ਪਰਿਣਾਮੀ-ਨਿਤ ਮੰਨਦਾ ਹੈ। ਇੱਕ ਹੀ ਵਸਤੂ ਵਿੱਚ ਅਵਸਥਾ ਪੱਖੋਂ ਕਈ ਭੇਦ ਹੁੰਦੇ ਹਨ। ਜਿਵੇਂ ਅੰਬ ਪਹਿਲਾਂ ਹਰਾਂ ਰਹਿੰਦਾ ਹੈ, ਫੇਰ ਪੀਲਾ ਹੋ ਜਾਂਦਾ ਹੈ, ਤਾਂ ਵੀ ਅੰਬ ਰਹਿੰਦਾ ਹੈ। ਸੋਨੇ ਦਾ ਕੁੰਡਲ ਮਿਟ ਕੇ ਚੂੜੀ ਬਣ ਜਾਂਦਾ ਹੈ। ਕੁੰਡਲ ਪਰਿਆਏ ਦਾ ਖਰਚ ਹੋਇਆ ਅਤੇ ਚੂੜੀ ਪਰਿਆਏ ਦਾ ਉਤਪਾਦ ਹੋਇਆ ਪਰ ਸੋਨਾ ਉਸੇ ਤਰ੍ਹਾਂ ਹੀ ਰਿਹਾ। ਦਰਵ ਨਾ ਕਦੇ ਉਤਪਨ ਹੁੰਦਾ ਹੈਂ, ਨਾ ਕਦੇ ਵਿਨਾਸ਼ ਹੁੰਦਾ ਹੈ। ਉਤਪਾਦ ਤੇ ਵਿਨਾਸ਼ ਦਰਵ ਦੇ ਪਰਿਆਏ ਹਨ। ਜਿਥੇ ਜਿਥੇ ਦਰਵ ਹੈ ਉਥੇ ਪਰਿਆਏ ਵੀ ਹੈ ਅਤੇ ਜਿਥੇ ਪਰਿਆਏ ਹੈ ਉਥੇ ਦਰਵ ਵੀ ਹੈ। ਦਰਵ ਵਿੱਚ ਇਕੋ ਸਮੇਂ ਵਿੱਚ ਉਤਪਤੀ, ਵਿਨਾਸ਼ ਤੇ ਸਥਿਤੀ ਰੂਪ ਭਾਵ ਰਹਿੰਦਾ ਹੈ। ਦਰਵ ਪੱਖੋਂ 1) ਧਰਮਾ ਆਸਤੀ ਕਾਏ, 2) ਅਧਰਮ

ਆਸਤੀ ਕਾਏ, 3) ਆਕਾਸ਼ ਆਸਤੀ ਕਾਏ, 4) ਕਾਲ, 5) ਪੁਦਗਲ ਆਸਤੀ ਕਾਏ, 6) ਜੀਵ ਆਸਤੀ ਕਾਏ, ਇਹ ਛੇ ਭੇਦ ਹਨ। ਜਿਨਾਂ ਦਾ ਵਰਨਣ ਪਹਿਲਾਂ ਕੀਤਾ ਜਾ ਚੁੱਕਾ ਹੈ।

**ਲੋਕ ਸਥਿਤੀ :**

ਜਿਥੋਂ ਤੱਕ ਅਸੀਂ (ਜੀਵ ਤੇ ਪੁਦਗਲ) ਰਹਿ ਰਹੇ ਹਾਂ ਉਹ ਲੋਕ ਹੈ। ਜਿਥੇ ਪ੍ਰਾਣੀ ਨਹੀਂ ਰਹਿ ਸਕਦੇ, ਉਹ ਅਲੋਕ ਹੈ। ਲੋਕ ਉਹ ਹੈ ਜਿਥੇ ਧਰਮ, ਅਧਰਮ, ਅਕਾਸ਼, ਕਾਲ, ਪੁਦਗਲ ਤੇ ਜੀਵ, ਇਹ ਛੇ ਦਰਵ ਹਨ। ਲੋਕ ਤੇ ਆਲੋਕ ਦੀ ਵੰਡ ਕੋਈ ਨਵੀਂ ਨਹੀਂ, ਸਗੋਂ ਸਾਸ਼ਵਤ ਹੈ ਅਤੇ ਉਨਾਂ ਵੰਡਣ ਵਾਲਾ ਤੰਤਵ ਵੀ ਸ਼ਾਸਵਤ ਹੈ। ਆਕਾਸ਼ ਅਖੰਡ ਹੈ ਪਰ ਧਰਮਾ ਅਸਤੀ ਕਾਏ ਅਤੇ ਅਧਰਮ ਆਸਤੀ ਕਾਏ ਇਹ ਲੋਕ ਤੇ ਆਲੋਕ ਦੀ ਸੀਮਾ ਨਿਰਧਾਰਤ ਕਰਦੇ ਹਨ। ਇਹ (ਦਰੱਵ) ਜਿਥੋਂ ਤੱਕ ਹੈ ਉਥੋਂ ਤੱਕ ਲੋਕ ਹੈ, ਜਿਥੇ ਇਸ ਦੀ ਹੋਂਦ ਨਹੀਂ ਉਹ ਅਲੋਕ ਹੈ। ਧਰਮ ਆਸਤੀ ਕਾਏ ਅਤੇ ਅਧਰਮਾ ਆਸਤੀ ਕਾਏ ਦੀ ਅਣਹੋਂਦ ਕਾਰਨ ਗਤੀ ਤੇ ਸਥਿਤੀ (ਰੁਕਨ) ਵਿੱਚ ਸਹਾਇਤਾ ਨਹੀਂ ਮਿਲਦੀ। ਇਸ ਲਈ ਜੀਵ ਅਤੇ ਪੁਦਗਲ ਲੋਕ ਵਿੱਚ ਹੀ ਹੈ। ਅਲੋਕ ਵਿੱਚ ਨਹੀਂ। ਲੋਕ ਸੀਮਾ ਵਾਲਾ ਹੈ ਅਲੋਕ ਸੀਮਾ ਰਹਿਤ ਹੈ। ਲੋਕਾ ਆਕਾਸ਼ ਵਿੱਚ ਅਨੰਤ ਪ੍ਰਦੇਸ਼ ਹਨ। ਲੋਕ ਚੋਦਹਾ ਰਾਜੂ ਪਰਿਮਾਣ ਅਕਾਰ ਦਾ ਹੈ। ਪਰ ਅਲੋਕ ਦੇ ਲਈ ਅਜਿਹੀ ਮਿਣਤੀ ਦਾ ਕੋਈ ਵਿਧਾਨ ਨਹੀਂ। ਲੋਕ ਹੇਠਾਂ ਤੋਂ ਫੈਲਿਆ ਹੋਇਆ ਹੈ, ਵਿਚਕਾਰ ਤੋਂ ਤੰਗ ਹੈ ਅਤੇ ਉੱਪਰ ਤੋਂ ਮਰਦੰਗ ਅਕਾਰ ਦਾ ਹੈ। ਤਿੰਨ ਕਸੋਰੇ ਇਕ ਉਲਟਾ, ਦੂਸਰਾ ਸਿੱਧਾ ਅਤੇ ਤੀਸਰਾ ਉਸ ਉਪਰ ਉਲੰਟਾ ਰੱਖਣ ਤੇ ਜੋ ਆਕਾਰ ਬਣਦਾ ਹੈ ਉਹ ਤਰਿ ਸ਼ਰਾਬ ਸੰਪੁਟ-ਆਕਾਰ ਅਖਵਾਉਂਦਾ ਹੈ। ਉਹ ਹੀ ਲੋਕ ਦਾ ਆਕਾਰ ਅਖਵਾਉਂਦਾ ਹੈ। ਅਲੋਕ ਦਾ ਆਕਾਰ ਵਿਚਕਾਰਲੇ ਪੋਲਵਾਲੇ ਗੋਲੇ ਦੀ ਤਰ੍ਹਾਂ ਹੈ।

ਲੋਕ ਆਕਾਸ਼ ਤਿੰਨ ਭਾਗਾਂ ਵਿੱਚ ਵੰਡਿਆ ਹੋਇਆ ਹੈ। ਉਰਧਵ ਲੋਕ, ਮਧਮ ਲੋਕ ਅਤੇ ਅਧੋ ਲੋਕ। ਉਰਧਵ ਲੋਕ ਵਿੱਚ ਮੁੱਖ ਤੌਰ ਤੇ ਸਿੱਧ ਅਤੇ

ਦੇਵਤਿਆਂ ਦਾ ਨਿਵਾਸ ਹੈ। ਮਧ ਲੋਕ ਵਿੱਚ ਮਨੁੱਖ ਤੇ ਪਸ਼ੂ ਆਦਿ ਦਾ ਨਿਵਾਸ ਹੈ। ਅਧੋ ਲੋਕ ਵਿੱਚ ਮੁੱਖ ਰੂਪ ਵਿੱਚ ਨਾਰਕੀ ਜੀਵਾਂ ਦਾ ਵਿਕਾਸ ਹੈ।

ਜੈਨ ਦਰਸ਼ਨ ਲੋਕ ਨੂੰ ਅਨਾਦਿ, ਅਨੰਤ ਮੰਨਦਾ ਹੈ। ਨਾ ਇਸ ਸੰਸਾਰ ਦਾ ਸ਼ੁਰੂ ਹੈ ਨਾ ਅੰਤ ਹੈ। ਅਨੰਤ ਕਾਲ ਤੋਂ ਇਹ ਚਲਿਆ ਆ ਰਿਹਾ ਹੈ। ਅਨੰਤ ਕਾਲ ਤੱਕ ਚਲਦਾ ਰਹੇਗਾ। ਸਚਾਈ ਇਹ ਹੈ ਕਿ ਜੋ ਵੀ ਤੱਤਵ ਅਨਾਦਿ ਤੇ ਅਨੰਤ ਹੁੰਦਾ ਹੈ ਉਹ ਕਿਸੇ ਰਾਹੀਂ ਬਣਾਇਆ ਨਹੀਂ ਹੁੰਦਾ। ਜੋ ਬਣਾਇਆ ਹੋਇਆ ਹੈ ਉਹ ਅਨਾਦਿ ਅਨੰਤ ਨਹੀਂ ਹੁੰਦਾ।

**ਈਸ਼ਵਰ ਕਰਤਾ :**

ਜੈਨ ਦਰਸ਼ਨ ਨੇ ਈਸ਼ਵਰ ਨੂੰ ਮੰਨਿਆ ਹੈ, ਪਰ ਉਹ ਈਸ਼ਵਰ ਨੂੰ ਕਰਤਾਵਾਦੀ ਜਾਂ ਜਗਤ ਦਾ ਕਰਤਾ ਨਹੀਂ ਮੰਨਦਾ। ਉਸ ਦਾ ਵਿਸ਼ਵਾਸ ਹੈ ਸੰਸਾਰ ਨੂੰ ਬਣਾਉਣ ਵਾਲਾ ਈਸ਼ਵਰ ਨਹੀਂ ਹੈ। ਇਹ ਸੰਸਾਰ ਸਦਾ ਤੋਂ ਸੀ ਤੇ ਰਹੇਗਾ। ਇਸ ਦੇ ਲਈ ਵਿਸ਼ਵ ਸਤਾ ਦਾ ਕੋਈ ਕਰਤਾ ਇਸ ਨੂੰ ਸਵੀਕਾਰ ਨਹੀਂ ਹੈ। ਕਿਉਂਕਿ ਕਿਸੇ ਨੂੰ ਕਰਤਾ ਮੰਨਣ ਤੇ ਉਸ ਕਰਤਾ ਦੇ ਸਬੰਧ ਵਿੱਚ ਵੀ ਪ੍ਰਸ਼ਨ ਤਾਂ ਕਾਇਮ ਹੀ ਰਹੇਗਾ। ਜੇ ਸੰਸਾਰ ਦਾ ਕਰਤਾ ਈਸ਼ਵਰ ਹੈ ਤਾਂ ਈਸ਼ਵਰ ਦਾ ਕਰਤਾ ਕੌਣ ਹੈ? ਈਸ਼ਵਰ ਜੇ ਸਵੈਮਭੂੰ ਹੈ ਤਾਂ ਸੰਸਾਰ ਸਵੈਮਭੂੰ ਕਿਉਂ ਨਹੀਂ ਮੰਨਿਆ ਜਾ ਸਕਦਾ? ਇਸ ਲਈ ਜੈਨ ਦਰਸ਼ਨ ਜਗਤ ਦਾ ਕਰਤਾ, ਰਖਿਅਕ, ਵਿਕਾਸ ਕਰਨ ਵਾਲਾ, ਈਸ਼ਵਰ ਨੂੰ ਨਹੀਂ ਮੰਨਦਾ। ਇਹ ਸੰਸਾਰ ਸਾਸ਼ਵਤ ਹੈ। ਜੈਨ ਦਰਸ਼ਨ ਦਾ ਈਸ਼ਵਰ ਅਨੰਤ ਗਿਆਨ, ਅਨੰਤ ਦਰਸ਼ਨ, ਅਨੰਤ ਅਨੰਦ ਅਤੇ ਅਨੰਤ ਸ਼ਕਤੀ ਸੰਪਨ ਹੈ। ਉਹ ਸਰੀਰ ਦੇ ਕਰਮ ਬੰਧਨਾਂ ਤੋਂ ਮੁਕਤ ਹੈ ਅਤੇ ਸੁਭਾਵ ਵਿੱਚ ਸਥਿਤ ਹੈ।

ਜੋ ਜੀਵ ਇਕ ਵਾਰ ਪ੍ਰਮਾਤਮਾ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ ਉਹ ਫੇਰ ਜਨਮ ਗ੍ਰਹਿਣ ਨਹੀਂ ਕਰਦਾ। ਜਨਮ ਤੇ ਮਰਨ ਦਾ ਮੁੱਖ ਕਾਰਨ ਕਰਮ ਹੈ। ਈਸ਼ਵਰ ਕਰਮ ਮੱਲ ਤੋਂ ਮੁਕਤ ਹੁੰਦਾ ਹੈ। ਇਸ ਲਈ ਉਸਦਾ ਦਵਾਰਾ ਜਨਮ ਜਾਂ ਦੇਹ ਧਾਰਨ ਕਰਨ ਦਾ ਕੋਈ ਕਾਰਨ ਨਹੀਂ ਹੈ। ਕਾਰਨ ਤੋਂ ਬਿਨਾਂ ਕੰਮ ਨਹੀਂ ਹੈ।

ਜੇਨ ਦਰਸ਼ਨ ਦਾ ਪੁਰਸ਼ਾਰਥ ਵਿੱਚ ਵਿਸ਼ਵਾਸ ਹੈ। ਪੁਰਸ਼ਾਰਥ ਤੋਂ ਆਤਮਾ ਸੁੱਖ ਤੇ ਦੁੱਖ ਪ੍ਰਾਪਤ ਹੁੰਦਾ ਹੈ। ਜੇ ਪੁਰਸ਼ਾਰਥ ਸਹੀ ਦਿਸ਼ਾ ਵਿੱਚ ਹੋਇਆ ਤਾਂ ਸੁੱਖ ਦਾ ਹਰੇ ਭਰੇ ਬਾਗ ਲਹਿਰਾਉਣ ਲਗਦਾ ਹੈ। ਜੇ ਪੁਰਸ਼ਾਰਥ ਉਲਟੀ ਦਿਸ਼ਾ ਵੱਲ ਹੋਵੇ, ਦੁੱਖ ਦੀ ਕਾਲੀ ਬਦਲੀ ਉਮਡ ਪੈਂਦੀ ਹੈ। ਪੁਰਸ਼ਾਰਥ ਵਿੱਚ ਵਿਸ਼ਵਾਸ ਕਰਨ ਤੇ ਵੀ ਨਿਅਤੀ, ਕਰਮ, ਸੁਭਾਅ ਤੇ ਕਾਲ ਆਦਿ ਸਾਰੇ ਤੱਥ ਨੂੰ ਜੈਨ ਧਰਮ ਸਵੀਕਾਰ ਕਰਦਾ ਹੈ ਅਤੇ ਇਹ ਮੰਨਦਾ ਹੈ ਕਿ ਹਰ ਕੰਮ ਦੀ ਉਤਪਤੀ ਇਨਾਂ ਸਾਰੇ ਦੇ ਮੇਲ ਤੋਂ ਹੁੰਦੀ ਹੈ। ਇੱਕ ਇੱਕ ਤੱਥ ਨਾਲ ਕੰਮ ਪੂਰਾ ਨਹੀਂ ਹੁੰਦਾ। ਨਿਅਤੀ, ਕਾਲ, ਕਰਮ, ਪੁਰਸ਼ਾਰਥ ਸਾਰੇ ਦਾ ਮੇਲ ਕਰਨਾ ਹੀ ਜੈਨ ਧਰਮ ਦਾ ਪੁਰਸ਼ਾਰਥਵਾਦ ਹੈ।

**ਆਤਮਵਾਦ :**

ਜੈਨ ਦਰਸ਼ਨ ਵਿੱਚ ਆਤਮਾ ਨੂੰ ਚੇਤੰਨ ਸਵਰੂਪ ਮੰਨਿਆ ਗਿਆ ਹੈ। ਉਪਯੋਗ ਇਸਦਾ ਲੱਛਣ ਹੈ। ਉਪਯੋਗ ਸ਼ਬਦ ਗਿਆਨ ਤੇ ਦਰਸ਼ਨ ਦਾ ਸੰਗ੍ਰਹਿ ਹੈ। ਬਿਨਾਂ ਅਨਾਕਾਰ (ਸ਼ਕਲ ਰਹਿਤ) ਉਪਯੋਗ ਦਰਸ਼ਨ ਹੈ ਅਤੇ ਸਾਕਾਰ ਉਪਯੋਗ ਗਿਆਨ ਹੈ। ਜੋ ਉਪਯੋਗ ਜਾਤੀ, ਗੁਣ, ਕਿਰਿਆ ਆਦਿ ਦਾ ਗਿਆਨ ਕਰਾਉਂਦਾ ਹੈ, ਉਹ ਸਾਕਾਰ ਉਪਯੋਗ ਹੈ ਅਤੇ ਜੋ ਆਮ ਸਤਾ ਦਾ ਗਿਆਨ ਕਰਾਉਂਦਾ ਹੈ ਉਹ ਅਨਾਕਾਰ ਹੈ। ਆਤਮਾ ਵਿੱਚ ਅਨੰਤ ਗੁਣ ਪਰਿਆਏ ਹਨ, ਪਰ ਉਸ ਵਿੱਚ ਉਪਯੋਗ ਮੁੱਖ ਹੈ। ਇਹ ਆਪਣੇ ਤੇ ਪਰਾਏ ਦਾ ਪ੍ਰਕਾਸ਼ਕ ਹੈ। ਆਪਣੇ ਤੇ ਦੂਸਰੇ ਦਰਵ, ਗੁਣ, ਪਰਿਆਏ ਦਾ ਗਿਆਨ ਕਰਾ ਸਕਦਾ ਹੈ। ਉਪਯੋਗ ਜੜ ਪਦਾਰਥਾਂ ਵਿੱਚ ਨਹੀਂ ਹੁੰਦਾ। ਇਸ ਲਈ ਉਪਯੋਗ (ਗਿਆਨ ਦਰਸ਼ਨ) ਆਤਮਾ ਦਾ ਲੱਛਣ ਹੈ।

ਆਤਮਾ ਅਰੂਪੀ ਹੈ। ਉਹ ਨਾ ਇਸਤਰੀ ਹੈ ਨਾ ਪੁਰਸ਼। ਇਹ ਸਾਰੀ ਉਪਾਧਿਆਂ (ਗੁਣ) ਸਰੀਰ ਆਸ਼ਰਤ (ਸਹਾਰੇ) ਤੇ ਕਰਮਜਨਯ (ਕਰਮ ਤੋਂ ਪੈਦਾ) ਹਨ। ਆਤਮਾ ਸਾਸ਼ਵਤ ਹੈ। ਆਤਮਾ ਅਸੰਖਿਆਤ ਪ੍ਰਦੇਸ਼ੀ ਹੈ। ਆਤਮਾ ਦਾ ਕੋਈ ਵੀ ਆਕਾਰ ਨਹੀਂ। ਪਰ ਕਰਮ ਯੁਕਤ ਹੋਣ ਤੇ ਇਹ ਸਰੀਰ ਨੂੰ ਧਾਰਨ

ਕਰਦਾ ਹੈ। ਜਿਹਾ ਸਰੀਰ ਹੁੰਦਾ ਹੈ ਉਹ ਉਸ ਤਰ੍ਹਾਂ ਦਾ ਹੀ ਆਕਾਰ ਧਾਰਨ ਕਰ ਲੈਂਦਾ ਹੈ। ਜਿਵੇਂ ਦੀਵੇ ਨੂੰ ਕਿਸੇ ਘੜੇ ਹੇਠਾਂ ਰੱਖ ਦਿੱਤਾ ਜਾਵੇ ਤਾਂ ਉਸ ਦਾ ਚਾਨਣ ਘੜੇ ਵਿੱਚ ਸਮਾਂ ਜਾਂਦਾ ਹੈ। ਜੇ ਉਸ ਦੀਵੇ ਨੂੰ ਵਿਸ਼ਾਲ ਕਮਰੇ ਵਿੱਚ ਰੱਖ ਦਿੱਤਾ ਜਾਵੇ ਤਾਂ ਉਹ ਪ੍ਰਕਾਸ਼ ਫੈਲ ਕੇ ਸਾਰੇ ਕਮਰੇ ਵਿੱਚ ਭਰ ਜਾਂਦਾ ਹੈ। ਇਸ ਤਰ੍ਹਾਂ ਆਤਮਾ ਪ੍ਰਦੇਸ਼ਾਂ ਦਾ ਇਕੱਠਾ ਹੋਣਾ ਤੇ ਫੈਲਣਾ ਹੁੰਦਾ ਰਹਿੰਦਾ ਹੈ। ਗਿਣਤੀ ਪੱਖੋਂ ਜੀਵ (ਆਤਮਾ) ਅਨੰਤ ਹਨ। ਜੋ ਲੋਕ ਇਹ ਮੰਨਦੇ ਹਨ ਕਿ ਪ੍ਰਿਥਵੀ, ਪਾਣੀ, ਅੱਗ, ਹਵਾ ਤੇ ਆਕਾਸ਼ ਇਨ੍ਹਾਂ ਪੰਜ ਮਹਾਂ ਭੂਤਾਂ ਦੇ ਸੰਯੋਗ ਤੋਂ ਆਤਮਾ ਉਤਪੰਨ ਹੁੰਦਾ ਹੈ ਉਨ੍ਹਾਂ ਦੇ ਖਾਤਮੇ ਨਾਲ ਆਤਮਾ ਨਸ਼ਟ ਹੋ ਜਾਂਦੀ ਹੈ। ਉਨਾਂ ਦਾ ਇਹ ਆਖਣਾ ਗਲਤ ਹੈ। ਕਿਉਂਕਿ ਅੱਡ ਗੁਣ ਵਾਲੇ ਪਦਾਰਥਾਂ ਦੇ ਇਕੱਠੇ ਹੋਣ ਤੋਂ ਕਿਸੇ ਅਪੂਰਵ ਗੁਣ ਵਾਲੇ ਪਦਾਰਥ ਦੀ ਉਤਪਤੀ ਨਹੀਂ ਹੁੰਦੀ, ਜਿਵੇਂ ਰੁੱਖੀ ਮਿੱਟੀ ਤੇ ਕਣਾਂ ਦੇ ਇਕੱਠ ਤੋਂ ਚਿਕਨੇ ਤੇਲ ਦੀ ਉਤਪਤੀ ਨਹੀਂ ਹੁੰਦੀ। ਇਸੇ ਤਰ੍ਹਾਂ ਚੇਤਨਾ ਗੁਣ ਵਾਲੀ ਆਤਮਾ ਦੀ, ਜੜ ਗੁਣਾਂ ਵਾਲੀ ਭੂਤਾਂ ਦੀ ਉਤਪਤੀ ਨਹੀਂ ਹੋ ਸਕਦੀ। ਜੜ ਤੇ ਚੇਤਨ ਦੀ ਉਤਪਤੀ ਕਦੇ ਸੰਭਵ ਨਹੀਂ ਹੈ।

ਪੰਜ ਇੰਦਰੀਆਂ ਆਪਣੇ ਆਪਣੇ ਵਿਸ਼ਿਆਂ ਦਾ ਹੀ ਗਿਆਨ ਕਰਾਂਦੀਆਂ ਹਨ। ਇੱਕ ਇੰਦਰੀ ਰਾਹੀਂ ਜਾਂਣੇ ਹੋਏ ਵਿਸ਼ੇ ਨੂੰ ਦੂਸਰੀ ਇੰਦਰੀ ਨਹੀਂ ਜਾਣਦੀ। ਕਿਉਂਕਿ ਪੰਜ ਇੰਦਰੀਆਂ ਦੇ ਜਾਣੇ ਹੋਏ ਵਿਸ਼ੇ ਨੂੰ ਸਮਇਸਟ (ਇੱਕਠ) ਰੂਪ ਤੋਂ ਮਹਿਸੂਸ ਕਰਨ ਵਾਲਾ ਆਤਮਾ ਹੈ। ਸ਼ਰੀਰ ਵਿੱਚ ਜਦ ਤੱਕ ਆਤਮਾ ਹੈ ਤਕ ਤੱਕ ਇੰਦਰੀਆਂ ਆਪਣਾ ਕੰਮ ਕਰਦੀਆਂ ਹਨ, ਉਨਾਂ ਵਿੱਚ ਇਕ ਸੁਰਤਾ ਬਣੀ ਰਹਿੰਦੀ ਹੈ।

ਆਤਮਾ, ਇੰਦਰੀ ਮਨ ਤੋਂ ਨਹੀਂ ਜਾਣਿਆ ਜਾ ਸਕਦਾ, ਕਿਉਂਕਿ ਉਹ ਭੌਤਿਕ ਨਹੀਂ। ਇਸ ਲਈ ਅਮੂਰਤ ਹੈ। ਅਮੂਰਤ ਤੱਤਵ ਸਿਰਫ ਅਨੁਭੂਤੀ (ਅੰਦਰੋਂ) ਰਾਹੀਂ ਹੁੰਦਾ ਹੈ। 'ਮੈਂ' ਜਾਂ 'ਅਸੀਂ' ਦਾ ਗਿਆਨ ਹੀ ਉਸ ਦੀ ਸਤਾ ਦੀ ਸੂਚਨਾ ਦਿੰਦਾ ਹੈ। ਆਤਮਾ ਦੇ ਦੋ ਭੇਦ ਹਨ 1) ਸੰਸਾਰੀ ਤੇ 2) ਮੁਕਤ। ਮੁਕਤ ਆਤਮਾ ਦਾ ਇੱਕ ਹੀ ਰੂਪ ਹੈ। ਉਸ ਦਾ ਕੋਈ ਹੋਰ ਭੇਦ ਨਹੀਂ। ਸੰਸਾਰੀ

ਆਤਮਾ ਦੇ ਕਰਮ ਕਾਰਨ ਭਿੰਨ ਭਿੰਨ ਭੇਦ ਹਨ, ਜਿਵੇਂ ਮਨੁੱਖ ਨਾਰਕੀ, ਪਸ਼ੂ ਆਦਿ।

**ਕਰਮਵਾਦ :**

ਆਤਮਾ ਵਿੱਚ ਜੋ ਭਿੰਨ ਭਿੰਨ ਭੇਦ, ਊਚ-ਨੀਚ, ਸੁੱਖੀ-ਦੁਖੀ ਵਿਖਾਈ ਦਿੰਦਾ ਹੈ ਉਸ ਦਾ ਕਾਰਨ ਕਰਮ ਹੈ। ਆਤਮਾ ਖੁਦ ਹੀ ਕਰਮ ਦਾ ਕਰਤਾ ਹੈ ਅਤੇ ਉਸ ਦੇ ਕਾਰਨ ਹੀ ਉਹ ਸੁਖੀ ਦੁਖੀ ਹੁੰਦਾ ਹੈ। ਜੈਨ ਦਰਸ਼ਨ ਦਾ ਕਰਮ ਸਿਧਾਂਤ ਬਹੁਤ ਹੀ ਡੂੰਘੇ ਚਿੰਤਨ ਵਾਲਾ ਹੈ। ਕਰਮ ਤੇ ਬਹੁਤ ਹੀ ਗੰਭੀਰ, ਵਿਸ਼ਾਲ ਤੇ ਵਿਗਿਆਨਕ ਦ੍ਰਿਸ਼ਟੀ ਤੋਂ ਚਿੰਤਨ ਕੀਤਾ ਗਿਆ ਹੈ। ਜੈਨ ਦ੍ਰਿਸ਼ਟੀ ਤੋਂ ਆਤਮ ਦੇ ਪ੍ਰਦੇਸ਼ਾਂ ਵਿੱਚ ਕੰਪਨ ਹੁੰਦਾ ਹੈ। ਉਸ ਕੰਪਨ ਤੋਂ ਪੁਦਗਲ ਦਾ ਪ੍ਰਮਾਣੂ-ਪੁੰਜ ਪ੍ਰਭਾਵਿਤ ਹੋ ਕੇ ਆਤਮਾ ਨਾਲ ਮਿਲ ਜਾਂਦਾ ਹੈ। ਉਹ ਹੀ ਕਰਮ ਹੈ। ਦੂਸਰੇ ਸ਼ਬਦਾਂ ਵਿੱਚ ਜੀਵ ਨੂੰ ਜੋ ਗੁਲਾਮ ਕਰੇ ਉਹ ਹੀ ਕਰਮ ਹੈ। ਮਿਥਿਆ (ਗਲਤ ਸ਼ਰਧਾ) ਦਰਸ਼ਨ ਆਦਿ ਪਰਿਣਾਮਾਂ (ਪ੍ਰਭਾਵਾਂ) ਨਾਲ ਜੁੜ ਕੇ ਜੀਵ ਰਾਹੀਂ ਜਿਸ ਨੂੰ ਸੰਗ੍ਰਹਿ ਕੀਤਾ ਜਾਂਦਾ ਹੈ ਉਹ ਕਰਮ ਹੈ।

ਆਤਮਾ ਤੇ ਕਰਮ ਦੋਹੇ ਸੁਤੰਤਰ ਪਦਾਰਥ ਹਨ। ਇੱਕ ਚੇਤਨ ਹੈ ਦੂਸਰਾ ਜੜ੍ਹ। ਚੇਤਨ ਤੇ ਜੜ੍ਹ ਦਾ ਮੇਲ ਨਹੀਂ ਹੋ ਸਕਦਾ। ਪਰ ਦੋਹਾਂ ਵਿੱਚ ਇਕ ਵੈਭਾਵਿਕ ਸ਼ਕਤੀ ਹੈ ਜੋ ਹੋਰ ਦਾ ਸਹਾਰਾ ਲੈ ਕੇ ਵਸਤੂ ਦਾ ਹੋਰ ਰੂਪ ਵਿੱਚ ਪਰਿਣਮਨ ਕਰ ਦਿੰਦੀ ਹੈ।

ਕਰਮ ਬੰਧਨ ਦੇ ਪੰਜ ਕਾਰਨ ਹਨ : 1) ਮਿਥਿਆਤਵ, 2) ਅਵਰਤ, 3) ਪ੍ਰਮਾਦ, 4) ਕਸ਼ਾਏ, 5) ਯੋਗ।

ਸੰਖੇਪ ਵਿੱਚ ਕਰਮ ਬੰਧ ਦੇ ਦੋ ਕਾਰਨ ਹਨ : 1) ਕਸ਼ਾਏ 2) ਯੋਗ।

ਸ਼ਰੀਰ, ਬਾਣੀ ਤੇ ਮਨ ਦੀ ਇੱਕਠੀ ਕਿਰਿਆ ਯੋਗ ਹਨ। ਕਰੋਧ, ਮਾਨ, ਮਾਇਆ, ਲੋਭ ਆਦਿ ਮਾਨਸਿਕ ਆਵੇਗ (ਅਸਰ) ਕਸ਼ਾਏ ਹਨ। ਕਸ਼ਾਏ ਤੋਂ ਰਸ ਬੰਧ ਤੇ ਸਥਿਤੀ ਬੰਧ ਹੁੰਦਾ ਹੈ। ਜਿਸ ਤਰ੍ਹਾਂ ਕਸ਼ਾਏ ਤੇ ਯੋਗ ਵਿੱਚ ਕਰਮ ਬੰਧਨ ਹੁੰਦਾ ਹੈ, ਉਸ ਪ੍ਰਕਾਰ ਕਰਮ ਮੁਕਤੀ ਦੇ ਲਈ ਸਮਿਅੱਕ ਦਰਸ਼ਨ,

ਸਮਿਅੱਕ ਗਿਆਨ, ਸਮਿਅੱਕ ਚਾਰਿਤਰ, ਤੇ ਸਮਿਅੱਕ ਤਪ ਦਾ ਵਿਧਾਨ ਹੈ। ਸੰਖੇਪ ਵਿੱਚ ਗਿਆਨ ਕਿਰਿਆ ਇਹ ਮੁਕਤੀ ਦਾ ਮਾਰਗ ਹਨ, ਕਰਮ ਸ਼ਕਤੀ ਦਾ ਸਾਧਨ ਹਨ। ਕਰਮ ਦੇ ਮੂਲ ਅੱਠ ਭੇਦ ਹਨ।

1. **ਗਿਆਨਾ ਅਵਰਨੀਆ ਕਰਮ** - ਜਿਸ ਤੋਂ ਆਤਮਾ ਦੀ ਗਿਆਨ ਸਕਤੀ ਢਕੀ ਜਾਂਦੀ ਹੈ। ਉਹ ਗਿਆਨਾ ਅਵਰਨੀਆ ਕਰਮ ਹੈ। ਜਿਵੇਂ ਅੱਖ ਤੇ ਲੱਗੀ ਕੱਪੜੇ ਦੀ ਪੱਟੀ ਵੇਖਣ ਵਿੱਚ ਰੁਕਾਵਟ ਪਾਉਂਦੀ ਹੈ। ਇਸੇ ਤਰ੍ਹਾਂ ਗਿਆਨਾ ਅਵਰਨੀਆ ਕਰਮ ਹੈ। ਗਿਆਨ ਆਤਮਾ ਤੇ ਆਪਣਾ ਨਿੱਜ ਗੁਣ ਹੋਣ ਤੇ ਭਾਵੇਂ ਕਿੰਨਾ ਵੀ ਗਿਆਨਾ ਅਵਰਨ ਕਰਮ ਕਿਉਂ ਨਾ ਹੋਵੇ, ਤਾਂ ਵੀ ਆਤਮਾ ਹਮੇਸ਼ਾਂ ਗਿਆਨ ਰਹਿਤ ਨਹੀਂ ਹੁੰਦਾ। ਜਿਵੇਂ ਕਾਲੀਆਂ ਘਟਾਵਾਂ ਵਿੱਚ ਦਿਨ ਤੇ ਰਾਤ ਦੀ ਪਛਾਣ ਮੌਜੂਦ ਰਹਿੰਦੀ ਹੈ, ਇਸੇ ਤਰ੍ਹਾਂ ਗਿਆਨ ਆਵਰਨੀਆ ਕਰਮ ਦੇ ਉਦੇ (ਪ੍ਰਗਟ) ਹੋਣ ਤੇ ਵੀ ਆਤਮਾ ਵਿੱਚ ਇੰਨੀ ਚੇਤਨਾ ਰਹਿੰਦੀ ਹੈ ਜਿਸ ਨਾਲ ਆਤਮਾ ਨੂੰ ਜੜ੍ਹ ਤੋਂ ਅਲੱਗ ਕੀਤਾ ਜਾ ਸਕੇ।

2. **ਦਰਸ਼ਨਾ ਅਵਰਨੀਆ ਕਰਮ** - ਇਹ ਆਤਮਾ ਦੀ ਦਰਸ਼ਨ (ਵੇਖਣ) ਸ਼ਕਤੀ ਨੂੰ ਢੱਕ ਲੈਣ ਵਾਲਾ ਕਰਮ ਹੈ। ਇਸ ਵਿੱਚ ਜੀਵ ਨੂੰ ਵੇਖਣ ਦੀ ਸ਼ਕਤੀ ਢਕੀ ਜਾਂਦੀ ਹੈ। ਜਿਵੇਂ ਚਪੜਾਸੀ ਅਫਸਰ ਨੂੰ ਮਿਲਣ ਵਿੱਚ ਰੁਕਾਵਟ ਪਾਉਂਦਾ ਹੈ ਉਸੇ ਪ੍ਰਕਾਰ ਦਰਸ਼ਨਾਵਰਨ ਆਤਮਾ ਨੂੰ ਪਦਾਰਥਾਂ ਦੇ ਦਰਸ਼ਨ (ਵੇਖਣ) ਵਿੱਚ ਰੁਕਾਵਟ ਪਾਉਂਦਾ ਹੈ।

3. **ਵੇਦਨੀਆ ਕਰਮ** - ਇਸ ਕਰਮ ਕਾਰਨ ਆਤਮਾ ਨੂੰ ਸੰਸਾਰਿਕ ਯੋਗ ਅਯੋਗ ਵਿਸ਼ਿਆਂ ਤੋਂ ਉਤਪੰਨ ਸੁੱਖ-ਦੁੱਖ ਦਾ ਵੇਦਨਾ (ਭੋਗਣਾ) ਹੁੰਦਾ ਹੈ। ਇਹ ਕਰਮ ਨੂੰ 'ਸ਼ਹਿਦ ਲਿਬੜੀ' ਤਲਵਾਰ ਦੀ ਉਪਮਾ ਦਿੱਤੀ ਗਈ ਹੈ। ਸੁੱਖ ਦੁੱਖ ਮਹਿਸੂਸ ਹੋਣ ਦਾ ਕਾਰਣ ਵੀ ਇਹ ਕਰਮ ਹੈ।

4. **ਮੋਹਨੀਆ ਕਰਮ** - ਆਤਮਾ ਦੇ ਭਲੇ ਬੁਰੇ ਨੂੰ ਨਾ ਪਛਾਣ ਕੇ ਅਤੇ ਸੱਚ ਅਪਨਾਉਣ ਦੀ ਬੁੱਧੀ ਨੂੰ ਵਿਗਾੜਨ ਵਾਲਾ ਇਹ ਕਰਮ ਹੈ। ਮੋਹਨੀਆ ਕਰਮ ਸ਼ਰਾਬ ਦੀ ਤਰ੍ਹਾਂ ਹੈ। ਜੋ ਮਨੁੱਖ ਨੂੰ ਵਿਵੇਕ ਭ੍ਰਿਸ਼ਟ ਕਰ ਦਿੰਦਾ ਹੈ। ਇਹ

ਕਰਮ ਸਭ ਤੋਂ ਮੁੱਖ ਹੈ। ਇਸ ਲਈ ਇਸ ਨੂੰ ਕਰਮਾਂ ਦਾ ਕਾਰਨ ਕਿਹਾ ਜਾਂਦਾ ਹੈ।

5. **ਆਯੁਸ਼ ਕਰਮ** - ਜੀਵਾਂ ਦੇ ਜਿਉਣ ਦੇ ਸਮੇਂ ਦਾ ਨਿਰਣਾ ਕਰਨ ਵਾਲਾ ਕਰਮ ਆਯੁਸ਼ ਹੈ। ਇਸ ਕਰਮ ਦੀ ਹੋਂਦ ਕਾਰਣ ਹੀ ਪ੍ਰਾਣੀ ਜਿਉਂਦਾ ਰਹਿੰਦਾ ਹੈ ਅਤੇ ਖਾਤਮਾ ਹੋਣ ਤੇ ਮੌਤ ਅੰਗੀਕਾਰ ਕਰਦਾ ਹੈ। ਇਸ ਕਰਮ ਦੀ ਤੁਲਨਾ ਜੇਲ੍ਹਖਾਨੇ ਨਾਲ ਕੀਤੀ ਗਈ ਹੈ। ਦੋਸ਼ੀ ਦੇ ਚਾਹੁਣ ਤੇ ਵੀ ਸਮਾਂ ਪੂਰਾ ਹੋਏ ਬਿਨਾਂ ਉਹ ਮੁਕਤ ਨਹੀਂ ਹੋ ਸਕਦਾ। ਇਸ ਪ੍ਰਕਾਰ ਆਯੁਸ਼ ਕਰਮ ਸ਼ਰੀਰ ਵਿੱਚ ਜੀਵ ਨੂੰ ਕਾਬੂ ਕਰਕੇ ਰਖਦਾ ਹੈ।

6. **ਨਾਮ ਕਰਮ** - ਜਿਸ ਕਰਮ ਤੋਂ ਜੀਵ ਗਤੀ (ਜਨਮ-ਮਰਨ) ਆਦਿ ਦਾ ਭੇਦ ਉਤਪੰਨ ਹੋਵੇ ਜਾਂ ਜਿਸ ਰਾਹੀਂ ਇੱਕ ਗਤੀ ਤੋਂ ਦੂਸਰੀ ਗਤੀ ਵਿੱਚ ਜਾਇਆ ਜਾਵੇ, ਉਹ ਨਾਮ ਕਰਮ ਹੈ। ਇਸ ਕਰਮ ਦੀ ਤੁਲਨਾ ਚਿਤਰਕਾਰ ਨਾਲ ਕੀਤੀ ਗਈ ਹੈ। ਜਿਵੇਂ ਚਿਤਰਕਾਰ ਆਪਣੀ ਕਲਪਨਾ ਨਾਲ ਮਨੁੱਖ, ਪਸ਼ੂ, ਪੰਛੀ ਆਦਿ ਦੇ ਭਿੰਨ ਭਿੰਨ ਚਿੱਤਰ ਬਣਾਉਂਦਾ ਹੈ। ਇਸੇ ਪ੍ਰਕਾਰ ਨਾਮ ਕਰਮ ਵੀ ਨਾਰਕੀ, ਤਰਿਅੰਚ (ਪਸ਼ੂ) ਮਨੁੱਖ ਅਤੇ ਦੇਵਤਿਆਂ ਦੇ ਸ਼ਰੀਰਾਂ ਦੀ ਰਚਨਾ ਕਰਦਾ ਹੈ। ਇਸ ਕਰਮ ਤੋਂ ਸ਼ਰੀਰ, ਅੰਗ, ਇੰਦਰੀਆਂ, ਸ਼ਕਲ, ਸ਼ਰੀਰ ਬਣਤਰ, ਇੱਜ਼ਤ, ਹੱਤਕ ਆਦਿ ਦਾ ਨਿਰਮਾਣ ਹੁੰਦਾ ਹੈ।

7. **ਗੋਤਰ ਕਰਮ** - ਜਿਸ ਕਰਮ ਦੇ ਪ੍ਰਗਟ ਹੋਣ ਤੋਂ ਜੀਵ ਦੀ ਉਤਪਤੀ ਉਚ ਜਾਂ ਨੀਚ, ਪੂਜਣਯੋਗ ਜਾਂ ਅਪਮਾਨ ਯੋਗ, ਗੋਤ, ਕੁਲ, ਵੰਸ਼ ਆਦਿ ਵਿੱਚ ਹੋਵੇ ਅਰਥਾਤ ਜਿਸ ਕਰਮ ਦੇ ਪ੍ਰਭਾਵ ਕਾਰਨ ਜੀਵ ਉੱਚਾ ਜਾਂ ਨੀਵਾਂ ਕਹਾਉਂਦਾ ਹੈ, ਉਹ ਗੋਤਰ ਕਰਮ ਇਸ ਦੀ ਤੁਲਨਾ ਘੁਮਿਆਰ ਨਾਲ ਕੀਤੀ ਗਈ ਹੈ। ਘੁਮਿਆਰ ਅਨੇਕਾਂ ਪ੍ਰਕਾਰ ਦੇ ਘੜਿਆਂ ਦਾ ਨਿਰਮਾਣ ਕਰਦਾ ਹੈ। ਕਈ ਘੜਿਆਂ ਵਿੱਚ ਚੰਦਨ ਆਦਿ ਇਕੱਠਾ ਕੀਤਾ ਜਾਂਦਾ ਹੈ ਅਤੇ ਕਈ ਘੜੇ ਸ਼ਰਾਬ ਇਕੱਠੀ ਕਰਨ ਦੇ ਕੰਮ ਅਉਂਦੇ ਹਨ। ਇਸ ਤਰ੍ਹਾਂ ਇਸ ਕਰਮ ਦੇ ਪ੍ਰਗਟ ਹੋਣ ਤੇ ਜੀਵ ਇੱਜ਼ਤ ਵਾਲੇ ਜਾਂ ਇੱਜ਼ਤ ਰਹਿਤ ਕੁਲ ਵਿੱਚ ਪੈਦਾ ਹੁੰਦਾ ਹੈ।

8. **ਅੰਤਰਾਏ ਕਰਮ** - ਜਿਸ ਕਰਮ ਦੇ ਪ੍ਰਗਟ ਹੋਣ ਤੇ ਦੇਣ-ਲੈਣ ਵਿੱਚ ਅਤੇ ਇੱਕ ਵਾਰ ਜਾਂ ਅਨੇਕਾਂ ਵਾਰ ਭੋਗਣ ਤੇ ਸਮਰਥਾ ਪ੍ਰਾਪਤ ਕਰਨ ਵਿੱਚ ਰੁਕਾਵਟ ਖੜ੍ਹੀ ਹੋਵੇ ਉਹ ਅੰਤਰਾਏ ਕਰਮ ਹੈ। ਇਸ ਕਰਮ ਦੀ ਤੁਲਨਾ ਰਾਜੇ ਦੇ ਭੰਡਾਰੇ ਨਾਲ ਕੀਤੀ ਗਈ ਹੈ। ਰਾਜਾ ਦੇ ਹੁਕਮ ਦੇਣ ਤੇ ਵੀ ਭੰਡਾਰੀ ਰੁਕਾਵਟ ਪਾਉਂਦਾ ਹੈ। ਇਸੇ ਤਰ੍ਹਾ ਦਾ ਹੀ ਇਹ ਕਰਮ ਹੈ।

ਇਹਨਾਂ ਅੱਠਾਂ ਕਰਮਾਂ ਦੀਆਂ ਅਨੇਕਾਂ ਉੱਤਰ ਪਰਾਕ੍ਰਿਤੀਆਂ (ਸੁਭਾਅ) ਹਨ।

ਜਿਵੇਂ ਜੀਵ ਕਰਮ ਇਕੱਠੇ ਕਰਨ ਵਿੱਚ ਆਜ਼ਾਦ ਹੈ, ਉਂਝ ਹੀ ਇਸ ਦਾ ਫਲ ਪ੍ਰਮਾਤਮਾ ਨਹੀਂ ਦਿੰਦਾ। ਆਪਣੇ ਰਾਹੀਂ ਹੀ ਉਸ ਨੂੰ ਕੀਤੇ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ, ਜਿਵੇਂ ਮੱਕੜੀ ਆਪਣਾ ਜਾਲਾ ਖ਼ੁਦ ਬੁਣਦੀ ਹੈ ਅਤੇ ਖ਼ੁਦ ਆਪ ਹੀ ਇਸ ਵਿੱਚ ਫਸ ਜਾਂਦੀ ਹੈ, ਉਸ ਨੂੰ ਫਸਾਉਣ ਲਈ ਕਿਸੇ ਹੋਰ ਦੀ ਜ਼ਰੂਰਤ ਨਹੀਂ ਹੈ। ਇਸੇ ਪ੍ਰਕਾਰ ਜੀਵ ਵੀ ਖ਼ੁਦ ਸ਼ੁਭ-ਅਸ਼ੁਭ ਕਰਮ ਕਰਦਾ ਹੈ ਅਤੇ ਖ਼ੁਦ ਆਪ ਕਰਮ ਦੇ ਪ੍ਰਭਾਵ ਤੋਂ ਇਸ ਦਾ ਫਲ ਭੋਗ ਲੈਂਦਾ ਹੈ। ਜਿਵੇਂ ਬੀਜਦਾ ਹੈ ਉਸੇ ਤਰ੍ਹਾਂ ਕੱਟ ਲੈਂਦਾ ਹੈ। ਜੋ ਕਰਮ ਬੰਧ ਕੀਤਾ ਹੈ ਉਹ ਕਰਮ ਜ਼ਰੂਰ ਹੀ ਭੋਗੇ ਜਾਂਦੇ ਹਨ। ਕਰਮ ਬੰਧਨ ਸਮੇਂ ਅਸੀਂ ਆਜ਼ਾਦ ਹਾਂ ਪਰ ਕਰਮ ਬੰਧਨ ਤੋਂ ਬਾਅਦ ਅਸੀਂ ਚਾਹੀਏ ਕਿ ਉਸ ਦਾ ਫਲ ਨਾ ਮਿਲੇ ਇਹ ਸੰਭਵ ਨਹੀਂ ਹੈ। ਭਗਵਾਨ ਮਹਾਵੀਰ ਨੇ ਫੁਰਮਾਇਆ ਹੈ :-

'कडाण कम्माणं न मोक्ख अतथि' [१]

(ਕੀਤੇ ਕਰਮ ਦਾ ਫਲ ਭੋਗੇ ਬਿਨਾ ਮੋਕਸ਼ ਨਹੀਂ ਮਿਲਦਾ)

ਕਰਮ ਦਾ ਸਿਧਾਂਤ ਕੰਮ ਤੇ ਕਾਰਣ ਦਾ ਸਿਧਾਂਤ ਹੈ। ਭਾਵ ਕਰਮ ਤੋਂ ਦਰਵ ਕਰਮ ਅਤੇ ਦਰਵ ਕਰਮ ਤੋਂ ਭਾਵ ਕਰਮ ਉਤਪੰਨ ਹੁੰਦਾ ਹੈ। ਜਿਵੇਂ ਬੀਜ ਤੇ ਦਰਖਤ ਅਤੇ ਦਰਖਤ ਤੋਂ ਬੀਜ। ਭਾਵ ਕਰਮ ਤੋਂ ਦਰਵ ਕਰਮ, ਦਰਵ ਕਰਮ ਤੋਂ ਭਾਵ ਕਰਮ ਦੀ ਪਰੰਪਰਾ ਅਨਾਦਿ ਹੈ। ਪਰ ਪੁਰਸ਼ਾਰਥ (ਮੇਹਨਤ) ਨਾਲ ਉਸ

---

੧ ਉਤਰਾਧਿਆਨ 4/13

ਕਰਮ ਬੰਧ ਨੂੰ ਰੋਕਿਆ ਜਾ ਸਕਦਾ ਹੈ, ਬਦਲਿਆ ਜਾ ਸਕਦਾ ਹੈ। ਜੋ ਅਨਾਦਿ ਹੈ, ਉਸ ਦਾ ਅੰਤ ਨਹੀਂ ਹੁੰਦਾ। ਇਹ ਨਿਯਮ ਸਮੂਹਦਾਇਕ (ਸਭ ਲਈ) ਹੈ। ਖਾਸ ਆਦਮੀ ਤੇ ਹੀ ਲਾਗੂ ਨਹੀਂ ਹੁੰਦਾ। ਸੋਨੇ ਤੋਂ ਮਿੱਟੀ ਦਾ, ਘੀ ਤੇ ਦੁੱਧ ਦਾ ਜੋ ਸਬੰਧ ਅਨਾਦਿ ਹੈ, ਫੇਰ ਵੀ ਅੱਡ ਹੁੰਦੇ ਹਨ ਇਸੇ ਤਰ੍ਹਾਂ ਹੀ ਆਤਮਾ ਤੇ ਕਰਮ ਦਾ ਸਬੰਧ ਅਨਾਦਿ ਹੋਣ ਤੇ ਵੀ ਉਹ ਅੱਡ ਹੁੰਦੇ ਹਨ। ਆਤਮਾ ਤੋਂ ਜਿੰਨੇ ਕਰਮ ਪੁਦਗਲ ਚਿੰਮੜਦੇ ਹਨ ਉਨ੍ਹਾਂ ਦਾ ਕੁਝ ਨਾ ਕੁਝ ਸਮਾਂ ਹੁੰਦਾ ਹੈ। ਕੋਈ ਵੀ ਕਰਮ ਅਨਾਦਿ ਕਾਲ ਤੱਕ ਆਤਮਾ ਨਾਲ ਘੁਲ ਮਿਲ ਕੇ ਨਹੀਂ ਰਹਿੰਦਾ। ਜਦ ਆਤਮਾ ਮੋਕਸ਼ ਯੋਗ ਉਚਿਤ ਸਮੱਗਰੀ (ਸਾਧਨਾ) ਨੂੰ ਪਾਉਂਦਾ ਹੈ ਤਾਂ ਉਸ ਦਾ ਆਸ਼ਰਵ ਰੁੱਕ ਜਾਂਦਾ ਹੈ ਅਤੇ ਜੋ ਕਰਮ ਇਕੱਠੇ ਹੋਏ ਹੁੰਦੇ ਹਨ ਉਸ ਨੂੰ ਜਪ-ਤਪ ਦੇ ਰਾਹੀਂ ਨਸ਼ਟ ਕਰਮ ਆਤਮਾ ਕਰਮ ਮੁਕਤ ਬਣ ਜਾਂਦਾ ਹੈ।

**ਲੇਸ਼ਿਆ :**

ਜੈਨ ਦਰਸ਼ਨ ਵਿੱਚ ਕਰਮ ਸਿਧਾਂਤ ਨੂੰ ਸਮਝਣ ਲਈ ਲੇਸ਼ਿਆ ਨੂੰ ਸਮਝਣਾ ਜ਼ਰੂਰੀ ਹੈ :

'लिश्यते – श्लिष्यते आत्मा कर्मणा सहानयेति लेश्या'

ਅਰਥਾਤ ਆਤਮਾ ਜਿਸ ਦੀ ਮਦਦ ਨਾਲ ਕਰਮਾਂ ਨਾਲ ਲਿਬੜਦਾ ਹੈ, ਉਹ ਲੇਸ਼ਿਆ ਹੈ। ਲੇਸ਼ਿਆ ਪੁਦਗਲ ਦਰਵ ਦੇ ਮੇਲ ਤੋਂ ਉਤਪਨ ਹੋਣ ਵਾਲਾ ਜੀਵ ਦਾ ਪਰਿਣਾਮ ਅਤੇ ਅੰਦਰੀ ਆਤਮ ਦੀ ਵਿਸ਼ੇਸ਼ ਹਾਲਤ (ਅਧਯਵਸਾਏ) ਹੈ। ਆਤਮਾ ਚੇਤੰਨ ਹੈ। ਉਹ ਅਚੇਤਨ ਸਰੂਪ ਤੋਂ ਅੱਡ ਹੈ। ਫੇਰ ਵੀ ਸੰਸਾਰ ਅਵਸਥਾ ਵਿੱਚ ਉਸ ਅਚੇਤਨ ਪੁਦਗਲ ਦਰਵ ਦੇ ਨਾਲ ਬਹੁਤ ਹੀ ਡੂੰਘਾ ਸਬੰਧ ਰਹਿੰਦਾ ਹੈ। ਇਸ ਲਈ ਅਚੇਤਨ ਦਰਵ ਤੋਂ ਉਤਪਨ ਪਰਿਣਾਮਾਂ ਦਾ ਜੀਵ ਤੇ ਅਸਰ ਹੁੰਦਾ ਹੈ। ਜਿਨਾਂ ਪੁਦਗਲਾਂ - ਵਿਸ਼ੇਸ਼ ਤੋਂ ਜੀਵ ਦੇ ਵਿਚਾਰ ਪ੍ਰਭਾਵਿਤ ਹੁੰਦੇ ਹਨ। ਉਹ ਹੀ ਲੇਸ਼ਿਆ ਅਖਵਾਉਂਦੇ ਹਨ। ਜੀਵ ਦੇ ਜੋ ਮਨ ਦੇ ਭਾਵ ਹੁੰਦੇ ਹਨ ਉਸੇ ਤੱਤ ਦੀ ਲੇਸ਼ਿਆ ਹੋ ਜਾਂਦੀ ਹੈ ਜਾਂ ਲੇਸ਼ਿਆ ਅਨੁਸਾਰ ਮਨ ਦੇ ਭਾਵ ਵੀ ਬਦਲ ਜਾਂਦੇ ਹਨ। ਲੇਸ਼ਿਆ ਪੁਦਗਲ ਹੈ, ਇਸ

ਲਈ ਇਸ ਵਿੱਚ ਵਰਨ (ਰੰਗ), ਗੰਧ, ਰਸਤੇ ਸਪਰਸ਼ ਹੈ। ਇਨਾਂ ਪੁਦਗਲ ਰੰਗਾਂ ਦੇ ਆਧਾਰ ਹੀ ਲੇਸ਼ਿਆ ਦੇ ਨਾਉਂ ਕ੍ਰਿਸ਼ਨ ਲੇਸ਼ਿਆ, ਨੀਲ ਲੇਸ਼ਿਆ, ਕਪੋਤ ਲੇਸ਼ਿਆ, ਤੇਜੋ ਲੇਸ਼ਿਆ, ਪਦਮ ਲੇਸ਼ਿਆ ਤੇ ਸ਼ੁਕਲ ਲੇਸ਼ਿਆ ਨਿਰਮਾਨ ਹੋਏ ਹਨ।

ਸ਼ੁਰੂ ਦੇ ਤਿੰਨ ਲੇਸ਼ਿਆ ਨਾ ਗ੍ਰਹਿਣ ਕਰਨ ਯੋਗ (ਪ੍ਰਸ਼ਸਤ) ਹਨ। ਇਸ ਲਈ ਉਹ ਭੈੜੀ ਗਤੀ ਦਾ ਕਾਰਣ ਹਨ ਅਤੇ ਬਾਅਦ ਦੀਆਂ ਤਿੰਨ ਲੇਸ਼ਿਆ (ਗ੍ਰਹਿਣ ਕਰਨ ਯੋਗ) ਪ੍ਰਸ਼ਸਤ ਹਨ। ਇਸ ਲਈ ਇਹ ਚੰਗੀ ਗਤੀ ਦਾ ਕਾਰਣ ਹਨ। ਲੇਸ਼ਿਆ ਦੇ ਵੀ (1) ਦਰਵ ਅਤੇ ਭਾਵ ਇਹ ਦੋ ਭੇਦ ਹਨ। ਦਰਵ ਲੇਸ਼ਿਆ ਪੁਦਗਲ ਵਿਸ਼ੇਸ਼ ਹੈ। ਅਨੰਤ ਪ੍ਰਦੇਸ਼ਾਂ ਵਾਲੀ ਹੈ, ਉਸ ਦੀਆਂ ਅਨੰਤ ਵਰਗਨਾਵਾਂ ਹਨ। ਇਹ ਆਤਮਾ ਨੂੰ ਛੱਡ ਹੋਰ ਕਿਤੇ ਪਰਿਣਮਨ ਨਹੀਂ ਕਰਦੀ। ਇਹ ਪਰਿਣਾਮੀ ਤੇ ਅਪਰਿਣਾਮੀ ਦੋਵਾਂ ਤਰ੍ਹਾਂ ਦੀ ਹੈ। ਇਹ ਦਰਵ ਲੇਸ਼ਿਆ ਕਰਮ ਪੁਦਗਲ, ਕਸ਼ਾਏ ਦਰਵ, ਦਰਵ ਮਨ ਦੇ ਪੁਦਗਲਾਂ ਦਾ ਠਿਕਾਣਾ ਹੈ ਅਤੇ ਔਦਾਰਿਕ (ਹੱਡੀ ਮਾਸ ਦੇ) ਸ਼ਰੀਰ ਦੇ ਪੁਦਗਲ, ਸ਼ਬਦ ਪੁਦਗਲ, ਤੇਜਸ ਸ਼ਰੀਰ ਦੇ ਪੁਦਗਲ ਤੋਂ ਸੂਖਮ ਹੈ। ਇਹ ਇੰਦਰੀਆਂ ਦੇ ਰਾਹੀਂ ਗ੍ਰਹਿਣ ਨਹੀਂ ਕੀਤੀ ਜਾ ਸਕਦੀ। ਪਰ ਮਨ, ਬਚਨ, ਕਾਇਆ ਦੇ ਮੇਲ (ਯੋਗ) ਦੇ ਰਾਹੀਂ ਦਰਵ ਲੇਸ਼ਿਆ ਗ੍ਰਹਿਣ ਕੀਤੀ ਜਾ ਸਕਦੀ ਹੈ।

ਭਾਵ ਲੇਸ਼ਿਆ ਆਤਮਾ ਦਾ ਪਰਿਣਾਮ ਵਿਸ਼ੇਸ਼ ਹੈ। ਜੋ ਸੰਸਲੇਸ਼ (ਲਿਬੜੀ) ਅਤੇ ਯੋਗ ਨਾਲ ਅਨੁਬੰਧ (ਜੁੜੀ) ਹੈ। ਭਾਵ ਲੇਸ਼ਿਆ ਰੂਪ ਰਸ, ਗੰਧ, ਵਰਨ ਤੇ ਸਪਰਸ਼ ਰਹਿਤ ਹੈ। ਇਹ ਕਸ਼ੈ (क्षय), ਉਪਸ਼ਮ ਤੇ ਕਸਯੋਪਸ਼ਮ ਭਾਵ ਤੋਂ ਮੁਕਤ ਹੈ। ਜੈਨ ਤੱਤਵ ਦਰਸ਼ਨ ਦਾ ਇਹ ਸੰਖੇਪ ਸਵਰੂਪ ਹੈ।

# ਜੈਨ ਸਾਹਿਤ - 4

ਭਾਰਤੀ ਸਾਹਿਤ ਦੇ ਵਿਕਾਸ ਵਿੱਚ ਜੈਨ ਚਿੰਤਕਾਂ ਦਾ ਅਹਿਮ ਹਿੱਸਾ ਰਿਹਾ ਹੈ। ਉਨ੍ਹਾਂ ਭਾਸ਼ਾ, ਪ੍ਰਾਂਤ ਦੀ ਤੰਗ ਦਿਲੀ ਤੋਂ ਉੱਪਰ ਉਠ ਕੇ ਆਮ ਆਦਮੀ ਦੀ ਉੱਨਤੀ ਲਈ ਭਿੰਨ ਭਿੰਨ ਭਾਸ਼ਾਵਾਂ ਦੇ ਭਿੰਨ ਭਿੰਨ ਵਿਸ਼ਿਆ ਤੇ ਸਾਹਿਤ ਦੀ ਰਚਨਾ ਕੀਤੀ। ਅਧਿਆਤਮ, ਯੋਗ, ਤੱਤਵ ਵਿਆਖਿਆ, ਦਰਸ਼ਨ, ਨਿਆਏ, ਕਾਵਯ, ਨਾਟਕ, ਇਤਿਹਾਸ, ਪੁਰਾਣ, ਨੀਤੀ, ਅਰਥ ਸਾਸ਼ਤਰ, ਵਿਆਕਰਣ, ਕੋਸ਼, ਛੰਦ, ਅਲੰਕਾਰ, ਭੂਗੋਲ, ਖਗੋਲ, ਗਣਿਤ, ਜਿਉਤਸ਼, ਆਯੂਰਵੇਦ, ਮੰਤਰ, ਤੰਤਰ, ਸੰਗੀਤ, ਰਤਨ ਪ੍ਰੀਖਿਆ ਆਦਿ ਵਿਸ਼ਿਆਂ ਤੇ ਅਧਿਕਾਰ ਪੂਰਨ ਢੰਗ ਨਾਲ ਲਿਖਿਆ ਹੈ।

## ਪ੍ਰਾਕ੍ਰਿਤ ਭਾਸ਼ਾ ਵਿੱਚ ਜੈਨ ਸਾਹਿਤ

ਅੰਗ ਜੈਨੀਆਂ ਦਾ ਪੁਰਾਣਾ ਸਾਹਿਤ ਪ੍ਰਾਕ੍ਰਿਤ ਭਾਸ਼ਾ ਵਿੱਚ ਹੈ। ਭਗਵਾਨ ਮਹਾਵੀਰ ਦੇ ਪਵਿੱਤਰ ਉਪਦੇਸ਼ ਨੂੰ ਗਣਧਰਾਂ ਨੇ ਸੂਤਰ ਰੂਪ ਵਿੱਚ ਰਚਿਆ। ਉਹ ਗਣਿਪਿਟਕ ਦੇ ਨਾਂ ਨਾਲ ਪ੍ਰਸਿੱਧ ਹੋਇਆ। ਨੰਦੀ ਸੂਤਰ ਦੇ ਸਾਰੇ ਆਗਮ ਨਹੀਂ ਮਿਲਦੇ। ਸਵੇਤਾਂਬਰ ਜੈਨੀਆਂ ਵਿਚ ਤਿੰਨ ਮਾਨਤਾਵਾਂ ਪ੍ਰਚਲਿਤ ਹਨ। ਪਹਿਲੀ ਮਾਨਤਾ 45 ਆਗਮਾ ਦੀ ਹੈ, ਦੇ ਨਾਉਂ ਇਸ ਪ੍ਰਕਾਰ ਹਨ :-

| ਅੰਗ | ਉਪਾਂਗ | ਛੇ ਮੂਲਸੂਤਰ |
|---|---|---|
| 1. ਆਚਾਰ | 1. ਔਪਪਾਤਿਕ | 1. ਆਵਸ਼ਕ |
| 2. ਸੁਤਰਕ੍ਰਿ: | 2. ਰਾਜਪ੍ਰਸ਼ਨੀਆ | 2. ਦਸ਼ਵੇਕਾਲਿਕ |
| 3. ਸਥਾਨ | 3. ਜੀਭਾ ਵਿਗਮ | 3. ਉਤਰਾਧਿਐਨ |
| 4. ਸਮਵਾਯ | 4. ਪ੍ਰਗਿਆਪਨਾ | 4. ਨੰਦੀ |

5. ਭਗਵਤੀ
6. ਗਿਆਤਾ ਧਰਮ ਕਥਾ
7. ਉਪਾਸ਼ਕਦਸ਼ਾ
8. ਅੰਤਕ੍ਰਿਤਦਸ਼ਾ
9. ਅਨੁਤੋਰੋਪਾਤਿਕਦਸ਼ਾ
10. ਪ੍ਰਸ਼ਨ ਵਿਆਕਰਨ
11. ਵਿਪਾਕ

5. ਜੰਬੂਦੀਪ ਪ੍ਰਗਿਅਪਤੀ
6. ਸੁਰਯਪ੍ਰਗਿਅਪਤੀ
7. ਚੰਦਰ ਪ੍ਰਗਿਅਪਤੀ
8. ਨਿਰਯਾਅ ਵਲੀਕਾ
9. ਕਲਪਾਵੰਤਸਿਕਾ
10. ਪੁਸ਼ਪਿਕਾ
11. ਪੁਸ਼ਪਚੂਲਿਕਾ
12. ਵਰਿਸ਼ਨੀਦਸ਼ਾ

5. ਅਨੁਯੋਗਦਵਾਰ
6. ਪਿੰਡਨਿਰਯੁਕਤੀ
7. ਓਘਨਿਰਯੁਕਤੀ

**ਛੇ ਛੇਦਸੂਤਰ**

1. ਨਸ਼ੀਥ
2. ਮਹਾਨਸ਼ੀਥ
3. ਬ੍ਰਹਤਕਲਪ
4. ਦਸ਼ਾ ਸਰੁਤ ਸੰਕਧ
5. ਵਿਵਹਾਰ
6. ਪੰਚਕਲਪ

**ਦਸ ਪਰਕਿਰਨਿਕ:**

1) ਆਤੁਰਪ੍ਰਤਿਖਿਆਨ, 2) ਭਗਤਪਰਿਗਿਆ, 3) ਤੰਦੁਲਵੇਚਾਰਿਕ, 4) ਚੰਦਰਵੇਦਇਕ, 5) ਦੇਵਿੰਦਰਸਤਵ, 6) ਗਣੀ ਵਿਦਿਆ, 7) ਚਤੁ ਸ਼ਰਣ, 8) ਵੀਰਸਤਵ, 9) ਮਹਾ ਪ੍ਰਤਿਖਿਆਨ, 10) ਸੰਸਤਾਰਕ, 11) ਅੰਗ, 12) ਉਪਾਂਗ, 6 ਮੂਲ ਸੂਤਰ, 6 ਛੇਦ ਸੂਦਰ ਅਤੇ 10 ਪਾਇੰਨਾ ਇਸ ਪ੍ਰਕਾਰ ਕੁੱਲ 45 ਆਗਮ ਬਣੇ।

**84) ਆਗਮਾਂ ਦੇ ਨਾਂ (ਦੂਸਰੀ ਮਾਨਤਾ)**

1 ਤੋਂ 45 ਤੱਕ ਉਹ ਹੀ ਆਗਮ ਹਨ।

46) ਕਲਪ ਸੂਤਰ, 47) ਯਤੀਜੀਤ ਕਲਪ - ਸੋਮਪ੍ਰਭਸੂਰੀ, 48) ਸ਼ਰਧਾਜੀਤ ਕਲਪ - ਧ਼ਰਮਘੋਸ਼ ਸੁਰੀ, 49) ਪਾਕਸ਼ਿਕ ਸੂਤਰ, 50) ਖਿਮਾਪਨਾ ਸੂਤਰ, 51) ਬੰਦਿਤ, 52) ਰਿਸ਼ੀ ਭਾਸ਼ਿਤ, 53) ਅਜੀਵ ਕਲਪ, 54) ਗੱਛਾਚਾਰ, 55) ਮਰਨ ਸਮਾਧੀ, 56) ਸਿੱਧ ਪ੍ਰਾਭਰਤ, 57) ਤੀਰਥ ਉਦਗਾਰ, 58) ਅਰਾਧਨਾ

ਪਤਾਕਾ, 59) ਦੀਪ ਸਾਗਰ ਪ੍ਰਗਿਆਪਤੀ, 60) ਜੋਤਿਸ਼ ਕਰੰਡਕ, 61) ਅੰਗ ਵਿਦਿਆ, 62) ਤਿਥੀ ਪ੍ਰਕਿਨਕ, 63) ਪਿੰਡ ਵਿਸ਼ੁਧੀ, 64) ਸਾਰਾਵਲੀ, 65) ਮਰਨ ਪਰਿਅੰਤਸਾਧਨਾ, 66) ਜੀਵ ਵਿਭਕਤੀ, 67) ਕਬਚ ਪ੍ਰਕਰਣ, 68) ਯੋਨੀ ਪ੍ਰਭਾਰਤ, 69) ਅੰਗ ਚੁਲੀਆ, 70) ਬੰਗ ਚੁਲਿਆ, 71) ਵਰਿਧ ਚਤੁਸ਼ਰਨ, 72) ਜੰਬੂ ਪਯਨਾ, 73) ਆਵਸ਼ਯਕ ਨਿਰਯੁਕਤੀ, 74) ਦਸ਼ਵੇ ਕਾਲੀਕ ਨਿਰਯੁਕਤੀ, 75) ਉਤਰਾਧਿਐਨ ਨਿਰਯੁਕਤੀ, 76) ਆਚਾਰੰਗ ਨਿਰਯੁਕਤੀ, 77) ਸੂਤਰ ਕ੍ਰਿਤਾਗ ਨਿਰਯੁਕਤੀ, 78) ਸੂਰਯ ਪ੍ਰਗਿਆਪਤੀ, 79) ਬ੍ਰਹਤਕਲਪ ਨਿਰਯੁਕਤੀ, 80) ਵਿਵਹਾਰ ਨਿਰਯੁਕਤੀ, 81) ਦਸ਼ਾਸ਼ਰੁਤ ਨਿਰਯੁਕਤੀ, 82) ਰਿਸ਼ੀ ਭਾਸ਼ਤ ਨਿਰਯੁਕਤੀ, 83) ਸੰਸਕਤ ਨਿਰਯੁਕਤੀ, 84) ਵਿਸ਼ੇਸ਼ਕ ਭਾਸ਼ਯ।

ਉਪਰੋਕਤ ਆਗਮ ਵਰਗੀਕਰਨ ਨੂੰ ਸ਼ਵੇਤਾਂਵਰ ਮੂਰਤੀ ਪੂਜਕ ਪੰਪਰਾ ਮੰਨਦੀ ਹੈ।

**32 ਆਗਮ :**

ਇਸ ਆਗਮ ਵਰਗੀਕਰਣ ਨੂੰ ਸ਼ਵੇਤਾਂਵਰ ਸਥਾਨਕ ਵਾਸੀ ਤੇ ਤੇਰਾਂਪੰਥੀ ਪੰਪਰਾ ਮੰਨਦੀ ਹੈ।

| ਅੰਗ | ਉਪਆਂਗ | ਮੂਲਸੂਤਰ | ਛੇਦ ਸੂਤਰ |
|---|---|---|---|
| ਆਚਾਰ | ਔਪਾਤਿਕ | ਦਸਵੈਕਾਲਿਕ | ਨਿਸ਼ੀਥ |
| ਸੂਤਰਕ੍ਰਿਤ | ਰਾਜਪ੍ਰਸ਼ਨੀਆ | ਉਤਰਾਅਧਿਐਨ | ਵਿਵਹਾਰ |
| ਸਥਾਨ | ਜੀਵਾਭਿਗਮ | ਅਨੁਯੋਗ ਦੁਆਰ | ਬ੍ਰਹਤਕਲਪ |
| ਸਮਵਾਯ | ਪ੍ਰਗਿਆਪਨਾ | ਨੰਦੀ ਸੂਤਰ | ਦਸ਼ਾਸ਼ਰੁਤ |
| ਭਗਵਤੀ | ਜੰਬੂਦੀਪ ਪ੍ਰਗਿਆਪਤੀ | | |
| ਗਿਆਤਾ ਧਰਮ ਕਥਾ | ਚੰਦਰ ਪ੍ਰਗਿਆਪੀ | | |
| ਉਪਾਸ਼ਕਦਸ਼ਾ | ਸੂਰਜ ਪ੍ਰਗਿਆਪਤੀ | | |
| ਅੰਤਕ੍ਰਿਤਦਸ਼ਾ | ਨਿਰਯ ਅਵਲਿਕਾ | | |

| | |
|---|---|
| ਅਨੁਤੋਪਰੋਪ ਪਾਤਿਕਦਸ਼ਾ | ਕਲਪਾ ਵੰਤਸਿਕਾ |
| ਪ੍ਰਸ਼ਨਵਿਆਕਰਣ | ਪੁਸ਼ਪਿਕਾ |
| ਵਿਪਾਕ | ਪੁਸ਼ਪ-ਚੂਲਿਕਾ |
| | ਵਰਿਸਣੀ |
| | ਆਵਸ਼ਕ ਸੂਤਰ[1] |

ਸਥਵਿਰ (ਮੁਨੀਆਂ) ਦੇ ਹਜਾਰਾਂ ਪ੍ਰਕਰਣ ਗਰੰਥ ਲਿਖੇ। ਉਨਾਂ ਤੋਂ ਬਾਅਦ ਆਗਮਾ ਤੇ ਵਿਆਖਿਆ ਸਹਿਤ ਲਿਖਿਆ ਗਿਆ।

ਨਿਰਯੁਕਤੀ, ਭਾਸ਼ਾ, ਤੇ ਚੂਰਣੀ, ਇਹ ਤਿੰਨੋਂ ਪ੍ਰਾਕ੍ਰਿਤ ਭਾਸ਼ਾ ਵਿੱਚ ਹਨ। ਨਿਰਯੁਕਤੀ ਤੇ ਭਾਸ਼ਾ ਪਦਾਂ ਵਿੱਚ ਹੈ। ਚੂਰਣੀਆ ਗਦ ਭਾਸ਼ਾ ਵਿੱਚ ਹਨ। ਚੂਰਣੀਆ ਸੰਸਕ੍ਰਿਤ ਮਿਲੀ ਪ੍ਰਾਕ੍ਰਿਤ ਭਾਸ਼ਾ ਵਿੱਚ ਹਨ।

**ਨਿਰਯੁਕਤੀਆਂ :**

1) ਆਵਸ਼ਕ ਨਿਰਯੁਕਤੀ, 2) ਦਸ਼ਵੈਕਾਲਿਕ ਨਿਰਯੁਕਤੀ, 3) ਉਤਰਾਧਿਐਨ ਨਿਰਯੁਕਤੀ, 4) ਆਚਾਰਾਂਗ ਨਿਰਯੁਕਤੀ, 5) ਸੂਤਰ ਕ੍ਰਿਤਾਂਗ ਨਿਰਯੁਕਤੀ, 6) ਦਸ਼ਾਸ਼ਰੁਤ ਸਕੰਧ ਨਿਰਯੁਕਤੀ, 7) ਬ੍ਰਹਤ ਕਲਪ ਨਿਰਯੁਕਤੀ, 8) ਵਿਵਹਾਰ ਨਿਰਯੁਕਤੀ, 9) ਪਿੰਡ ਨਿਰਯੁਕਤੀ, 10) ਓਘਨਿਰਯੁਕਤੀ,
11) ਰਿਸ਼ੀਭਾਸ਼ਤ ਨਿਰਯੁਕਤੀ।

**ਭਾਸ਼ਯ :**

1) ਵਿਸ਼ੇਸ਼ ਆਵਸ਼ਕ ਭਾਸ਼ਯ, 2) ਦਸ਼ਵੈਕਾਲਿਕ ਭਾਸ਼ਯ, 3) ਪੰਚ ਕਲਪ ਭਾਸ਼ਯ, 4) ਬ੍ਰਹਤ ਕਲਪ ਭਾਸ਼ਯ, 5) ਪੰਚ ਮਹਾਂਕਲਪ,

---

1. ਵਿਸ਼ੇਸ਼ ਚਰਚਾ ਦੇ ਲਈ ਦੇਖੋ - ਪ੍ਰੋ. ਕਪਾਡੀਆ ਦਾ 'ਏ ਹਿਸਟਰੀ ਆਫ ਦੀ ਕੈਨੋਨਿਕਲ ਲਿਟਰੇਚਰ ਆਫ ਜੈਨਜ਼' ਭਾਗ 2.

6) ਵਿਵਹਾਰ ਭਾਸ਼ਯ, 7) ਨਸਿਥ ਭਾਸ਼ਯ, 8) ਜੀਤਕਲਪ ਭਾਸ਼ਯ, 9) ਓਘ ਨਿਰਯੁਕਤੀ ਲਘੂ ਭਾਸ਼ਯ, 10) ਪਿੰਡ ਨਿਰਯੁਕਤੀ ਭਾਸ਼ਯ।

**ਚੂਰਣੀਆ :**

1) ਆਵਸ਼ਕ ਚੁਰਣੀ, 2) ਦਸ਼ਵੈਕਾਲਿਕ, 3) ਨੰਦੀ, 4) ਅਨੁਯੋਗਦਵਾਰ, 5) ਉਤਰਾਧਿਐਨ, 6) ਆਚਾਰੰਗ, 7) ਸੂਤਰਕ੍ਰਿਤਾਗ, 8) ਨਸ਼ਿਥ, 9) ਵਿਵਹਾਰ, 10) ਦਸ਼ਾਸਰੁਤ ਸਕੰਧ, 11) ਬ੍ਰਹਤਕਲਪ, 12) ਜੀਵਾਭਿਗਮ, 13) ਭਗਵਤੀ, 14) ਮਹਾਨਸ਼ਿਥ, 15) ਜੀਤਕਲਪ, 16) ਪੰਚ ਕਲਪ, 17) ਔਘ ਨਿਰਯੁਕਤੀ।

ਦਿਗੰਬਰ ਪ੍ਰੰਪਰਾ ਇਨਾਂ ਗ੍ਰੰਥਾਂ ਨੂੰ ਸਵੀਕਾਰ ਨਹੀਂ ਕਰਦੀ। ਦਿਗੰਵਰ ਆਚਾਰੀਆਵਾਂ ਨੇ ਉਪਰੋਕਤ ਸ਼ਵੇਤਾਂਬਰ ਮਾਨਤਾ ਵਾਲੇ ਆਗਮ ਗਰੰਥ ਨੂੰ ਸਹੀ ਨਾ ਮੰਨ ਕੇ ਪ੍ਰਾਕ੍ਰਿਤ ਭਾਸ਼ਾ ਵਿੱਚ ਆਗਮ ਗਰੰਥਾਂ ਦੀ ਰਚਨਾ ਕੀਤੀ। 'ਸ਼ਟਖੰਡਆਗਮ' ਉਨ੍ਹਾਂ ਦਾ ਆਦਿ ਗਰੰਥ ਹੈ। ਇਹ ਆਚਾਰੀਆ ਪੁਸ਼ਪਦੰਤ ਅਤੇ ਭੂਤਬਲੀ ਆਚਾਰੀਆ ਦੀ ਰਚਨਾ ਹੈ। ਉਨਾਂ ਤੋਂ ਬਾਅਦ ਆਚਾਰੀਆ ਗੁਣਧਰ ਨੇ ਕਸ਼ਾਏਪ੍ਰਾਭਰਿਤ ਦੀ ਰਚਨਾ ਕੀਤੀ। ਆਚਾਰੀਆ ਵੀਰਸੇਨ ਨੇ ਸ਼ਟਖੰਡ ਆਗਮ ਤੇ ਧਵਲਾ ਟੀਕਾ ਲਿਖੀ ਅਤੇ ਕਸ਼ਾਏ ਪ੍ਰਾਭਰਿਤ ਤੇ ਵੀ ਟੀਕਾ ਲਿਖੀ। ਆਚਾਰੀਆ ਕੁੰਦਕੁੰਦ ਨੇ ਪ੍ਰਵਚਨਸਾਰ, ਸਮੇਸਾਰ, ਪੰਚ ਆਸਤੀਕਾਏ ਅਤੇ ਆਚਾਰੀਆ ਨੇਮੀਚੰਦਰ ਸਿਧਾਂਤ ਚਕਰਵਰਤੀ ਨੇ ਗੋਮਟਸਾਰ, ਲਭੱਧੀ ਸਾਰ ਗਰੰਥ ਲਿਖੇ। ਆਗਮ ਸਾਹਿਤ ਤੋਂ ਛੁੱਟ ਸ਼ਵੇਤਾਵਰ ਤੇ ਦਿਗੰਬਰ ਨੇ ਪ੍ਰਾਕ੍ਰਿਤ ਭਾਸ਼ਾ ਵਿੱਚ ਕਾਵਿ ਸਾਹਿਤ ਵੀ ਲਿਖਿਆ। ਪਾਦਲਿਪਤ ਸੂਰੀ ਦੀ ਤਰੰਗ ਵਲੀ, ਬਿਮਲਮੁਨੀ ਦੀ ਪਉਮਚਰਿਓ, ਸੰਘਦਾਸ ਗੁਣੀ ਦੀ ਵਸੁਦੇਵ ਹਿੰਡੀ, ਹਰੀਭਦਰ ਸੂਰੀ ਦੀ ਸਮਰਾਇਚ ਕਹਾ ਮਹੱਤਵਪੂਰਨ ਰਚਨਾਵਾਂ ਹਨ। ਇਸ ਤੋਂ ਛੁੱਟ ਵਿਆਕਰਨ ਨਮਿਤ, ਜੋਤਿਸ਼, ਸ਼ਾਮੁਦਰਿਕ (ਹਥਰੇਖਾ) ਆਯੁਰਵੇਦ ਤੇ ਵੀ ਪ੍ਰਾਕ੍ਰਿਤ ਭਾਸ਼ਾ ਵਿੱਚ ਵਿਸ਼ਾਲ ਸਾਹਿਤ ਹੈ। ਭਾਸ਼ਾ ਪੱਖੋਂ ਸ਼ਵੇਤਾਂਬਰ ਸਾਹਿਤ ਮਹਾਰਾਸ਼ਟਰੀ ਪ੍ਰਾਕ੍ਰਿਤ ਵਿੱਚ ਹੈ ਅਤੇ ਦਿਗੰਵਰ ਸਾਹਿਤ ਸੋਰ ਸੈਨੀ ਪ੍ਰਾਕ੍ਰਿਤ ਵਿੱਚ ਹੈ।

## ਸੰਸਕ੍ਰਿਤ ਭਾਸ਼ਾ ਵਿੱਚ ਜੈਨ ਸਾਹਿਤ :

ਜੈਨ ਵਿਦਵਾਨਾਂ ਨੇ ਪ੍ਰਾਕ੍ਰਿਤਕ ਭਾਸ਼ਾ ਦੀ ਤਰ੍ਹਾਂ ਸੰਸਕ੍ਰਿਤ ਭਾਸ਼ਾ ਵਿੱਚ ਵੀ ਖੁੱਲ ਕੇ ਲਿਖਿਆ ਹੈ। ਆਖਿਆ ਜਾਂਦਾ ਹੈ ਕਿ 'ਪੂਰਵ' ਸੰਸਕ੍ਰਿਤ ਭਾਸ਼ਾ ਵਿੱਚ ਸਨ। ਵਰਤਮਾਨ ਵਿੱਚ ਉਪਲਬਧ ਸਾਹਿਤ ਵਿੱਚ ਤੱਤਵਾਰਥ ਸੂਤਰ ਪਹਿਲਾ ਸੰਸਕ੍ਰਿਤ ਗਰੰਥ ਹੈ। ਜਿਸ ਦੀ ਰਚਨਾਂ ਤੀਸਰੀ ਸਦੀ ਵਿੱਚ ਹੋਈ ਅਤੇ ਉਸ ਉਪਰ ਸਵੇਤਾਂਵਰ ਅਤੇ ਦਿਗੰਵਰ ਵਿਦਵਾਨਾਂ ਨੇ ਸੰਸਕ੍ਰਿਤ ਭਾਸ਼ਾਵਾਂ ਵਿੱਚ ਟੀਕਾਵਾਂ ਲਿਖੀਆਂ। ਦਾਰਸ਼ਨਿਕ ਸਾਹਿਤ ਦਾ ਵਿਕਾਸ 'ਤੱਤਵਾਰਥ ਸੂਤਰ' ਨੂੰ ਕੇਂਦਰ ਮੰਨ ਕੇ ਹੋਇਆ। ਆਚਾਰੀਆ ਸਿਧਸੇਨ ਦਿਵਾਕਰ ਦੀ 'ਨਿਆਏ ਅਵਤਾਰ', ਵਤੀਸ ਦਵਾਦਰਿਸ਼ਿਕਾਏ ਆਦਿ ਮਹੱਤਵ ਪੂਰਨ ਰਚਨਾਵਾਂ ਹਨ। ਆਚਾਰੀਆ ਸਮੰਤਭਦਰ ਦੀ ਦੇਵਾਗਮ ਸਤੋਤਰ 'ਯੁਕਤਯਨੁਸ਼ਾਸਨ' ਸਵੈਮੰਭੂ ਸਤੋਤਰ ਮਹੱਤਵ ਪੂਰਨ ਰਚਨਾਵਾਂ ਹਨ। ਅਕਲੰਕ, ਵਿਦਿਆਨੰਦ, ਹਰੀਭੱਦਰ ਜਿਨਸੇਨ, ਸਿਧਰਿਸ਼ੀ, ਹੇਮਚੰਦਰ, ਦੇਵਸੂਰੀ, ਯਸ਼ੋਵਿਜੈ ਜੀ ਆਦਿ ਦੇ ਅਨੇਕਾਂ ਦਾਰਸ਼ਨਿਕਾਂ ਗਰੰਥਾਂ ਦੀ ਰਚਨਾਵਾਂ ਕੀਤੀਆਂ। ਅੱਠਵੀਂ ਸਦੀ ਵਿੱਚ ਆਚਾਰੀਆ ਹਰੀਭੱਦਰ ਨੇ ਸਭ ਤੋਂ ਪਹਿਲਾਂ ਆਗਮ ਗਰੰਥਾਂ ਤੇ ਸੰਸਕ੍ਰਿਤ ਭਾਸ਼ਾ ਵਿੱਚ ਟੀਕਾ ਲਿਖਿਆ। ਉਨ੍ਹਾਂ ਆਵਸਯਕ, ਦਸ਼ਵੈਕਾਲਿਕ, ਨੰਦੀ, ਅਨੁਯੋਗਦਵਾਰ, ਜੰਬੂਦੀਪਪ੍ਰਗਿਆਪਤੀ, ਜੀਵਾਭਿਗਮ ਤੇ ਵਿਸ਼ਾਲ ਟੀਕਾਵਾਂ ਲਿਖੀਆਂ। ਜੈਨ ਯੋਗ ਤੇ ਵੀ ਆਪ ਨੇ ਚਾਰ ਮਹੱਤਵਪੂਰਨ ਗਰੰਥ ਲਿਖੇ। ਆਚਾਰੀਆ ਸੀਲਾਂਕ ਨੇ ਆਚਾਰੰਗ ਸੂਤਰਕ੍ਰਿਤਾਂਗ ਸੂਤਰ ਤੇ ਟੀਕਾਵਾਂ ਲਿਖੀਆਂ।

ਮਲਧਰੀ, ਹੇਮਚੰਦਰ ਨੇ ਅਨੁਯੋਗ ਦਵਾਰ ਤੇ ਆਚਾਰੀਆ ਮਲੈਗਿਰੀ ਨੇ ਨੰਦੀ, ਪ੍ਰਗਿਆਪਨਾ, ਜੀਵਾਭਿਗਮ, ਬ੍ਰਹਤ ਕਲਪ, ਵਿਵਹਾਰ, ਰਾਜਪ੍ਰਨਸ਼ਨੀਆ, ਚੰਦਰਪ੍ਰਗਿਆਤੀ ਅਤੇ ਆਵਸ਼ਕ ਤੇ ਟੀਕਾਵਾਂ ਲਿਖੀਆਂ। ਦਸ਼ਵੈਕਾਲਿਕ ,ਤੇ ਉਤਰਾਧਿਐਨ ਤੇ ਅਨੇਕਾਂ ਵਿਦਵਾਨਾਂ ਨੇ ਟੀਕਾਵਾਂ ਲਿਖੀਆਂ।

**ਸੰਸਕ੍ਰਿਤ ਵਿਆਕਰਣ :**

ਜੈਨੇਦਰ ਵਿਆਕਰਨ, ਸ਼ਾਕਟਾਯਨ ਕ੍ਰਿਤ ਸ਼ਬਦਾਅੰਬੋਜ, ਭਾਸ਼ਕਰ, ਹੇਮ ਸ਼ਬਦਾ ਅਨੁਸਾਸ਼ਨ, ਸ਼ਬਦ ਸਿਧੀ ਵਿਆਕਰਨ, ਮਲਯ ਮਲੈਗਿਰੀ ਵਿਆਕਤਨ, ਦੇਵਾਨੰਦ ਵਿਆਕਰਨ ਆਦਿ। ਕੋਸ਼ ਗਰੰਥਾਂ ਵਿੱਚ ਧਨੰਜੇ ਨਾਮ ਮਾਲਾ, ਆਪਵਰਗਨਾਮ ਮਾਲਾ, ਅਮਰ ਕੋਸ਼, ਅਭਿਧਾਨ ਚਿੰਤਾਮਨੀ, ਸ਼ਾਰਦੀਆਨਾਮ ਮਾਲਾ ਆਦਿ ਮਹੱਤਵਪੂਰਨ ਗਰੰਥ ਹੈ। ਕਾਵਿ ਖੇਤਰ ਵਿੱਚ ਅਨੇਕਾਂ ਪਦਾਂ ਅਤੇ ਗਦ ਗਰੰਥ ਰਚੇ ਗਏ ਜਿਵੇ : ਪਾਰਸਵਾ ਅਭ੍ਰੂਦਯ, ਦਵਿਅਨੁਸੰਧਾਨ ਮਹਾਂਕਾਵਯ, ਯਸ਼ ਤਿਲਕ ਚੰਪੂ, ਭਰਤ ਬਾਹੁਵਲੀ, ਮਹਾਂਕਾਵਿ, ਦਵੈਆਸ਼ਰੇ ਕਾਵਯ, ਤਰੇਸ਼ਟ ਪੁਰਸ਼ਸਲਾਕਾ ਚਾਰਿਤਰ, ਨੇਮੀਨਿਰਵਾਣ, ਮਹਾਂਕਾਵਿ ਧਰਮ ਸ਼ਰਮ ਅਭ੍ਰੂਦਯ ਮਹਾਂਕਾਵਿ, ਯਸ਼ੋਧਰ ਚਾਰਿਤਰ ਪਾਂਡਵ ਚਰਿਤਰ ਆਦਿ।

ਨਾਟਕਾਂ ਵਿੱਚ ਸੱਤ ਹਰੀਸ਼ਚੰਦਰ, ਰਾਘਵਾ ਅਭ੍ਰੂਦਯ, ਯਸ਼ੋਵਿਲਾਸ, ਰਘੁਵਿਲਾਸ, ਨਲਵਿਲਾਸ, ਮਲਿਕਾ ਮਕੰਰੰਦ, ਰੋਹਿਣੀ ਮਰਿਗਾਂਕ ਬਨਮਾਲਾ, ਚੰਦਰ ਲੇਖਾ ਵਿਜੇ, ਮਾਨ ਮੁੰਦਰਾਭੰਜਨ, ਪ੍ਰਬੁੱਧ ਰੋਹੀਣੀਆ ਮੋਹਪਰਾਜੇ ਆਦਿ ਖਾਸ ਰਚਨਾਵਾਂ ਹਨ। ਉਪਮਿਤੀ ਭਵਪ੍ਰਪੰਚ, ਕੁਵਲੇਮਾਲਾ ਆਦਿ ਕਥਾ ਸਾਹਿਤ ਮਹੱਤਵਪੂਰਨ ਹਨ। ਆਦਿ ਪੁਰਾਣ, ਉਤਰ ਪੁਰਾਣ, ਸ਼ਾਂਤੀ ਪੁਰਾਣ, ਮਹਾਂਪੁਰਾਣ, ਹਰੀਬੰਸ਼ ਪੁਰਾਣ ਆਦਿ ਮਹੱਤਵ ਪੂਰਣ ਗਰੰਥ ਹਨ ਜੋ ਪੁਰਾਣ ਸਾਹਿਤ ਦੇ ਮਹੱਤਵ ਨੂੰ ਪ੍ਰਕਾਸ਼ਿਤ ਕਰਦੇ ਹਨ।

**ਨੀਤੀ ਸਬੰਧੀ** - ਨੀਤੀ ਵਾਕਯਾ ਅਮ੍ਰਿਤ, ਅਰਹ ਨੀਤੀ ਆਦਿ ਸ੍ਰੇਸ਼ਟ ਗਰੰਥ ਹਨ। ਯੋਗ ਸਬੰਧੀ ਗਰੰਥਾਂ ਵਿੱਚ ਯੋਗ ਦ੍ਰਿਸ਼ਟੀ, ਯੋਗ ਦ੍ਰਿਸ਼ਟੀ ਸਮੁਚੇ, ਯੋਗ ਬਿੰਦੂ, ਯੋਗ ਸਾਸ਼ਤਰ, ਯੋਗ ਵਿਦਿਆ, ਅਧਿਆਤਮ ਰਹੱਸ ਗਿਆਨਾ ਰਵ, ਯੋਗ ਚਿੰਤਾਮਣੀ, ਯੋਗਦੀਪਿਕਾ, ਆਦਿ ਗਰੰਥ ਹਨ।

**ਛੰਦ ਸਬੰਧੀ ਗਰੰਥ :**

ਛੰਦੋ ਅਨੁਸਾਸ਼ਨ, ਜੈਕੀਰਤੀ ਛੰਦੋ ਅਨੁਸਾਸ਼ਨ, ਛੰਦ ਰਤਨਾਵਲੀ ਆਦਿ ਹਨ। ਅਲੰਕਾਰ ਗਰੰਥਾਂ ਵਿੱਚ ਅਲੰਕਾਰ ਚੁੜਾਮਣੀ, ਕਵੀ ਸ਼ਿਖਾ, ਕਵਿਕਲਪਲਤਾ, ਅਲੰਕਾਰ ਪ੍ਰਬੋਧ, ਅਲੰਕਾਰ ਮਹੋਦਧੀ ਆਦਿ - ਭਿੰਨ ਭਿੰਨ ਗਰੰਥ ਹਨ। ਸਤੋਤਰ ਸਾਹਿਤ ਵਿੱਚ ਵੀਤਰਾਗ ਸਤੋਤਰ, ਭਕਤਾਮਰ ਸਤੋਤਰ, ਕਲਿਆਣ ਮੰਦਰ, ਰਿਸ਼ੀਮੰਡਲ ਆਦਿ ਸਤੋਤਰ ਹਨ।

**ਜੋਤਿਸ਼ ਸਬੰਧੀ :**

ਜਯੋਤਿਸ਼ ਰਤਨਮਾਲਾ, ਗਣਿਤਵਿਲਕ, ਭਵਨਦੀਪਕ, ਨਾਰ-ਚੰਦਰ ਜਿਉਤੀਸ਼ ਸੰਸਾਰ, ਬ੍ਰਹਤ ਪਰਵਮਾਲਾ, ਆਦਿ ਅਤੇ ਸੰਗੀਤ ਸਬੰਧੀ ਸੰਗੀਤ ਉਪਨਿਸ਼ਦ, ਸੰਗੀਤਸਾਰ, ਸੰਗੀਤ ਮੰਡਲ ਆਦਿ ਹਨ।

ਜੈਨ ਮੁਨੀਆਂ ਨੇ ਅਜੈਨ ਵਿਦਵਾਨਾਂ ਰਾਹੀਂ ਲਿਖੇ ਗਰੰਥਾਂ ਤੇ ਵੀ ਟੀਕਾਵਾਂ ਲਿਖ ਕੇ ਆਪਣੀ ਖੁਲ ਦਿਲੀ ਦਾ ਸਬੂਤ ਦਿੱਤਾ ਹੈ। ਜਿਵੇਂ ਪਾਣਨਿ ਵਿਆਕਰਨ ਤੇ ਸ਼ਬਦਾ ਅਵਤਾਰ ਨਿਆਸ, ਦਿਗਨਾਗ ਦੇ ਨਿਆਏਪ੍ਰਵੇਸ਼ ਤੇ ਵਿਰਤੀ, ਸ਼੍ਰੀਧਰ ਦੀ ਨਿਆਏ ਕੰਦਲੀ ਤੇ ਟੀਕਾ, ਨਾਗਾ ਅਰਜਨ ਦੀ ਯੋਗ ਰਤਨ ਮਾਲਾ ਤੇ ਵਿਰਤੀ, ਅਕਸ਼ੇਪਾਦ ਦੇ ਨਿਆਏਸੂਤਰ ਤੇ ਟੀਕਾ, ਵਾਤਸਾਯਨ ਦੇ ਨਿਆਏ ਭਾਸ਼ਾ ਤੇ ਟੀਕਾ, ਵਾਚਸਪਤਿ ਦੀ ਤਾਤਪਰਯ ਟੀਕਾ ਤੇ ਟੀਕਾ ਆਦਿ ਇਸ ਤਰਾਂ ਕਾਵਿ ਸਾਹਿਤ ਤੇ ਵੀ ਟੀਕਾਵਾਂ ਲਿਖੀਆਂ ਹਨ । ਜਿਵੇਂ ਮੇਘਦੂਤ, ਰਘੁਬੰਸ, ਕਾਂਦੰਬਰੀ, ਕੁਮਾਰ ਸੰਭਵ ਨੇਸ਼ਧਿਆ ਆਦਿ।

ਕਈ ਜੈਨ ਆਚਾਰੀਆ ਨੇ ਸਾਹਿਤ ਦੇ ਖੇਤਰ ਵਿੱਚ ਨਵੇਂ ਤਜ਼ਰਬੇ ਕੀਤੇ ਹਨ, ਜਿਸ ਤਰ੍ਹਾਂ ਸਮੇਸੁੰਦਰਗਣੀ ਨੇ ਅਸ਼ਟ ਲਕਸ਼ੀ ਗਰੰਥ ਬਣਾਇਆ ਹੈ। ਉਸ ਵਿੱਚ राजानौ ददते सोख्यं ਇਸ ਪਦ ਦੇ 1022407 ਅਰਥ ਲਿਖੇ ਹਨ। ਆਚਾਰੀਆ ਕੁਮੁਦੇਦੂੰ ਨੇ 'ਭੁਵਲਯ' ਨਾਉ ਦੇ ਅਨੋਖੇ ਗਰੰਥ ਨੂੰ ਅੰਕਾਂ ਵਿੱਚ ਲਿਖਿਆ ਹੈ। ਇਸ ਵਿੱਚ 64 ਅੰਕਾਂ ਦੀ ਵਰਤੋਂ ਹੋਈ ਹੈ। ਸਿੱਧੀ ਲਾਈਨ ਵਿੱਚ ਪੜ੍ਹਨ ਤੇ ਇੱਕ ਭਾਸ਼ਾ ਦਾ ਸਲੋਕ ਬਣਦਾ ਹੈ, ਖੜ੍ਹੀ ਲਾਈਨ ਵਿੱਚ ਦੂਸਰੀ ਭਾਸ਼ਾ

ਵਿੱਚ, ਟੇਡੀ ਲਾਈਨ ਵਿੱਚ ਤੀਸਰੀ ਭਾਸ਼ਾ ਵਿੱਚ। ਇਸ ਗਰੰਥ ਵਿੱਚ ਉਤਰ ਭਾਰਤ ਦੇ ਅਤੇ ਦੱਖਣੀ ਭਾਰਤ ਦੀਆਂ ਭਾਸ਼ਾਵਾਂ ਦੀ ਵਰਤੋਂ ਹੋਈ ਹੈ। ਇਹ 18 ਭਾਸ਼ਾਵਾਂ ਵਿੱਚ ਪੜ੍ਹਿਆ ਜਾ ਸਕਦਾ ਹੈ। ਇਸ ਗਰੰਥ ਵਿੱਚ ਇੱਕ ਕਰੋੜ ਸ਼ਲੋਕ ਦਾ ਅੰਦਾਜਾ ਹੈ ਅਤੇ ਅਜਿਹਾ ਕੋਈ ਵਿਸ਼ਾ ਨਹੀਂ ਜੋ ਇਸ ਵਿੱਚ ਨਾ ਹੋਵੇ। ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾਕਟਰ ਰਾਜਿੰਦਰ ਪ੍ਰਸ਼ਾਦ ਜੀ ਨੇ ਇਸ ਵਿਸ਼ਵ ਨੂੰ ਮਹੱਤਵਪੂਰਨ ਅਚੰਭਾ ਮੰਨਿਆ ਹੈ।

## ਅਪਭਰੰਸ਼ ਭਾਸ਼ਾ ਵਿੱਚ ਜੈਨ ਸਾਹਿਤ :

ਅਪਭਰੰਸ਼ ਸੁਬਾਈਆਂ ਭਾਸ਼ਾ ਦੀ ਮਾਂ ਹੈ। ਅਪਭਰੰਸ਼ ਦਾ ਪਹਿਲਾ ਜੈਨ ਕਾਵਿ 'ਜੋਇਦੂ' ਹੈ। ਪਰਮਾਤਮ ਪ੍ਰਕਾਸ਼ ਅਤੇ ਯੋਗਸਾਰ ਉਨਾਂ ਦੀਆਂ ਮਹੱਤਵਪੂਰਨ ਰਚਨਾਵਾਂ ਹਨ। ਉਸ ਤੋਂ ਬਾਅਦ ਸਵੈਂਭੂ ਨੇ ਰਾਮਾਇਣ ਤੇ ਹਰੀਬੰਸ ਮਹਾਂਕਾਵਿ ਦੀ ਰਚਨਾ ਕੀਤੀ। ਪੁਸ਼ਪਦੰਤ ਨੇ ਆਦਿ 'ਪੁਰਾਣ' ਲਿਖਿਆ। ਦੇਵਸੇਨ ਮਹੇਸ਼ਵਰ ਸੂਰੀ, ਪਦਮਕੀਰਤੀ, ਧਨਪਾਲ, ਹਰਿਸ਼ੇਨ, ਨਯਨੰਦੀ ਧਵਲ, ਵੀਰ, ਸ਼੍ਰੀਧਰ, ਕਨਕਾਮਰ, ਧਾਹਿਲ, ਯਸ਼ਕੀਰਤੀ ਆਦਿ ਨੇ ਅਪਭਰੰਸ਼ ਨੇ ਅਨੇਕਾਂ ਉਤਮ ਰਚਨਾਵਾਂ ਕੀਤੀਆਂ। ਆਚਾਰੀਆ ਹੇਮ ਚੰਦਰ ਨੇ ਅਪਭਰੰਸ਼ ਵਿੱਚ ਵਿਆਕਰਨ ਲਿਖਿਆ। ਉਦਾਹਰਣ ਵਜੋਂ ਜੋ ਦੋਹੇ ਦਿੱਤੇ ਹਨ ਉਹ ਬਹੁਤ ਹੀ ਰਸਪੂਰਨ ਹਨ। ਮਹਾਂਕਾਵਿ ਰਈਧੂ ਦੀਆਂ 23 ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।

ਰਾਸ ਸਾਹਿਤ ਦੇ ਲੇਖਕ ਮੁੱਖ ਰੂਪ ਵਿੱਚ ਜੈਨ ਕਵੀ ਰਹੇ ਹਨ। ਉਨਾਂ ਦੀ ਸੰਖਿਆ ਲਗਭਗ 500 ਤੋਂ ਵੀ ਜ਼ਿਆਦਾ ਹੈ। ਰੂਪਕ ਕਾਵਿ ਵਿੱਚ ਮਦਨਪਰਾਜੇ ਚਰਿਓ, ਮਯਣਜੁਜ, ਸੰਤੋਸ਼ ਤਿਲਕ, ਜੈਮਾਲ, ਮਨਕਰਹਾ ਰਾਸ ਆਦਿ ਅਪਭਰੰਸ਼ ਸਾਹਿਤ ਦੇ ਵਿਸ਼ੇਸ਼ ਗਰੰਥ ਹਨ। ਅਪਭਰੰਸ਼ ਭਾਸ਼ਾ ਹੋਰ ਭਾਸ਼ਾ ਨੂੰ ਜੋੜਨ ਵਾਲੀ ਕੜੀ ਦੇ ਰੂਪ ਵਿੱਚ ਰਹੀ ਹੈ। ਹੁਣ ਤੱਕ ਅਪਭਰੰਸ਼ ਸਾਹਿਤ ਬਹੁਤ ਹੀ ਘੱਟ ਪ੍ਰਕਾਸ਼ਿਤ ਹੋਇਆ ਹੈ। ਸਾਰਾ ਸਾਹਿਤ ਪ੍ਰਕਾਸ਼ਿਤ ਹੋਣ ਤੇ ਨਵੇਂ ਤੱਥ ਸਾਹਮਣੇ ਆ ਸਕਦੇ ਹਨ।

ਇਨਾਂ ਪ੍ਰਚੀਨ ਭਾਸ਼ਾਵਾਂ ਤੋਂ ਛੁੱਟ ਹੋਰ ਪ੍ਰਾਂਤਾਂ ਦੀਆਂ ਭਾਸਾਵਾਂ ਵਿੱਚ ਵੀ ਬਹੁਤ ਸਾਰਾ ਸਾਹਿਤ ਲਿਖਿਆ ਗਿਆ ਹੈ। ਜੈਨ ਕਵੀਆਂ ਨੇ ਸਾਹਿਤ ਦੀਆਂ ਸਾਰੀਆਂ ਧਾਰਾਵਾਂ ਤੇ ਕੁਝ ਨਾ ਕੁਝ ਲਿਖਿਆ ਹੈ।

**ਕੰਨੜ ਭਾਸ਼ਾ ਵਿੱਚ ਜੈਨ ਸਾਹਿਤ :**

ਕਰਨਾਟਕ ਵਿੱਚ ਪੁਰਾਤਨ ਕਾਲ ਤੋਂ ਹੀ ਜੈਨ ਧਰਮ ਆਮ ਲੋਕਾਂ ਦੇ ਧਰਮ ਦੇ ਰੂਪ ਵਿੱਚ ਪ੍ਰਸਿੱਧ ਰਿਹਾ ਹੈ। ਗੰਗ, ਕਦੰਰਵ, ਰਾਸ਼ਟਰਕੂਟ, ਚਾਲੁਕਿਆ, ਹੋਯਸਲ, ਆਦਿ ਰਾਜਵੰਸ਼ਾਂ ਵਿੱਚ ਰਾਜਾ, ਸਾਮੰਤ, ਸੇਨਾਪਤੀ ਤੇ ਮੰਤਰੀ ਇਸ ਧਰਮ ਤੋਂ ਪ੍ਰਭਾਵਿਤ ਰਹੇ ਹਨ। ਇਥੇ ਆਮ ਲੋਕ ਇਸ ਧਰਮ ਨੂੰ ਅਪਨਾਉਣ ਵਿੱਚ ਆਪਣਾ ਗੌਰਵ ਮਹਿਸੂਸ ਕਰਦੇ ਰਹੇ ਹੈ। ਇਹੋ ਕਾਰਨ ਹੈ ਕਿ ਸ੍ਰਵਨਬੇਲਗੋਲਾ, ਪੌਦਨਪੁਰ, ਕੋਪਲ, ਪੁਨਾਡੂ, ਹੁਮਚ, ਮੁੰਡਬਿੰਦਰੀ, ਬੇਣੂਰ, ਕਾਰਕਲ ਆਦਿ ਪ੍ਰਸਿੱਧ ਸਥਾਨ ਇਸ ਗੱਲ ਦਾ ਸਬੂਤ ਹਨ।

ਪੁਰਾਤਨ ਕੰਨੜ ਸਾਹਿਤ ਦਾ ਸ਼ੁਰੂ ਜੈਨ ਕਵੀਆਂ ਤੋਂ ਹੋਇਆ ਹੈ। ਕੰਨੜ ਦਾ ਪੁਰਾਤਨ ਗ੍ਰੰਥ ਕਵੀ ਰਾਜਮਾਰਗ ਜਿਸ ਦਾ ਈਸਵੀ ਸਨ 5 ਸਦੀ ਤੋਂ 6 ਵੀਂ ਸਦੀ ਦੇ ਵਿਚਕਾਰ ਸੰਕਲਨ ਹੋਇਆ, ਜੈਨ ਕਵੀ ਸ਼੍ਰੀ ਵਿਜੇ ਰਾਹੀਂ ਰਚਿਤ ਹੈ। ਇਨਾਂ ਦੀ ਰਚਨਾ ਚੰਦਰ ਪ੍ਰਭੂ ਪੁਰਾਣ ਆਪਣੇ ਆਪ ਵਿੱਚ ਅਨੋਖੀ ਰਚਨਾ ਹੈ। ਇੱਕ ਹੋਰ ਮਹਾਨ ਕਵੀ ਅਸੰਗ ਨੇ ਜੈਨ ਧਰਮ ਨਾਲ ਸਬੰਧਿਤ ਅੱਠ ਪੁਸਤਕਾਂ ਲਿਖੀਆਂ। ਉਨਾਂ ਵਿੱਚ ਸ਼ਾਂਤੀ ਪੁਰਾਣ ਅਤੇ ਵਰਧਮਾਨ ਦਾ ਚਾਰਿਤਰ ਮੁੱਖ ਹੈ। ਈਸਵੀ ਸੰਨ ਦੀ 9ਵੀਂ ਸਦੀ ਤੋਂ 12ਵੀਂ ਸਦੀ ਦਾ ਸਮਾਂ ਕੰਨੜ ਸਾਹਿਤ ਦਾ ਸੁਨਹਿਰੀ ਯੁੱਗ ਮੰਨਿਆ ਜਾਂਦਾ ਹੈ। ਇਸੇ ਕਾਲ ਤੋਂ ਕਰਨਾਟਕ ਵਿੱਚ ਜੈਨ ਧਰਮ ਦਾ ਬਹੁਪੱਖੀ ਪ੍ਰਚਾਰ ਹੋਇਆ। ਅਨੇਕਾਂ ਜੈਨ ਵਿਦਵਾਨ, ਜੈਨ ਧਰਮ ਵੱਲ ਪ੍ਰਭਾਵਤ ਹੋਏ। ਕੰਨੜ ਦੇ ਜੈਨ ਸਾਹਿਤਕਾਰਾਂ ਨੇ ਕਵੀ ਪੰਪ, ਮਹਾਂਕਵਿ ਚੱਕਰਵਰਤੀ, ਪੋਨ ਅਤੇ ਮਹਾਂਕਵੀ ਰਤਨ ਵਿਸ਼ੇਸ਼ ਥਾਂ ਰਖਦੇ ਹਨ। ਇਨ੍ਹਾਂ ਤਿੰਨ ਕਵੀਆਂ ਨੂੰ ਕੰਨੜ ਸਾਹਿਤ ਦਾ 'ਰਤਨਤ੍ਰਿਆ' ਕਿਹਾ ਜਾਂਦਾ ਹੈ। ਇਹ ਤਿੰਨੋ ਜੈਨ ਧਰਮ ਨੂੰ ਮੰਨਣ ਵਾਲੇ ਸਨ। ਆਦਿ ਪੁਰਾਣ ਅਤੇ ਵਿਕਰਮਾ

ਅਰਜੁਨ ਵਿਜੇ ਇਹ ਦੋਹੇ ਕਾਵਿ ਪੰਪ ਦੀਆਂ ਮਹਾਨ ਰਚਨਾਵਾਂ ਹਨ। ਚਕਰਵਰਤੀ ਪੋਨ ਨੇ ਜੈਨ ਧਰਮ ਨਾਲ ਸਬੰਧਿਤ 'ਸ਼ਾਂਤੀ ਪੁਰਾਣ' 'ਜਿਨਅਕਸ਼ਰ ਮਲੀ' ਅਤੇ 'ਭੁਵਨੈਕ ਰਾਮਾ ਅਭੋਯਦਯ' ਤਿੰਨ ਮਹਾਂਕਾਵਿ ਲਿਖੇ। ਮਹਾਂਕਾਵਿ ਰਤਨ ਨੇ ਅਜੀਤ ਪੁਰਾਣ, ਸਾਹਸ ਭੀਮ ਸੇਨ, ਵਿਜੈ ਪਰਸ਼ੂ ਰਾਮ ਚਰਿਤ ਅਤੇ ਚਕਰੇਸ਼ਵਰ ਚਰਿਤ ਇਨਾਂ ਚਾਰ ਗਰੰਥਾਂ ਦੀ ਰਚਨਾ ਕੀਤੀ।

ਉਪਰੋਕਤ ਕਵੀਆਂ ਤੋਂ ਛੁੱਟ ਕਰਣਾਪਾਰਿਆ (ਨੇਮੀਨਾਥ ਪੁਰਾਣ), ਰਤਨ (ਗੱਦਾਯੁੱਧ ਤੇ ਅਜਿਤ ਪੁਰਾਣ), ਚਾਮੁੰਡ ਰਾਏ (ਤਰੇਸ਼ਟ ਪੁਰਸ਼ ਸਲਾਕਾ ਪੁਰਾਣ ਤੇ ਚਾਮੁੰਡ ਰਾਏ ਪੁਰਾਣ), ਅਭਿਨਵ ਪੰਪ ਨਾਗਚੰਦਰ (ਮੱਲੀ ਪੁਰਾਣ ਅਤੇ ਰਾਮ ਚੰਦ ਚਰਿਤਰ ਪੁਰਾਣ), ਬੰਧੂ ਵਰਮਾ (ਹਰਿਬੰਸ ਪੁਰਾਣ), ਕੁਮੁਦੇਂਦੂ (ਰਾਮਾਇਣ), ਰਤਨਾਕਰ ਵਰਨੀ (ਭਰਤੇਸ਼ ਵੈਭਵ), ਆਂਡਡੇਈਆ (ਕਵਿਗਰ ਨਾਵ), ਅਭਿਨਵ ਵਾਗਦੇਵੀ ਕੰਤੀ ਆਦਿ ਪ੍ਰਮੁੱਖ ਰੂਪ ਵਿੱਚ ਗਿਣਾਏ ਜਾ ਸਕਦੇ ਹਨ।

## ਤਾਮਿਲ ਭਾਸ਼ਾ ਵਿੱਚ ਜੈਨ ਸਾਹਿਤ :

ਦੱਖਣੀ ਭਾਰਤ ਵਿੱਚ ਈ. ਸਨ ਤੋਂ ਪਹਿਲਾਂ ਜੈਨ ਧਰਮ ਬਹੁਤ ਪ੍ਰਸਿੱਧ ਰਿਹਾ। ਤਾਮਿਲ ਭਾਸ਼ਾ ਤੇ ਸਾਹਿਤ ਵਿੱਚ ਜੈਨ ਕਵੀਆਂ ਤੇ ਵਿਦਵਾਨਾਂ ਨੇ ਇੰਨਾ ਯੋਗਦਾਨ ਪਾਇਆ ਕਿ ਤਾਮਿਲ ਭਾਸ਼ਾ ਹਮੇਸ਼ਾ ਉਹਨਾਂ ਦੀ ਰਿਣੀ ਰਹੇਗੀ। ਤੋਲਕਾ ਪਿਪਯਮ ਤਾਮਿਲ ਭਾਸ਼ਾ ਦਾ ਪੁਰਾਣਾ ਵਿਆਕਰਣ ਗਰੰਥ ਹੈ, ਇਸ ਨੂੰ ਕਿਸੇ ਜੈਨ ਵਿਦਵਾਨ ਨੇ ਲਿਖਿਆ। 'ਤਰਿਕੁਰਲ' ਕਾਵਿ ਤਾਮਿਲ ਲੋਕਾਂ ਦਾ ਨੀਤੀ ਸਾਸ਼ਤਰ ਤੇ ਸਮਾਜ ਸਾਸ਼ਤਰ ਮੰਨਿਆ ਜਾਂਦਾ ਹੈ। ਇਸਦੇ ਕੁੱਲ 1330 ਪਦ ਹਨ। ਇਸਨੂੰ ਤਾਮਿਲ ਦੇ ਲੋਕ ਤਾਮਿਲ ਵੇਦ ਆਖਦੇ ਹਨ। ਇਕ ਪ੍ਰੰਪਰਾ ਦੀ ਦ੍ਰਿਸ਼ਟੀ ਤੋਂ ਇਸ ਦੀ ਰਚਨਾ ਕੁੰਦ ਕੁੰਦ (ਐਲਾ ਆਚਾਰੀਆ) ਹੈ। ਦੂਸਰੀ ਪ੍ਰੰਪਰਾ ਅਨੁਸਾਰ ਇਸ ਦੀ ਰਚਨਾ ਤਿਰੁਬਲਲੁਬਰ ਸਨ। ਤਿਰਬੁਲਬਰ ਨੂੰ ਕੁਝ ਵਿਦਵਾਨ ਜੈਨ ਧਰਮ ਅਨੁਯਾਈ ਆਖਦੇ ਹਨ ਤਾਂ ਕੁਝ ਸ਼ੈਵਮਤ ਅਨੁਯਾਈ। 'ਨਾਲੀ ਡਯਾਰ' ਇਹ ਸੰਗ੍ਰਹਿ ਗਰੰਥ ਹੈ। ਉਤਰ ਵਿੱਚ ਕਾਲ ਦੇ ਕਾਰਨ ਅੱਠ ਹਜ਼ਾਰ ਸਾਧੂ ਦੱਖਣ ਭਾਰਤ ਦੇ ਪਾਂਡੇ ਦੇਸ਼ ਵਿੱਚ ਆਏ

ਸਨ ਅਤੇ ਫੇਰ ਵਾਪਿਸ ਆਉਂਦੇ ਸਮੇਂ ਤਾੜਪਤਰ ਤੇ ਇਕ ਇਕ ਸੰਤ ਨੇ ਇਕ ਇਕ ਪੱਦ ਲਿਖਿਆ। ਇਨਾਂ ਪਦਾਂ ਦਾ ਸੰਗ੍ਰਹਿ ਨਾਲਡਿਆਰ ਦੇ ਨਾਉਂ ਨਾਲ ਪ੍ਰਸਿੱਧ ਹੋਇਆ। ਇਹ ਨੀਤੀ ਦਾ ਉੱਚਕੋਟੀ ਦਾ ਗਰੰਥ ਹੈ। ਨਾਲਡਿਆਰ ਗਰੰਥ ਦੇ ਬਾਰੇ ਕੁਝ ਵਿਦਵਾਨਾਂ ਦੀ ਮਾਨਤਾ ਹੈ ਕਿ ਇਹ ਚੌਥੀ ਸਦੀ ਦੀ ਰਚਨਾ ਹੈ। ਚੇਰਨ ਰਾਜ ਵਿੱਚ ਬਜਰਦੰਤ ਮੁਨੀ ਹੋਏ ਜੋ ਵਿਦਵਾਨ ਸਨ। ਉਨਾਂ ਚਾਰ ਚਾਰ ਲਾਈਨਾਂ ਵਿੱਚ ਰਚਨਾ ਕੀਤੀ। ਚਾਰ ਨੂੰ ਤਾਮਿਲ ਵਿਚ 'ਨਾਲ' ਆਖਦੇ ਹਨ। ਸ਼ੇਵ ਵਿਦਵਾਨਾਂ ਨੇ ਬਜਰਦੰਤ ਮੁਨੀ ਦੇ ਨਾਉਂ ਨੂੰ ਛਿਪਾਉਣ ਲਈ ਇਸ ਗਰੰਥ ਨੂੰ 'ਨਾਲਡਿਆਰ' ਦੇ ਨਾਉਂ ਨਾਲ ਪ੍ਰਸਿੱਧ ਹੈ।

ਪੁਰਾਤਨ ਤਾਮਿਲ ਵਿੱਚ ਪੰਜ ਮਹਾਂਕਾਵਿ ਹਨ। ਸ਼ਿਲਪਦਿਕਾਰਮ, ਬਲਯਾਪਤਿ, ਜੀਵਕ ਚਿੰਤਾਮਣੀ, ਕੁੰਡਲ ਕੇਸ਼ੀ ਤੇ ਮਣਿਮੇਖਲਾ। ਵਿਦਵਾਨਾਂ ਦਾ ਵਿਚਾਰ ਹੈ ਕਿ ਪੰਜ ਮਹਾਂਕਾਵਿ ਵਿਚੋਂ ਤਿੰਨ ਦੇ ਲੇਖਕ ਜੈਨ ਹਨ ਅਤੇ ਦੋ ਮਹਾਂਕਾਵਿ ਬੁੱਧ ਲੇਖਕਾਂ ਦੇ ਹਨ। ਬਲਯਾਪਤਿ ਅਤੇ ਕੁੰਡਲਕੇਸ਼ੀ ਇਹ ਦੋ ਮਹਾਂਕਾਵਿ ਅੱਜ ਕਲ੍ਹ ਨਹੀਂ ਮਿਲਦੇ। ਇਹ ਕਾਵਿ ਈ. ਦੀ ਦੂਸਰੀ ਸਦੀ ਤੋਂ ਅੱਠਵੀਂ ਸਦੀ ਦੇ ਵਿਚਕਾਰ ਲਿਖੇ ਗਏ। ਸ਼ਿਲਪਦਿਕਾਰਮ ਦੇ ਲੇਖਕ ਚੇਰ ਨੇ ਯੁਵਰਾਜ ਕੁਮਾਰ ਮਹਾਂਕਾਵਿ ਇਲੰਗੋ ਅੜਿਗੜ ਸਨ, ਜੋ ਬਾਅਦ ਵਿੱਚ ਜੈਨ ਸਾਧੂ ਬਣ ਗਏ ਸਨ। 'ਜੀਵਕ ਚਿੰਤਾਮਣੀ' ਮਹਾਂਕਾਵਿ 'ਤਿਰੁਤੋਕਦੇਵਰ' ਜੋ ਜੈਨ ਦਰਸ਼ਨ ਦੇ ਮਹਾਨ ਵਿਦਮਾਨ ਮੰਨੇ ਜਾਂਦੇ ਹਨ ਉਨਾਂ ਰਾਹੀਂ ਲਿਖਿਆ ਗਿਆ ਹੈ। ਇਸ ਵਿੱਚ ਕਵੀ ਨੇ ਸਿੰਗਾਰ ਅਤੇ ਵੈਰਾਗ ਦਾ ਸੁੰਦਰ ਚਿੱਤਰ ਖਿਚਿਆ ਹੈ। ਇਸ ਕਾਵਿ ਦਾ ਤਾਮਿਲ ਦੇ ਲੋਕ ਵਿਆਹ ਸਮੇਂ ਪਾਠ ਕਰਦੇ ਹਨ। ਇਸ ਲਈ ਤਾਮਿਲ ਨਿਵਾਸੀਆਂ ਦ ਇਹ ਵਿਆਹ ਗਰੰਥ ਹੈ, ਤਾਂ ਜੈਨੀਆਂ ਦਾ ਧਰਮ ਗਰੰਥ। 'ਵਲਯਾਪਤਿ ਗਰੰਥ' ਅੱਜਕੱਲ੍ਹ ਪ੍ਰਾਪਤ ਨਹੀਂ ਹੁੰਦਾ। ਫੇਰ ਵੀ ਹੋਰ ਜੈਨ ਕਾਵਿ ਗਰੰਥਾਂ ਤੋਂ ਪਤਾ ਚਲਦਾ ਹੈ ਕਿ ਇਸ ਵਿਚ ਅਹਿੰਸਾ ਅਤੇ ਸਦਭਾਵਨਾ ਰੱਖਣ ਦਾ ਸੁੰਦਰ ਵਰਨਣ ਹੈ। ਮਣਿਮਖੇਲੇ ਤੇ ਕੁੰਡਲਕੇਸ਼ੀ ਬੁੱਧ ਮਤ ਦੇ ਪੈਰੋਕਾਰਾਂ ਰਾਹੀਂ ਰਚੇ ਗਏ ਹਨ।

ਤਾਮਿਲ ਦੇ ਪੰਜ ਛੋਟੇ ਕਾਵਿ ਵਿੱਚ ਯਸ਼ੋਧਰ ਕਾਵਿ ਚੂੜਾਮਣਿ,

ਨੀਲਕੇਸ਼ੀ, ਨਾਗਕੁਮਾਰ ਕਾਵਿ ਤੇ 'ਉਦੈ ਨਨ ਕਥੇ' ਜੈਨ ਰਚਨਾਵਾਂ ਮੰਨੀਆਂ ਜਾਂਦੀਆਂ ਹਨ। ਇਸ ਵਿੱਚ ਯਸ਼ੋਧਰ ਕਾਵਿ ਉੱਚਾ ਹੈ। ਵਾਮਨਮੁਨੀ ਦਾ ਮੇਰਮੰਦ ਪੁਰਾਣ, ਅਗਿਆਤ ਕਵਿਆਂ ਦੇ ਸ੍ਰੀ ਪੁਰਾਣ ਤੇ ਕਲਿੰਗਤੁਪਪਰਨਿ ਜੈਨ ਗਰੰਥ 'ਚ ਵਰਨਣਯੋਗ ਹਨ। ਛੰਦ ਸਾਸ਼ਤਰ ਵਿੱਚ 'ਯਾਪਰੁਗਲੰਕਾਰਿਕੈ ਵਿਆਕਰਣ ਸ਼ਾਸਤਰ ਵਿੱਚ ਨੇਮੀਨਾਥਮ ਤੇ ਨਨੂਲੁ, ਕੋਸ਼ਖੇਤਰ ਵਿੱਚ ਦਿਵਾਕਰ ਨਿਘੰਟੁ, ਪਿੰਗਲ ਨਿਘੰਟੁ ਅਤੇ ਚੂੜਾਮਣਿ ਨਿਘੰਟੂ ਅਤੇ ਪ੍ਰਕੀਰਣ ਸਾਹਿਤ ਵਿੱਚ ਤਰਿਨੁਰਤਰਾਦੀ ਅਤੇ ਤਿਰਕਲਕਮਥਰਗਮ, ਗਣਿਤ ਸਾਹਿਤ ਵਿੱਚ ਏਚੁੰਵੜਿ ਅਤੇ ਜਿਉਤਿਸ਼ ਸਾਹਿਤ ਵਿੱਚ ਜਿਨੇਦਰ ਮੌਲੀ ਗਰੰਥ ਤਾਮਿਲ ਭਾਸ਼ਾ ਦੇ ਸਰਵ ਸਾਂਝੇ ਜੈਨ ਗਰੰਥ ਹਨ।

## ਤੇਲਗੂ ਭਾਸ਼ਾ ਵਿੱਚ ਜੈਨ ਸਾਹਿਤ :

ਜਿਵੇਂ ਕਰਨਾਟਕਰ ਵਿੱਚ ਕੰਨੜ, ਤਾਮਿਲਨਾਡੂ ਵਿੱਚ ਤਾਮਿਲ ਭਾਸ਼ਾ ਬੋਲੀ ਜਾਂਦੀ ਹੈ। ਇਸੇ ਪ੍ਰਕਾਰ ਆਂਧਰਾ ਵਿੱਚ ਤੈਲਗੂ ਭਾਸ਼ਾ ਬੋਲੀ ਜਾਂਦੀ ਹੈ। ਇਸ ਭਾਸ਼ਾ ਵਿੱਚ ਜੈਨ ਸਾਹਿਤ ਨਹੀਂ ਦੇ ਬਰਾਬਰ ਮਿਲਦਾ ਹੈ। ਫੇਰ ਵੀ ਕਲਿੰਗ ਦੇ ਰਾਜਾ ਖਾਰਵੇਲ ਦੇ ਪੋਤੇ ਸੰਮਪ੍ਰਤਿ ਆਦਿ ਅਨੇਕ ਰਾਜਾਵਾਂ ਤੇ ਆਚਾਰੀਆਂ ਗੁਣਚੰਦਰ, ਆਚਾਰੀਆ ਵਸੂਚੰਦਰ, ਆਚਾਰੀਆ ਵਾਦਿਰਾਜ ਆਦਿ ਅਨੇਕਾਂ ਪ੍ਰਸਿੱਧਜੈਨ ਆਚਾਰੀਆਂ ਨੇ ਆਂਧਰਾ ਵਿੱਚ ਜੈਨ ਧਰਮ ਦਾ ਖੂਬ ਪ੍ਰਚਾਰ ਕੀਤਾ ਸੀ। ਅੱਜ ਵੀ ਈ. ਪੂਰਵ 6ਵੀਂ ਸਦੀ ਦੇ ਸ਼ਿਲਾਲੇਖ, ਮੂਰਤੀਆਂ ਜਾਂ ਮੂਰਤੀਆਂ ਦੇ ਖੰਡਰ ਪ੍ਰਾਪਤ ਹੁੰਦੇ ਹਨ। ਫਿਰ ਵੀ ਕਿਸੇ ਜੈਨ ਆਚਾਰੀਆਂ ਜਾਂ ਜੈਨ ਵਿਦਵਾਨ ਨੇ ਤੈਲਗੂ ਵਿੱਚ ਕੋਈ ਗਰੰਥ ਲਿਖਿਆ ਹੋਵੇ ਅਤੇ ਜਿਸ ਦੀ ਗਿਣਤੀ ਸਾਹਿਤ ਵਿੱਚ ਕੀਤੀ ਜਾ ਸਕੇ, ਅਜਿਹਾ ਕੋਈ ਵਰਨਣ ਪ੍ਰਾਪਤ ਨਹੀਂ ਹੁੰਦਾ। ਆਂਧਰਾ ਵਿੱਚ ਘੁੰਮਦੇ ਹੋਏ ਆਚਾਰੀਆ ਜਿਨ ਸੈਨ ਨੇ 783 ਈ. ਵਿੱਚ ਹਰਿਵੰਸ਼ ਪੁਰਾਣ ਦੀ ਰਚਨਾ ਕੀਤੀ ਸੀ। ਪਰ ਇਹ ਰਚਨਾ ਸੰਸਕ੍ਰਿਤ ਵਿੱਚ ਹੈ।

ਆਂਧਰਾ ਦੇ ਇੱਕ ਪ੍ਰਸਿੱਧ ਕਵੀ ਮਲਿਓ ਰੇਚਨਾ ਦਾ ਨਾਉਂ ਛੰਦ ਸਾਸ਼ਤਰ ਦੇ ਮਹਾਨ ਕਵੀਆਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ, ਜੋ ਧਰਮ ਦੇ ਮੰਨਣ

ਵਾਲੇ ਸਨ। ਰੇਚਨਾ ਨੇ 'ਕਵਿਜਨਆਸ਼ਰੇ' ਨਾਉਂ ਪ੍ਰਸਿੱਧ ਛੰਦ ਗਰੰਥ ਲਿਖਿਆ ਸੀ, ਜੋ ਤੈਲਗੂ ਦੇ ਪੁਰਾਣੇ ਛੰਦਾਂ ਦੀ ਜਾਣਕਾਰੀ ਦੇ ਲਈ ਬਹੁਤ ਸਹਾਇਕ ਸਿੱਧ ਹੋਇਆ ਹੈ। ਕੁਝ ਵਿਦਵਾਨਾਂ ਉਸ ਰਚਨਾ 'ਵਾਚਕਾਭਰਣ' ਦੀ ਮੰਨਦੇ ਹਨ। ਇਹ ਵੀ ਜੈਨ ਮੱਤ ਦੇ ਪੈਰੋਕਾਰ ਸਨ।

ਇਸਤੋਂ ਛੁੱਟ ਆਂਧਰਾ ਪ੍ਰਦੇਸ਼ ਦੇ ਉਸ ਸਮੇਂ ਦੇ ਭਿੰਨ ਭਿੰਨ ਰਾਜਾਂ ਤੇ ਆਚਾਰੀਆਂ ਰਾਹੀਂ ਜੈਨ ਧਰਮ ਦਾ ਵਿਸ਼ਾਲ ਢੰਗ ਨਾਲ ਪ੍ਰਚਾਰ ਹੋਣ ਤੇ ਵੀ ਜੈਨ ਸਾਹਿਤ ਨਹੀਂ ਮਿਲਦਾ। ਇਹ ਇੱਕ ਮਹਾਨ ਅਚੰਭਾ ਹੈ। ਹੋ ਸਕਦਾ ਹੈ ਕਿ ਜੈਨ ਧਰਮ ਦਾ ਪ੍ਰਚਾਰ ਦੇ ਲਈ ਜੈਨ ਸਾਧੂਆਂ, ਵਿਦਵਾਨਾਂ ਤੇ ਕਵੀਆਂ ਨੇ ਤੈਲਗੂ ਭਾਸ਼ਾ ਦਾ ਸਹਾਰਾ ਲਿਆ ਹੋਵੇ ਪਰ ਅੱਜ ਇਸ ਗੱਲ ਨੂੰ ਸਿੱਧ ਕਰਨ ਵਾਲਾ ਕੋਈ ਸਬੂਤ ਨਹੀਂ ਮਿਲਦਾ।

ਇਸਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਈ. ਸਨ ਦੂਸਰੀ ਸਦੀ ਤੋਂ 10 ਵੀਂ ਸਦੀ ਤੱਕ ਜੋ ਵੀ ਜੈਨ ਸਾਹਿਤ ਜਾਂ ਵੈਦਿਕ ਸਾਹਿਤ ਲਿਖਿਆ ਗਿਆ ਉਹ ਸਭ ਧਰਮ ਵਿਰੋਧੀਆਂ ਨੇ ਅੱਗ ਵਿੱਚ ਜਲਾ ਦਿੱਤਾ। ਕੁਝ ਵਿਦਵਾਨਾਂ ਦਾ ਮਤ ਹੈ ਕਿ 11 ਵੀਂ ਸਦੀ ਤੋਂ ਪਹਿਲਾਂ ਕੋਈ ਜੈਨ ਸਾਹਿਤ ਲਿਖਿਆ ਹੀ ਨਹੀਂ ਗਿਆ। ਧਰਮ ਵਿਰੋਧੀ ਲੋਕ ਜੇ ਸਾਹਿਤ ਨਸ਼ਟ ਵੀ ਕਰਦੇ ਤਾਂ ਉਸ ਸਮੇਂ ਦੇ ਕਵੀ ਵਿਦਵਾਨ ਜਾਂ ਵਿਚਾਰਕ ਇਸ ਗੱਲ ਦਾ ਜਿਕਰ ਜ਼ਰੂਰ ਕਰਦੇ।

## ਮਰਾਠੀ ਭਾਸ਼ਾ ਵਿੱਚ ਜੈਨ ਸਾਹਿਤ :

ਮਰਾਠੀ ਭਾਸ਼ਾ ਵਿੱਚ ਜੈਲ ਵਿਦਵਾਨਾਂ ਨੇ ਮੌਲਿਕ ਸਾਹਿਤ ਘੱਟ ਲਿਖਿਆ ਹੈ। ਸੰਸਕ੍ਰਿਤ, ਪ੍ਰਾਕ੍ਰਿਤ ਗਰੰਥਾਂ ਦੇ ਅਨੁਵਾਦ ਮੁਖ ਰੂਪ ਵਿੱਚ ਹੋਏ ਹਨ। ਮਰਾਠੀ ਜੈਨ ਲੇਖਕਾਂ ਦੀ ਸੂਚੀ ਲੰਬੀ ਹੈ। ਸੰਖੇਪ ਵਿੱਚ ਪ੍ਰਮੁੱਖ ਜੈਨ ਲੇਖਕ ਹਨ - ਭਟਾਰਕ ਜਿਨਦਾਸ (ਹਰਿਬੰਸ ਪੁਰਾਣ), ਗੁਣਦਾਸ (ਸ਼੍ਰੇਣਿਕ ਰਾਮ ਰੁਕਮਿਣੀ ਹਰਣ, ਧਰਮ ਅਮਰਿਤ, ਪਦਮ ਪੁਰਾਣ, ਮੇਘ ਰਾਜ, ਯਸ਼ੋਧਰ ਰਾਰਿਤਰ, ਗਿਰੰਨਾਰ ਯਾਤਰਾ) ਕਾਮ ਰਾਜ, (ਸੁਦਰਸ਼ਨ ਪੁਰਾਣ, ਚੇਤਨਯ

ਫਾਗ), ਸੁਰੀਜਨ (ਪਰਮਹੰਸ), ਮਹਾਕੀਰਤੀ (ਆਦਿ ਪੁਰਾਣ), ਲਕਸ਼ਮੀ ਚੰਦਰ, ਜਨਰਦਨ ਦਾਮਾ (ਜੰਬੂ ਚਾਰਿਤਰ), ਗੰਗਾਦਾਸ, ਜਿਨਸਾਗਰ, ਜਿਨਸੇਨ ਠਕਾਪਾ (ਪਾਂਡਵ ਪੁਰਾਣ), ਦੇਵਿੰਦਰ ਕੀਰਤੀ (ਕਾਲਿਕਾ ਪੁਰਾਣ) ਆਦਿ ਲਿਖੇ।

## ਗੁਜਰਾਤੀ ਭਾਸ਼ਾ ਵਿੱਚ ਜੈਨ ਸਾਹਿਤ :

ਗੁਜਰਾਤ ਸਵੇਤਾਂਵੰਰ ਪ੍ਰੰਪਰਾ ਦਾ ਪ੍ਰਮੁੱਖ ਕੇਂਦਰ ਰਿਹਾ ਹੈ। ਉਥੇ ਸੈਂਕੜੇ, ਹਜ਼ਾਰਾ ਮੁਨੀ ਪੈਦਾ ਹੋਏ ਹਨ। ਉਨਾਂ ਵਿਸ਼ਾਲ ਸਾਹਿਤ ਦੀ ਸਿਰਜਨਾ ਕੀਤੀ ਹੈ। ਉਸ ਸੰਪੂਰਨ ਸਾਹਿਤ ਦੀ ਜਾਣਕਾਰੀ ਇਥੇ ਦੇਣਾ ਅਸੰਭਵ ਹੈ। 'ਜੈਨ ਗੁਰਜਰ ਕਵਿਓ' ਗ੍ਰੰਥ ਤਿੰਨੇ ਭਾਗਾਂ ਵਿੱਚ ਗੁਜਰਾਤੀ ਕਵੀ ਅਤੇ ਉਨਾਂ ਦੀ ਰਚਨਾ ਦੀ ਜਾਣਕਾਰੀ ਦਿੰਦਾ ਹੈ। ਸ਼ਾਲੀਭੱਦਰ ਸੁਰੀ ਦਾ 'ਭਰਤੇਸ਼ ਬਾਹੁਵਲੀ ਰਾਸ', ਧਮੂ ਦਾ 'ਜੰਬੂਰਾਸ', ਵਿਨੈ ਪ੍ਰਭੂ ਦਾ 'ਗੋਤਮ ਰਾਸ'। ਰਾਜਸ਼ੇਖਰ ਦਾ 'ਨੇਮਿਨਾਥ ਫਾਗੂ', ਸ਼ਾਲੀਭੱਦਰ ਰਾਸ, ਗੋਤਮ ਪਰਿਛਾ, ਜੰਬੂ ਸਵਾਮੀ ਵਿਆਹ, ਜਾਵੜ, ਭਾਵਵ ਰਾਸ, ਸੁਦਰਸ਼ਨ ਸਰੇਸ਼ਟੀ ਰਾਸ, ਵਿਮਲ ਪ੍ਰਬੰਧ, ਸੀਲਵਤੀ ਰਾਜ, ਨਲ ਦਮਯੰਤੀ, ਰਾਸ ਅਨੰਦ ਚੋਵਿਸੀ, ਆਨੰਦ ਘਨ ਬਹੋਤਰੀ ਆਦਿ ਭਿੰਨ ਭਿੰਨ ਗਰੰਥ ਹਨ। ਗੁਜਰਾਤੀ ਜੈਨ ਸਾਹਿਤ ਬਹੁਤ ਹੀ ਅਮੀਰ ਹੈ ਅਤੇ ਭਿੰਨ ਭਿੰਨ ਵਿਸ਼ਿਆ ਤੇ ਲਿਖਿਆ ਗਿਆ ਹੈ।

## ਰਾਜਸਥਾਨੀ ਵਿੱਚ ਜੈਨ ਸਾਹਿਤ :

ਹੋਰ ਰਾਜਾਂ ਦੀਆਂ ਭਾਸ਼ਾਵਾਂ ਦੀ ਤਰ੍ਹਾਂ ਰਾਜਸਥਾਨੀ ਭਾਸ਼ਾ ਵਿੱਚ ਸੌ ਤੋਂ ਵੀ ਵੱਧ ਜ਼ਿਆਦਾ ਜੈਨ ਕਵੀ ਹੋਏ ਹਨ, ਜਿਨਾਂ ਰਾਜਸਥਾਨੀ ਭਾਸ਼ਾ ਵਿੱਚ ਸਾਹਿਤ ਦੀ ਰਚਨਾ ਕੀਤੀ ਹੈ। ਭਦਰਸੇਨ ਸੂਰੀ (ਭਰਤੇਸ਼ਵਰਬਾਹੁਵਲੀ ਘੋਰ), ਸ਼ਾਲੀਭਦਰ ਸੂਰੀ (ਭਰਤੇਸ਼ ਬਹੁਵਲੀ ਸਾਰ), ਚੰਦਨਵਾਲਾ ਰਾਸ, ਜੰਬੂ ਸਵਾਮੀ ਰਾਸ, ਸੁਭਦਰਾ ਸਤੀ ਚਤੁਸੁਪਦਿਕਾ, ਮਹਾਵੀਰ ਰਾਸ, ਸ਼ਾਂਤੀ ਨਾਥ ਰਾਮ, ਸ਼ਾਲੀਭੱਦਰ ਰਾਸ, ਵਾਗੁਣਰਤ ਰਾਸ, ਵੀਸ ਵਿਹਰਮਾਨ ਰਾਸ, ਸ੍ਰਾਵਕ ਵਿਧਿ

ਰਾਸ, ਪਦਮਾਵਤੀ ਚੋਪਾਈ, ਸਥੁਲੀਭੱਦਰ ਫਾਗ, ਸ਼ਾਲੀਭੰਦਰ ਫਾਗ, ਸੀਤਾ ਰਾਮ ਚੋਪਈ, ਆਚਾਰੀਆ ਜੀਤ ਮਲ ਜੀ ਮਹਾਰਾਜ ਦੇ ਚੰਦਰਲੇਹ ਚਰਿਤਰ ਆਦਿ।

ਪੁਰਾਤਨ ਕਾਲ ਵਿੱਚ ਗੁਜਰਾਤੀ ਤੇ ਰਾਜਸਥਾਨੀ ਭਾਸ਼ਾਵਾਂ ਮਿਲ ਚੁੱਕੀਆਂ ਸਨ। ਇਨਾਂ ਵਿੱਚ ਅੰਤਰ ਕਰਨਾ ਕਠਿਨ ਸੀ

**ਪੰਜਾਬੀ ਵਿੱਚ ਜੈਨ ਸਾਹਿਤ :**

ਪੁਰਾਤਨ ਸਮੇਂ ਤੋਂ ਅਨੇਕਾਂ ਜੈਨ ਆਚਾਰੀਆਂ ਉੱਤਰ ਭਾਰਤ ਦੇ ਹਿੱਸਿਆਂ ਵਿੱਚ ਧਰਮ ਪ੍ਰਚਾਰ ਕਰਦੇ ਰਹੇ ਹਨ। ਇਹਨਾਂ ਵਿੱਚ ਪੰਜਾਬ, ਕਸ਼ਮੀਰ, ਗੰਧਾਰ, ਹਿਮਾਚਲ ਦਾ ਵਰਨੇਣ ਹੈ। ਇਹਨਾਂ ਆਚਾਰੀਆਂ ਨੇ ਪੁਰਾਤਨ ਕਾਲ ਤੋਂ ਹੀ ਪੰਜਾਬੀ ਭਾਸ਼ਾ ਨੂੰ ਪ੍ਰਚਾਰ ਦਾ ਮਾਧਿਅਮ ਬਣਾ ਕੇ ਅਨੇਕਾਂ ਗਰੰਥਾਂ ਦੀ ਰਚਨਾ ਕੀਤੀ। ਪੰਜਾਬੀ ਭਾਸ਼ਾ ਦੀ ਕਿਉਂਕਿ ਕੋਈ ਪੱਕੀ ਲਿਪੀ ਨਹੀਂ ਹੈ, ਆਜ਼ਾਦੀ ਤੋਂ ਪਹਿਲਾਂ ਇਹ ਭਾਸ਼ਾ ਗੁਰਮੁਖੀ, ਉਰਦੂ ਅਤੇ ਦੇਵਨਗਰੀ ਦੇ ਅੱਖਰਾਂ ਵਿੱਚ ਲਿਖੀ ਜਾਂਦੀ ਸੀ। ਜੈਨ ਆਚਾਰੀਆਂ ਨੇ ਆਪਣਾ ਜ਼ਿਆਦਾ ਸਾਹਿਤ ਹਿੰਦੀ ਤੇ ਉਰਦੂ ਲਿਪੀ ਵਿੱਚ ਲਿਖਿਆ ਹੈ। ਅਨੇਕਾਂ ਜੈਨ ਪੂਜਾਂ ਨੇ ਤੀਰਥੰਕਰ ਸਬੰਧੀ ਭਜਨ ਪੂਜਾ ਤੇ ਹੋਰ ਜੀਵਨ ਸੁਧਾਰ ਸਬੰਧੀ ਕਾਵਿ ਰਚਨਾਵਾਂ ਕੀਤੀਆਂ, ਜੋ ਭਾਰਤ ਦੇ ਹੱਥ-ਲਿਖਤ ਭੰਡਾਰਾਂ ਵਿੱਚ ਪ੍ਰਾਪਤ ਹੁੰਦੀਆਂ ਹਨ। ਮੇਘ ਮੁਨੀ ਨੇ ਫਗਵਾੜਾ ਵਿਖੇ ਮੇਘ-ਵਿਨੋਦ, ਮੇਘ-ਵਿਲਾਸ ਤੇ ਗੰਗਾਯਤਿ ਤੇ ਅੰਮ੍ਰਿਤਸਰ ਵਿਖੇ ਯਤੀ ਨਿਧਾਨ ਨਾਂ ਦੇ ਹਿਕਮਤ ਗਰੰਥ ਲਿਖੇ। ਵਰਤਮਾਨ ਕਾਲ ਵਿੱਚ ਸਥਾਨਕ ਵਾਸੀ ਜੈਨ ਉਪ ਪ੍ਰਵਰਤਕ ਕਵੀ ਰਤਨ ਸ਼੍ਰੀ ਚੰਦਨ ਮੁਨੀ, ਤੇਰਾਂ ਪੰਥ ਮੁਨੀ ਸ਼੍ਰੀ ਧਨ ਰਾਜ, ਸ਼੍ਰੀ ਚੰਦਨ ਮੁਨੀ ਸ਼੍ਰੀ ਸ਼ੁਸੀਲ ਕੁਮਾਰ ਜੀ, ਸ਼੍ਰੀ ਬਿਮਲ ਮੁਨੀ ਆਦਿ ਨੇ ਆਪਣੀਆਂ ਰਚਨਾਵਾਂ ਇਸ ਭਾਸ਼ਾ ਵਿੱਚ ਕੀਤੀਆਂ ਹਨ। ਪਰ ਜੈਨ ਸਾਹਿਤ ਦਾ ਗੁਰਮੁਖੀ ਵਿੱਚ ਅਨੁਵਾਦ ਦਾ ਕੰਮ ਇਸ ਪੁਸਤਕ ਦੇ ਅਨੁਵਾਦਕ ਸ਼੍ਰੀ ਰਵਿੰਦਰ ਜੈਨ ਤੇ ਪੁਰਸ਼ੋਤਮ ਜੈਨ ਮਲੇਰਕੋਟਲਾ ਨੇ ਸੰਨ 1972 ਵਿੱਚ ਸ਼ੁਰੂ ਕੀਤਾ। ਉਹਨਾਂ ਸ਼੍ਰੀ ਉਤਰਾ ਅਧਿਐਨ ਸੂਰਤ ਸ਼੍ਰੀ

ਉਪਾਸ਼ਕ ਦਸ਼ਾਗ ਸੂਤਰ, ਸ੍ਰੀ ਸੁਤਰ ਕ੍ਰਿਤਾਂਗ ਸੁਰਤ ਦੇ ਪੰਜਾਬੀ ਅਨੁਵਾਦ ਕੀਤੇ। ਉਸ ਤੋਂ ਛੁੱਟ ਜੈਨ ਇਤਿਹਾਸ, ਜੀਵਨ ਚਰਿਤਰ, ਦਰਸ਼ਨ, ਕਹਾਣੀ ਆਦਿ ਵਿਸ਼ਿਆਂ ਤੇ ਛੋਟੀਆਂ-ਮੋਟੀਆਂ ਚਾਲੀ ਤੋਂ ਵੱਧ ਕਿਤਾਬਾਂ ਲਿਖੀਆਂ ਹਨ। ਉਹਨਾਂ ਰਾਹੀਂ ਲਿਖੇ ਨਿਰਿਯਾਵਲਕਾ ਅਤੇ ਸ੍ਰਮਣ ਸੂਤਰ ਦਾ ਪੰਜਾਬੀ ਅਨੁਵਾਦ ਛਪਾਈ ਅਧੀਨ ਹੈ। ਇਸ ਤੋਂ ਇਲਾਵਾ ਪਹਿਲਾ ਸ਼ਵੇਤਾਂਬਰ ਮੂਰਤੀ ਪੂਜਕ ਆਚਾਰੀਆਂ ਸ਼੍ਰੀ ਵਿਜੇ ਨੰਦ ਸੂਰੀ, ਆਚਾਰੀਆ ਸ਼੍ਰੀ ਵਿਜੇ ਵੱਲਭ ਸੂਰੀ ਅਤੇ ਸ੍ਰੀ ਪ੍ਰਕਾਸ਼ ਵਿਜੈ ਜੀ ਨੇ ਅਨੇਕਾਂ ਜੈਨ ਕਵਿਤਾਵਾਂ ਤੋਂ ਗ੍ਰੰਥਾਂ ਦਾ ਨਿਰਮਾਣ ਪੰਜਾਬੀ ਭਾਸ਼ਾ ਵਿੱਚ ਕੀਤਾ ਹੈ। 19ਵੀਂ ਸਦੀ ਦੇ ਅੰਤ ਵਿੱਚ ਸੇਰੂ ਰਾਮ, ਪੰਡਤ ਚੰਦੂ ਲਾਲ (ਮਲਰਕੋਟਲਾ) ਮਸ਼ਹੂਰ ਕਾਵਿ ਹੋਏ। ਜਿਨਾਂ ਤਤਵਾਂ, ਕਹਾਣੀਆਂ ਨੂੰ ਛੰਦ, ਬਾਰਾਂ ਮਾਸੇ, ਦੇ ਭਜਨਾਂ ਦੇ ਰੂਪ ਵਿੱਚ ਵਰਨਣ ਕੀਤਾ। 20ਵੀਂ ਸਦੀ ਦੇ ਸ਼ੁਰੂ ਵਿੱਚ ਸਥਾਨਕ ਵਾਸੀ ਜੈਨ ਮੁਨੀ ਸ਼੍ਰੀ ਰਾਮ ਸਵਰੂਪ ਜੀ ਚੇਲੇ ਸ਼੍ਰੀ ਅਮਰ ਮੁਨੀ ਜੀ ਬਹੁਤ ਪ੍ਰਸਿੱਧ ਕਾਵਿ ਹੋਏ। ਉਨ੍ਹਾਂ ਪੰਜਾਬੀ ਵਿੱਚ ਅਨੇਕਾਂ ਚੋਵੀਸ਼ ਤੀਰਥੰਕਰ ਦੀਆਂ ਸਤੂਤੀਆਂ ਲਿਖੀਆਂ। ਆਪ ਦੇ ਭਜਨਾਂ ਦਾ ਪ੍ਰਕਾਸ਼ਨ ਉਰਦੂ ਤੇ ਪੰਜਾਬੀ ਲਿਪੀ ਵਿੱਚ ਤਿੰਨ ਭਾਗਾਂ ਵਿੱਚ ਹੋ ਚੁੱਕਾ ਹੈ। ਇਹ ਸਭ ਪੰਜਾਬੀ ਭਾਸ਼ਾ ਦੇ ਕਵੀ ਤੇ ਲੇਖਕ ਸਨ। ਆਚਾਰੀਆ ਰਤੀ ਰਾਮ ਜੀ ਦੇ ਪ੍ਰਮੁੱਖ ਚੇਲੇ ਪੂਜਯ ਸ਼੍ਰੀ ਨੰਦ ਲਾਲ ਜੀ ਮਹਾਰਾਜ ਪੰਜਾਬੀ, ਰਾਜਸਥਾਨੀ ਤੋਂ ਛੁੱਟ ਪ੍ਰਾਕਿਤ ਭਾਸ਼ਾ ਦੇ ਮਹਾਨ ਵਿਦਵਾਨ ਸਨ। ਆਪ ਦੀਆਂ 25 ਰਚਨਾਵਾਂ ਮਿਲਦੀਆਂ ਹਨ। ਪ੍ਰਾਕ੍ਰਿਤ ਵਿਚ ਆਪ ਰਾਹੀਂ ਲਿਖਿਆ 'ਲਬਧੀ ਸਾਰ' ਗ੍ਰੰਥ ਹੈ ਬਾਕੀ ਸਭ ਅਪ੍ਰਕਾਸ਼ਿਤ ਹਨ।

ਪੰਜਾਬੀ ਦੀ ਪਵਿੱਤਰ ਧਰਤੀ ਤੇ ਅਨੇਕ ਜੈਨ ਮੁਨੀਆਂ ਨੇ ਸੰਸਕ੍ਰਿਤ, ਰਾਜਸਥਾਨੀ ਅਤੇ ਗੁਜਰਾਤੀ ਵਿਚ ਹਿੰਦੀ ਸਾਹਿਤ ਲਿਖਿਆ। ਉਸ ਦੀ ਵਿਸ਼ਾਲ ਸੂਚੀ ਸ਼੍ਰੀ ਹੀਰੇ ਲਾਲ ਦੁਹਾਗੁ ਨੇ ਮੱਧ ਏਸ਼ੀਆ ਅਤੇ ਪੰਜਾਬ ਦੇ ਜੈਨ ਧਰਮ ਵਿੱਚ ਦਿੱਤੀ ਹੈ। ਉਨ੍ਹਾਂ ਵਿੱਚ ਜ਼ਿਆਦਾ ਗ੍ਰੰਥ ਹਨ, ਅਪ੍ਰਕਾਸ਼ਿਤ ਹਨ। ਆਚਾਰੀਆ ਵਰਧਮਾਨ ਸੂਰੀ ਨੇ (11 ਸਦੀ) ਆਪਣਾ ਆਚਾਰ ਦਿਨਕਰ ਗ੍ਰੰਥ ਪੰਜਾਬ ਵਿੱਚ ਪੂਰਾ ਕੀਤਾ। ਪੂਜਯ ਮਹਾਸਿੰਘ ਪੂਜ ਅਮਰਸਿੰਘ ਜੀ ਮਹਾਰਾਜ,

ਨੇ ਅਨੇਕਾਂ ਕਾਵਿ ਗ੍ਰੰਥਾਂ ਦੀ ਰਚਨਾ ਕੀਤੀ। ਆਚਾਰੀਆ ਸ਼੍ਰੀ ਆਤਮਾ ਰਾਮ ਜੀ ਨੇ ਇਸ ਵਿੱਚ 20 ਆਗਮਾ ਦੀ ਹਿੰਦੀ ਟੀਕਾ ਲਿੱਖ ਕੇ ਦੁਨੀਆਂ ਵਿੱਚ ਨਾਉਂ ਖੱਟਿਆ। ਉਨਾਂ ਹਿੰਦੀ ਸਾਤਿਹ ਨੂੰ 60 ਗ੍ਰੰਥ ਹੋਰ ਪ੍ਰਦਾਨ ਕੀਤੇ। ਹਿੰਦੀ ਦੀ ਪਹਿਲੀ ਇਸਤਰੀ ਜੈਨ ਲੇਖਿਕਾ ਮਹਾਸਾਧਵੀ ਸ਼੍ਰੀ ਪਾਰਵਤੀ ਦੀ ਮਹਾਰਾਜ ਨੇ ਅਨੇਕ ਗ੍ਰੰਥ ਛਪਵਾਏ। ਪੂਜਯ ਸ਼੍ਰੀ ਸੂਕਲ ਚੰਦ ਜੀ, ਪੂਜਯ ਸ਼੍ਰੀ ਪ੍ਰੇਮ ਚੰਦ ਜੀ, ਮੰਤਰੀ ਸ਼੍ਰੀ ਗਿਆਨ ਮੁਨੀ ਜੀ, ਸ੍ਰੀ ਸੁਮਨ ਮੁਨੀ ਜੀ, ਸ਼੍ਰੀ ਉਪਾਧਿਆ, ਸ਼੍ਰੀ ਮਨੋਹਰ ਮੁਨੀ ਜੀ, ਬਾਣੀ ਭੂਸ਼ਨ ਸ਼੍ਰੀ ਅਮਰ ਮੁਨੀ ਜੀ, ਆਚਾਰੀਆ ਡਾ. ਸ਼ਿਵ ਮੁਨੀ ਜੀ, ਪ੍ਰਵਤਕ ਸ਼੍ਰੀ ਫੂਲ ਚੰਦ ਜੀ ਸ੍ਰਮਣ, ਡਾ. ਸੁਵਰਤ ਮੁਨੀ ਜੀ ਨੇ ਪੰਜਾਬੀ ਦੀ ਧਰਤੀ ਤੇ ਰਹਿ ਕੇ ਜੈਨ ਸਾਸ਼ਤਰਾਂ ਤੇ ਕੰਮ ਕੀਤਾ। ਉਪ ਪ੍ਰਵਤਨੀ ਮੁਨੀ ਸ਼੍ਰੀ ਸਵਰਨ ਕਾਂਤਾ ਜੀ, ਸਾਧਵੀ ਸਰਿਤਾ, ਸਾਧਵੀ ਸੁਨੀਤਾ, ਸਾਧਵੀ ਸਮਰਿਤੀ ਜੀ, ਸਾਧਵੀ ਸੀਤਾ ਜੀ ਸਾਧਵੀ ਨੇ ਪੰਜਾਬੀ ਦੀ ਧਰਤੀ ਤੇ ਰਹਿ ਕੇ ਬਹੁਤ ਸਾਹਿਤ ਰਚਿਆ ਹੈ।

ਡਾਕਟਰ ਬਨਾਰਸੀ ਦਾਸ ਜੈਨ ਲਾਹੌਰ ਪ੍ਰਾਕਿਤ ਭਾਸ਼ਾ ਦੇ ਮਹਾਨ ਵਿਦਵਾਨ ਸਨ। ਉਨ੍ਹਾਂ ਰਾਹੀ ਰਚਿਆ ਸਾਹਿਤ ਪੰਜਾਬ ਯੂਨੀਵਰਸਿਟੀ ਲਾਹੌਰ ਵਿੱਚ ਪੜ੍ਹਾਇਆ ਜਾਂਦਾ ਸੀ। ਪੰਜਾਬ ਵਿੱਚ ਹਰ ਥਾਂ ਤੇ ਗ੍ਰੰਥ ਭੰਡਾਰ ਮੌਜੂਦ ਹਨ ਜਿਨ੍ਹਾਂ ਵਿੱਚ ਪ੍ਰਸਿੱਧ ਹਨ - ਲਾਹੌਰ, ਗੁਜਰਾਂਵਾਲਾ, ਸਿਆਲਕੋਟ, ਮੁਲਤਾਨ, ਰਾਵਲਪਿੰਡੀ, ਜੰਮੂ, ਮਲੇਰਕੋਟਲਾ, ਲੁਧਿਆਣਾ, ਸੁਨਾਮ, ਅੰਬਾਲਾ, ਸਿਰਸਾ, ਸਮਾਨਾ, ਪਟਿਆਲਾ, ਫਰੀਦਕੋਟ ਦੇ ਭੰਡਾਰ ਤਾਂ ਬਹੁਤ ਪ੍ਰਸਿੱਧ ਰਹੇ ਹਨ। ਪਾਕਿਸਤਾਨ ਸਥਿਤ ਭੰਡਾਰ ਆਜ਼ਾਦੀ ਤੋਂ ਬਾਅਦ ਸ਼੍ਰੀ ਬੱਲਭ ਜੈਨ ਸਮਾਰਕ ਦਿੱਲੀ ਵਿੱਚ ਸਥਾਪਿਤ ਹਨ। ਕੁਝ ਭੰਡਾਰ ਅਜੇ ਵੀ ਸੁਰੱਖਿਅਤ ਹਨ। ਜਿਥੇ ਹਜਾਰਾਂ ਅਣਛਪੇ ਗ੍ਰੰਥ ਪਏ ਹਨ। ਪ੍ਰਵਤਕ ਭੰਡਾਰੀ ਸ਼੍ਰੀ ਪਦਮ ਚੰਦ ਜੀ ਮਹਾਰਾਜ ਦੀ ਪ੍ਰੇਰਣਾ ਨਾਲ ਉਪਾਧਿਆ ਸ਼੍ਰੀ ਅਮਰ ਮੁਨੀ ਜੀ ਮਹਾਰਾਜ ਦੀਆਂ ਜੈਨ ਕਹਾਣੀਆਂ ਦਾ ਪੰਜਾਬੀ ਅਨੁਵਾਦ ਪੰਜ ਭਾਗਾਂ ਵਿਚ ਛਪ ਚੁੱਕਾ ਹੈ।

**ਹਿੰਦੀ ਤੇ ਹੋਰ ਭਾਸ਼ਾਵਾਂ ਵਿੱਚ ਜੈਨ ਸਾਹਿਤ :**

ਹਿੰਦੀ ਭਾਰਤ ਦੀ ਕੌਮੀ ਭਾਸ਼ਾ ਹੈ। ਇਸ ਭਾਸ਼ਾ ਵਿੱਚ ਜੈਨ ਮੁਨੀਆਂ ਨੇ ਸਭ ਤੋਂ ਵੱਧ ਲਿਖਿਆ ਹੈ। ਅਜੋਕੇ ਯੁੱਗ ਵਿੱਚ ਪ੍ਰਬੰਧ, ਕਾਵਿ ਮੁਕਤਕ,ਕਾਵਿ ਨਾਟਕ,ਏਕਾਂਗੀ, ਨਾਵਲ, ਕਹਾਣੀ, ਛੋਟੀ ਕਹਾਣੀ, ਪ੍ਰੇਰਕ· ਪ੍ਰਸੰਗ, ਗਦ ਕਾਵਿ,ਜੀਵਨੀਆਂ, ਲੇਖ ਪ੍ਰਵਚਨ, ਖੋਜ ਲੇਖ ਆਦਿ ਸਾਹਿਤ ਦੀਆਂ ਸਾਰੀਆਂ ਪ੍ਰਵਿਰਤੀਆਂ ਵਿੱਚ ਉੱਚ ਕੋਟੀ ਦਾ ਸਾਹਿਤ, ਜੈਨ ਲੇਖਕਾਂ ਦੁਆਰਾ ਰਚਿਆ ਗਿਆ ਹੈ ਅਤੇ ਇਹ ਕੰਮ ਹੁਣ ਵੀ ਪੂਰੀ ਤਰੱਕੀ ਤੇ ਹੈ।

ਭਾਰਤੀ ਤੇ ਵਿਦੇਸ਼ੀ ਲੇਖਕਾਂ ਨੇ ਅੰਗਰੇਜ਼ੀ, ਜਰਮਨ, ਫਰੈਂਚ, ਰੂਸੀ ਭਾਸ਼ਾ ਵਿੱਚ ਜੈਨ ਸਾਹਿਤ ਲਿਖਿਆ ਹੈ। ਇਸੇ ਤਰ੍ਹਾਂ ਬੰਗਲਾ, ਉੜੀਆ, ਅਸਮੀਆ, ਆਦਿ ਹੋਰ ਭਾਸ਼ਾਵਾਂ ਵਿੱਚ ਵੀ ਜੈਨ ਲੇਖਕਾਂ ਨੇ ਰਾਜ ਭਾਸ਼ਾਵਾਂ ਦੇ ਸਾਹਿਤ ਨਿਰਮਾਣ ਵਿੱਚ ਆਪਣੀ ਵਿਸ਼ਾਲ ਰੁਚੀ ਵਿਖਾਈ ਹੈ। ਉਨ੍ਹਾਂ ਰਾਹੀਂ ਲਿਖਿਆ ਸਾਹਿਤ ਅਧਿਆਤਮਕ ਤੇ ਧਾਰਮਿਕ ਅਤੇ ਸੰਸਕ੍ਰਿਤਿਕ ਪ੍ਰੇਰਣਾ ਦੇਣ ਵਾਲਾ ਹੈ।

ਸਾਹਿਤ ਨਿਰਮਾਣ ਦੇ ਨਾਲ ਹੀ ਜੈਨ ਮੁਨੀਆਂ ਨੇ ਸਾਹਿਤ ਦੀ ਰਾਖੀ ਲਈ ਵੀ ਬਹੁਤ ਲਗਨ ਦਾ ਸਬੂਤ ਦਿੱਤਾ ਹੈ। ਉਨ੍ਹਾਂ ਗਿਆਨ ਭੰਡਾਰਾਂ ਵਿੱਚ ਜੈਨ ਸਾਹਿਤ ਹੀ ਨਹੀਂ, ਸਗੋਂ ਵੈਦਿਕ ਪ੍ਰੰਪਰਾ ਦਾ ਅਤੇ ਬੁੱਧ ਪ੍ਰੰਪਰਾ ਦਾ ਸਾਹਿਤ ਵੀ ਇੱਕਠਾ ਕੀਤਾ। ਜੈਸਲਮੇਰ, ਪਾਟਨ, ਖੰਬਾਤ, ਲੀਬੰਡੀ, ਜੈਪੁਰ, ਬੀਕਾਨੇਰ, ਅਹਿਮਦਾਬਾਦ, ਸ੍ਰਵਨ ਬੇਲਗੋਲਾ, ਮੁਡਵਿਦਰੀ ਆਦਿ ਪ੍ਰਾਚੀਨ ਸੰਗ੍ਰਹਿ ਵੇਖਣਯੋਗ ਹਨ। ਉਨ੍ਹਾਂ ਵਿੱਚ ਹਜ਼ਾਰਾਂ ਭੋਜ ਪੱਤਰਾਂ ਅਤੇ ਕਾਗਜਾਂ ਤੇ ਲਿਖੇ ਗਰੰਥ ਹਨ। ਹਜ਼ਾਰਾਂ ਜੈਨ ਕਲਾ ਦੇ ਜਿਊਂਦੇ ਪ੍ਰਤੀਕ ਚਿੱਤਰ ਹਨ। ਅਨੇਕਾਂ ਸੰਗ੍ਰਹਿਹਣੀ ਤੇ ਕਲਪ ਸੂਤਰ ਆਦਿ ਹਨ।

# ਜੈਨ ਸੰਸਕ੍ਰਿਤੀ

ਜੈਨ ਸੰਸਕ੍ਰਿਤੀ ਮਾਨਵਤਾ ਦੀ ਸੰਸਕ੍ਰਿਤੀ ਹੈ। ਮਨੁੱਖੀ ਗੁਣਾਂ ਦਾ ਵਿਕਾਸ, ਸੱਚ, ਸ਼ੀਲ, ਬਹਾਦਰੀ, ਸਦਾਚਾਰ, ਰਹਿਮਦਿਲੀ, ਦੋਸਤੀ, ਦਰਿਆਦਿਲੀ ਆਦਿ ਗੁਣਾਂ ਦੀ ਸਥਾਪਨਾ ਤੇ ਮਨੁੱਖੀ ਜ਼ਿੰਦਗੀ ਦਾ ਸੰਪੂਰਨ ਵਿਕਾਸ ਕਰਨਾ ਹੀ ਇਸ ਦਾ ਉਦੇਸ਼ ਹੈ। ਸੰਸਕ੍ਰਿਤੀ ਦਾ ਮਨੁੱਖ ਜ਼ਿੰਦਗੀ ਨਾਲ ਡੂੰਘਾ ਸੰਬੰਧ ਹੈ। ਇਹ ਜੀਵਨ ਦੀ ਸੁੰਦਰਤਾ ਹੈ, ਮਿਠਾਸ ਹੈ, ਜੀਵਨ ਦੀ ਮਹਾਨਤਾ ਹੈ। ਜਿਸ ਸਮਾਜ ਦੀ ਸੰਸਕ੍ਰਿਤੀ ਵਿੱਚ ਪ੍ਰਾਣ ਹਨ। ਉਸ ਦਾ ਪਤਨ ਕਦੇ ਨਹੀਂ ਹੋ ਸਕਦਾ। ਸੰਸਕ੍ਰਿਤੀ ਦਾ ਇਹ ਮਹਾਨ ਨਾਅਰਾ ਹੈ ਕਿ ਸਾਰੇ ਲੋਕ ਸੁਖੀ ਹੋਣ, ਮੈਂ ਸਾਰੇ ਪ੍ਰਾਣੀਆਂ ਨੂੰ ਆਪਣੇ ਵਾਂਗ ਸਮਝਾਂ। ਇਸ ਪ੍ਰਕਾਰ ਜੈਨ ਸੰਸਕ੍ਰਿਤੀ ਵਿਚਾਰ ਨੀਤੀ ਦੇ ਨਾਲ ਆਚਾਰ ਕ੍ਰਾਂਤੀ ਦੀ ਸੰਸਕ੍ਰਿਤੀ ਹੈ। ਜੈਨ ਸੰਸਕ੍ਰਿਤੀ ਦਾ ਮਹਾਂਮੰਤਰ ਨਵਕਾਰ ਹੈ। ਇਹ ਮਹਾਂਮੰਤਰ ਇਸ ਪ੍ਰਕਾਰ ਹੈ :

*ਣਮੋ ਅਰਿਹੰਤਾਣੰਮ*

*ਣਮੋ ਸਿਧਾਣੰਮ*

*ਣਮੋ ਆਯਾਰਿਆਣੰਮ*

*ਣਮੋ ਉਵੱਝਾਯਾਣੰਮ*

*ਣਮੋ ਲੋਏ ਸੱਵ ਸਾਹੂਣੰਮ*

*ਏਸੋ ਪੰਚ ਨਮੁਕਾ ਰੋ ਸੱਵਪਾਵਪ ਣਾਸਣੋ।*

*ਮੰਗਲਾਣੰਚ ਚ ਸੱਵੇ ਸੀ ਪੜਮ ਹਵਈ ਮੰਗਲ।*

ਇਹਨਾਂ ਪਦਾ ਦੇ ਅਰਥ ਇਸ ਪ੍ਰਕਾਰ ਹਨ :

ਨਮਸਕਾਰ ਹੋਵੇ ਅਰਿਹੰਤ ਨੂੰ

ਨਮਸਕਾਰ ਹੋਵੇ ਸਿਧਾਂ ਨੂੰ

ਨਮਸਕਾਰ ਆਚਾਰੀਆ ਨੂੰ

ਨਮਸਕਾਰ ਉਪਾਧਿਆਵਾਂ ਨੂੰ

ਨਮਸਕਾਰ ਸੰਸਾਰ ਦੇ ਸਾਰੇ ਸਾਧੂਆਂ ਨੂੰ

ਇਹਨਾਂ ਪੰਜਾਂ ਨੂੰ ਕੀਤਾ ਨਮਸਕਾਰ ਸਾਰੇ ਪਾਪਾਂ ਦਾ ਨਾਸ਼ ਕਰਨ ਵਾਲਾ ਹੈ। ਇਹ ਸਭ ਮੰਗਲਾਂ ਵਿੱਚ ਪਹਿਲਾ ਮੰਗਲ ਹੈ, ਭਾਵ ਉੱਤਮ ਮੰਗਲ ਹੈ।

ਜੈਨ ਸੰਸਕ੍ਰਿਤੀ ਦਾ ਰੂਪ ਸਦਾ ਵਿਆਪਕ ਰਿਹਾ ਹੈ। ਉਸ ਦੇ ਦਰਵਾਜ਼ੇ ਹਮੇਸ਼ਾਂ ਸਭ ਲਈ ਖੁੱਲ੍ਹੇ ਰਹਿੰਦੇ ਹਨ। ਉਸ ਦੇ ਵਿਸ਼ਾਲ ਦ੍ਰਿਸ਼ਟੀਕੋਣ ਦਾ ਮੂਲ ਆਧਾਰ ਅਫ਼ਿਰਕੂ, ਅਨੇਕਾਂਤ ਮੁਖੀ ਭਾਵਨਾ ਰਹੀ ਹੈ। ਸ਼ੁਰੂ ਤੋਂ ਹੀ ਜੈਨ ਧਰਮ ਨੇ ਫਿਰਕਾਪ੍ਰਸਤੀ ਨੂੰ ਆਸਰਾ ਨਹੀਂ ਦਿੱਤਾ ਅਤੇ ਨਾ ਹੀ ਜਾਤ ਪਾਤ ਨੂੰ ਮਹੱਤਵ ਦਿੱਤਾ। ਉਸ ਨੇ ਧਰਮ ਨੂੰ ਫਿਰਕੇ ਦੀ ਕੈਦ ਵਿੱਚ ਬੰਦ ਨਹੀਂ ਕੀਤਾ। ਉਸਨੇ ਫਿਰਕਿਆਂ ਨੂੰ ਨਹੀਂ, ਜੈਨ ਹੋਣ ਨੂੰ ਮਹੱਤਵ ਦਿੱਤਾ ਹੈ। ਜੈਨ ਹੋਣ ਦਾ ਅਰਥ ਹੈ ਸਮਿੱਅਕ ਦਰਸ਼ਨ, ਸੱਮਿਅਕ ਗਿਆਨ, ਅਤੇ ਸੱਮਿਅਕ ਚਾਰਿਤਰ ਦੀ ਅਰਾਧਨਾ ਕਰਨ ਵਾਲਾ। ਇਸ ਰਤਨ ਤਰੇ (ਤਿੰਨ ਰਤਨ) ਦੀ ਜੋ ਅਰਾਧਨਾ ਕਰਦਾ ਹੈ ਫੇਰ ਭਾਂਵੇਂ ਉਸ ਦਾ ਕੋਈ ਵੀ ਫ਼ਿਰਕਾ ਹੋਵੇ, ਉਹ ਮੁਕਤੀ (ਨਿਰਵਾਣ) ਦਾ ਹੱਕਦਾਰ ਹੋ ਸਕਦਾ ਹੈ। ਉਸ ਨੇ **ਅਨਯ ਲਿੰਗੀ ਸਿਧਾ** (ਦੂਸਰੇ ਭੇਖ ਵਿੱਚ ਸਿੱਧ) **ਗ੍ਰਹਿਸਥ ਲਿੰਗ ਸਿਧਾ** (ਘਰ ਵਿੱਚ ਰਹਿਣ ਵਾਲੇ ਗ੍ਰਹਿਸਥੀ ਸਿਧ) ਜੇਹਾ ਵਿਸ਼ਾਲ ਦ੍ਰਿਸ਼ਟੀ ਤੋਂ ਇਹ ਦੱਸਿਆ ਹੈ ਮੁਕਤੀ ਲਾਭ ਕਿਸੇ ਵੀ ਭੇਖ ਅਤੇ ਦੇਸ਼ ਵਿੱਚ ਹੋ ਸਕਦਾ ਹੈ।

**ਜੈਨ ਕਲਾ :**

ਜੈਨ ਸੰਸਕ੍ਰਿਤੀ ਵਿੱਚ ਕਲਾ ਦਾ ਵੀ ਮਹੱਤਵ ਪੂਰਨ ਸਥਾਨ ਰਿਹਾ ਹੈ। ਭਗਵਾਨ ਰਿਸ਼ਵਦੇਵ ਨੇ ਪੁਰਸ਼ਾਂ ਨੂੰ 72 ਕਲਾਵਾਂ ਅਤੇ ਇਸਤਰੀਆਂ ਨੂੰ 64 ਕਲਾਵਾਂ ਸਿਖਾਈਆਂ। ਕਲਾ ਦਾ ਅਰਥ ਹੈ ਵਸਤੂ ਦਾ ਸਹੀ ਗਿਆਨ। ਕਲਾਵਾਂ ਦੀ ਸੂਚੀ ਵਿੱਚ ਲਿਖਾਈ, ਗਣਿਤ, ਚਿੱਤਰ, ਨਾਚ, ਗਾਣਾ, ਕਾਵਿ, ਸ਼ਿਲਪ, ਉਸਾਰੀ ਆਦਿ ਅਨੇਕਾਂ ਵਿਸ਼ੇ ਸ਼ਾਮਿਲ ਕੀਤੇ ਜਾ ਸਕਦੇ ਹਨ। ਜੈਨ ਕਲਾਕਾਰਾਂ ਨੇ ਚਿੱਤਰ ਕਲਾ ਦੇ ਖੇਤਰ ਵਿੱਚ ਇੱਕ ਕੀਰਤੀਮਾਨ ਸਥਾਪਿਤ ਕੀਤਾ ਹੈ। ਭੋਜ ਪੱਤਰਾਂ, ਕੱਪੜੇ, ਕਾਗਜ਼, ਕੰਧ ਆਦਿ ਦੇ ਹਜ਼ਾਰਾਂ ਚਿੱਤਰ ਬਣਾਏ ਹਨ। ਇਨ੍ਹਾਂ ਚਿੱਤਰਾਂ ਵਿੱਚ ਤਿਆਗ, ਵੈਰਾਗ, ਪ੍ਰਮੁੱਖ ਰਿਹਾ ਹੈ। ਲਿਪੀ ਕਲਾ ਦੇ ਖੇਤਰ ਵਿੱਚ ਜੈਨ ਮੁਨੀ ਪਿੱਛੇ ਨਹੀਂ ਰਹੇ ਹਨ। ਸੁੰਦਰਤਾ ਆਦਿ ਦੇ ਪੱਖੋਂ ਉਹਨਾਂ ਲਿਪੀ ਕਲਾ ਬਹੁਤ ਦਿਲ ਖਿੱਚਵੀਂ ਰਹੀਂ। ਸਥਾਨਕਵਾਸੀ ਸਵਰਗੀਆ ਆਚਾਰੀਆ ਸ਼੍ਰੀ ਜੀਤ ਮੱਲ ਜੀ ਮਹਾਰਾਜ ਦੀ ਅਤੇ ਪੂਜ ਤਿਰਲੋਕ ਰਿਸ਼ੀ ਜੀ ਚਿੱਤਰਕਲਾ ਤੇ ਲਿਪੀ ਸੁੰਦਰਤਾ ਵੇਖਣਯੋਗ ਹੈ।

ਜੈਨ ਫਿਰਕੇ ਵਿਚ ਜੋ ਫਿਰਕਾ ਮੂਰਤੀ ਪੂਜਕ ਹੈ ਉਹਨਾਂ ਮੂਰਤੀ ਕਲਾ ਤੇ ਉਸਾਰੀ ਕਲਾ ਦਾ ਬਹੁਤ ਵਿਕਾਸ ਕੀਤਾ। ਸ਼ਵੇਤਾਂਬਰ ਮੂਰਤੀ ਪੂਜਕ ਪ੍ਰੰਪਰਾ ਨੇ ਆਬੂ, ਦਿਲਵਾੜਾ ਦੇ ਵਿਸ਼ਾਲ ਮੰਦਰ ਕਲਾ ਪੱਖੋਂ ਬਹੁਤ ਹੀ ਦਿਲ-ਖਿੱਚਵੇਂ ਹਨ। ਰਾਣਕਪੁਰ ਦਾ ਮੰਦਰ ਕਲਾ ਦਾ ਸਰਵਉਚ ਨਮੂਨਾ ਹੈ। ਇਸੇ ਤਰ੍ਹਾਂ ਸ਼੍ਰੀ ਕੇਸ਼ਰਿਆ ਜੀ, ਸਮੇਦ ਸ਼ਿਖਰ ਜੀ, ਪਾਵਾਪੁਰੀ ਜੀ, ਪਾਲੀਤਾਨਾ ਆਦਿ ਸ਼ਵੇਤਾਂਬਰ ਮੂਰਤੀ ਪੂਜਕ ਫਿਰਕੇ ਦੇ ਤੀਰਥਾਂ ਦੇ ਰੂਪ ਵਿੱਚ ਪ੍ਰਸਿੱਧ ਹਨ। ਦਿਗੰਬਰ ਪ੍ਰੰਪਰਾ ਵਿੱਚ ਸ੍ਰਬਨ ਬੇਲਗੋਲਾ, ਅਮਰਾਵਤੀ, ਮੂੜਬਿੰਦਰੀ, ਗੰਜਪੰਥਾ ਸ਼੍ਰੀ ਮਹਾਵੀਰ ਜੀ, ਮਥੁਰਾ ਆਦਿ ਦੀ ਭਵਨ ਉਸਾਰੀ ਤੇ ਮੂਰਤੀ ਕਲਾ ਉਚ ਪੱਧਰ ਦੀ ਮੰਨੀ ਜਾਂਦੀ ਹੈ ਅਤੇ ਉਨ੍ਹਾਂ ਥਾਵਾਂ ਨੂੰ ਤੀਰਥ ਮੰਨਦੇ ਹਨ।

## ਖਾਸ ਜੈਨ ਤਿਉਹਾਰ :

**ਔਲੀ ਪਰਵ :** ਇਹ ਤਿਉਹਾਰ ਸਾਲ ਵਿੱਚ ਦੋ ਵਾਰ ਮਨਾਇਆ ਜਾਂਦਾ ਹੈ। ਚੇਤਸਦੀ ਸਤਵੀਂ ਤੋਂ ਸ਼ੁਰੂ ਹੋ ਕੇ ਨੌਂ ਦਿਨ (ਪੂਰਨਮਾਸ਼ੀ) ਤੱਕ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਸਾਵਨ ਸ਼ੁਦੀ ਸੱਤਵੀਂ ਤੋਂ ਪੂਰਨਮਾਸ਼ੀ ਤੱਕ ਇਹ ਤਿਉਹਾਰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਵਿੱਚ ਨਵ ਪਦ ਦੀ ਅਰਾਧਨਾ ਕੀਤੀ ਜਾਂਦੀ ਹੈ। ਨਵ ਪਦ ਵਿੱਚ ਰੰਗਾਂ ਦੀ ਕਲਪਨਾ ਹੈ। ਜਿਵੇਂ ਨਮੋ ਅਰਿਹੰਤਾਣੰ ਰੰਗ ਸਫ਼ੇਦ, ਨਮੋ ਉਭਝਾਯਾਣੰ ਰੰਗ ਨੀਲਾ, ਨਮੋ ਸਿਧਾਣੰ ਰੰਗ ਲਾਲ, ਨਮੋ ਆਯਾਰਿਆਣੰ ਰੰਗ ਪੀਲਾ, ਨਮੋ ਲੋਏ ਸਵਸਾਹੁਣੰ ਰੰਗ ਕਾਲਾ।

ਨਮੋ ਨਾਣਸੱ, ਨਮੋ ਦਸੰਣਸੱ, ਨਮੋ ਚਰਿੱਤਸੱ, ਨਮੋ ਤੱਵਸ - ਇਹਨਾਂ ਦਾ ਰੰਗ ਸਫ਼ੇਦ ਹੈ। ਇਸੇ ਪ੍ਰਕਾਰ ਨੌਂ ਪਦਾਂ ਵਿੰਚ ਹਰ ਰੋਜ ਇੱਕ ਪਦ ਦੀ ਅਰਾਧਨਾ ਕੀਤੀ ਜਾਂਦੀ ਹੈ ਅਤੇ ਉਸ ਦਿਨ ਉਸੇ ਰੰਗ ਅਨੁਸਾਰ ਰੂਖਾ, ਰਸਹੀਣ, (ਦੁੱਧ) ਘੀ, ਗੁੜ, ਸ਼ੱਕਰ, ਮਿੱਠੇ ਤੋਂ ਰਹਿਤ, ਸਵਾਦ ਰਹਿਤ ਭੋਜਨ ਕੀਤਾ ਜਾਂਦਾ ਹੈ। ਇਹ ਆਯੰਵਿਲ ਤਪ ਜੀਭ ਦੇ ਰਸਾਂ ਤੇ ਜਿੱਤ ਪ੍ਰਾਪਤ ਕਰਨ ਦਾ ਮਹਾਨ ਆਦਰਸ਼ ਹੈ। ਜੀਭ ਇੰਦਰੀ ਦਾ ਸੰਜਮ ਹੈ। ਇਸ ਵਿੱਚ ਸਾਧਕ ਨੂੰ ਮਨ ਮਾਰਨਾ ਪੈਂਦਾ ਹੈ। ਇਸ ਤਿਉਹਾਰ ਦੀ ਸ਼ੁਰੂਆਤ ਰਾਜਾ ਸ਼੍ਰੀਪਾਲ ਮੈਨਾਂਸੁੰਦਰੀ ਦੀ ਕਹਾਣੀ ਤੇ ਆਧਾਰਿਤ ਹੈ, ਜਿਸ ਅੰਦਰ ਰਾਜਾ ਸ਼੍ਰੀ ਪਾਲ ਦਾ ਅਤੇ ਕੋਹੜ ਰੋਗ ਤੋਂ ਦੁੱਖੀ ਸੱਤ ਸੌ ਆਦਮੀਆਂ ਦਾ ਰੋਗ ਦੂਰ ਹੋ ਗਿਆ ਸੀ। ਇਹ ਤਿਉਹਾਰ ਤਪ ਅਰਾਧਨਾ ਸਿੱਧ ਚੱਕਰ ਦੇ ਨਾਉਂ ਨਾਲ ਵੀ ਪ੍ਰਸਿੱਧ ਹੈ। ਦਰਅਸਲ ਇਹ ਤਿਉਹਾਰ ਤਪ ਅਰਾਧਨਾ ਤੇ ਇੰਦਰੀਆਂ ਤੇ ਜਿੱਤ ਦਾ ਤਿਉਹਾਰ ਹੈ।

**ਮਹਾਂਵੀਰ ਜੰਯਤੀ :**

ਚੇਤਰ ਸ਼ੁਕਲਾ ਤਰਯੋਦਸ਼ੀ ਨੂੰ ਭਗਵਾਨ ਮਹਾਂਵੀਰ ਦਾ ਜਨਮ ਦਿਨ ਮਨਾਇਆ ਜਾਂਦਾ ਹੈ।

**ਅਕਸ਼ੇ ਤੀਜ :**

ਅਕਸ਼ੇ ਤੀਜ ਦਾ ਤਿਉਹਾਰ ਦਾ ਸੰਬੰਧ ਪਹਿਲੇ ਤੀਰਥੰਕਰ ਭਗਵਾਨ ਰਿਸ਼ਭਦੇਵ ਦੇ ਨਾਲ ਹੈ। ਰਿਸ਼ਭਦੇਵ ਨੇ ਇੱਕ ਸਾਲ ਦੇ ਤਪ ਤੋਂ ਬਾਅਦ ਵੈਸਾਖ ਸ਼ੁਦੀ ਨੂੰ ਗੰਨੇ ਦੇ ਰਸ ਨਾਲ ਪਾਰਨਾ (ਵਰਤ ਖੋਲਣ ਦੀ ਕਿਰਿਆ) ਕੀਤਾ, ਜਿਸ ਕਾਰਨ ਇਹ ਤਿਉਹਾਰ ਈਕਸ਼ੂ ਤੀਜ ਜਾਂ ਅਕਸ਼ੇ ਤੀਜ ਦੇ ਨਾਂ ਨਾਲ ਪ੍ਰਸਿੱਧ ਹੋਇਆ। ਜੈਨ ਗ੍ਰਹਿਸਥ ਅੱਜ ਵੀ ਇੱਕ ਸਾਲ ਦਾ ਏਕਾਂਤਰ ਤਪ (ਇੱਕ ਦਿਨ ਖਾਣਾ ਤੇ ਇੱਕ ਦਿਨ ਤਪ) ਬ੍ਰਹਮਚਰਯ ਪਾਲਨ ਕਰਕੇ ਇਸ ਵਰਸ਼ੀ ਤਪ ਦੀ ਅਰਾਧਨਾ ਕਰਦੇ ਹਨ।

**ਰਕਸ਼ਾ ਬੰਧਨ :**

ਇਸ ਤਿਉਹਾਰ ਦਾ ਸੰਬੰਧ ਵਿਸ਼ਣੂ ਕੁਮਾਰ ਮੁਨੀ ਨਾਲ ਹੈ। ਨਮੁਚੀ, ਜੋ ਚੱਕਰਵਰਤੀ ਸਮਰਾਟ ਮਹਾਪਦਮ ਦਾ ਮੰਤਰੀ ਸੀ। ਚੱਕਰਵਰਤੀ ਸਮਰਾਟ ਨੂੰ ਖੁਸ਼ ਕਰਕੇ ਨਮੁਚੀ ਸੱਤ ਦਿਨ ਦਾ ਰਾਜ ਹਾਸਿਲ ਕੀਤਾ। ਜੈਨ ਮੁਨੀਆਂ ਤੋਂ ਧਰਮ ਚਰਚਾ ਵਿੱਚ ਹਾਰ ਕਾਰਣ ਉਹ ਬਦਲਾ ਲੈਣ ਦੀ ਸੋਚ ਨਾਲ ਉਸ ਨੇ ਉਹਨਾਂ ਮੁਨੀਆਂ ਨੂੰ ਕੋਹਲੂ ਵਿੱਚ ਪੀੜਨ ਦਾ ਹੁਕਮ ਦਿੱਤਾ। ਤਦ ਵਿਸ਼ਨੂੰ ਕੁਮਾਰ ਨੇ ਵਿਸ਼ਾਲ ਸ਼ਰੀਰ ਧਾਰਨ ਕਰਕੇ ਉਸਨੂੰ ਸਮਾਪਤ ਕੀਤਾ ਅਤੇ ਜੈਨ ਮੁਨੀਆਂ ਦੀ ਰੱਖਿਆ ਕੀਤੀ। ਤਦ ਤੋਂ ਰੱਖੜੀ ਦਾ ਤਿਉਹਾਰ ਸ਼ੁਰੂ ਹੋਇਆ।

**ਪਰਿਊਸ਼ਣ ਮਹਾਂਪਰਵ :**

ਇਹ ਅਧਿਆਤਮਕ ਸਾਧਨਾ ਦਾ ਮਹਾਨ ਪਰਵ ਹੈ। ਇਹ ਤਿਉਹਾਰ ਭਾਦੋਂ ਵਦੀ 12 ਜਾਂ 13 ਤੋਂ ਭਾਦੋਂ ਸ਼ੁਦੀ ਚੌਥ ਜਾਂ ਪੰਚਮੀ ਤੱਕ ਮਨਾਇਆ ਜਾਂਦਾ ਹੈ। ਆਖਰੀ ਦਿਨ **ਸੰਮਵਤਸਰੀ** ਮਹਾਂਪਰਵ ਹੈ। ਇਸ ਦਿਨ ਜੈਨ ਸਾਧਕ ਮਨ, ਬਚਨ ਤੇ ਕਾਇਆ ਤੋਂ ਆਪਣੀਆਂ ਭੁੱਲਾਂ ਪ੍ਰਤੀ ਖਿਮਾ ਮੰਗਦਾ ਹੈ ਤੇ ਦਿੰਦਾ ਹੈ। ਇਹ ਤਿਉਹਾਰ ਖਿਮਾ ਤੇ ਦੋਸਤੀ ਦਾ ਪੱਵਿਤਰ ਤਿਉਹਾਰ ਹੈ। ਦਿਗੰਬਰ ਪ੍ਰੰਪਰਾ ਵਿੱਚ ਭਾਦੋਂ ਸ਼ੁਦੀ ਪੰਚਮੀ ਤੋਂ ਚੋਦਾਂ ਤੱਕ ਇਹ ਤਿਉਹਾਰ

ਮਨਾਇਆ ਜਾਂਦਾ ਹੈ। ਜਿਸ ਵਿੱਚ ਹਰ ਰੋਜ਼ ਖਿਮਾ, ਨਿਰਲੋਭਤਾ ਆਦਿ ਦਸ ਧਰਮਾਂ ਵਿੱਚ ਇੱਕ ਧਰਮ ਦੀ ਆਰਾਧਨਾ ਕੀਤੀ ਜਾਂਦੀ ਹੈ। ਇਸ ਲਈ ਇਸ ਨੂੰ **ਦਸ ਲਕਸ਼ਨ ਪਰਵ** ਆਖਦੇ ਹਨ।

खामेमि सव्वे जीवे, सव्व जीवा खमतुं मे

मेत्री मं सव्वभूए वेर भज्झं न केणइं

(ਅਰਥਾਤ ਸਾਰੇ ਜੀਵਾਂ ਤੋਂ ਮੈਂ ਖਿਮਾ ਮੰਗਦਾ ਹਾਂ, ਸਾਰੇ ਜੀਵ ਮੈਨੂੰ ਖਿਮਾ ਕਰਨ। ਮੇਰੀ ਸਭ ਸੰਸਾਰ ਦੇ ਪ੍ਰਾਣੀਆਂ ਨਾਲ ਦੋਸਤੀ ਹੈ। ਦੁਸ਼ਮਣੀ ਕਿਸੇ ਨਾਲ ਨਹੀਂ।)

ਪਰਿਉਸਨ ਦਾ ਇਹੋ ਮੁੱਖ ਸੰਦੇਸ਼ ਹੈ।

**ਦੀਵਾਲੀ** :

ਦੀਵਾਲੀ ਤਿਉਹਾਰ ਦਾ ਸਬੰਧ ਭਗਵਾਨ ਮਹਾਵੀਰ ਦੇ ਨਿਰਵਾਣ ਨਾਲ ਹੈ। ਉਸ ਸਮੇਂ ਦੇਵਤਿਆਂ ਤੇ ਮਨੁੱਖਾਂ ਨੇ ਪ੍ਰਕਾਸ਼ ਕੀਤਾ ਸੀ। ਉਸੇ ਤਰ੍ਹਾਂ ਸਭ ਨੇ ਕੀਤਾ। ਉਸ ਸਮੇਂ ਤੋਂ ਦੀਵਾਲੀ ਦਾ ਤਿਉਹਾਰ ਸ਼ੁਰੂ ਹੋਇਆ।

**ਗਿਆਨ ਪੰਚਮੀ** :

ਇਹ ਤਿਉਹਾਰ ਗਿਆਨ ਦੀ ਉਪਾਸਨਾ ਦਾ ਤਿਉਹਾਰ ਹੈ। ਇਹ ਤਿਉਹਾਰ ਕੱਤਕ ਸ਼ੁਦੀ ਪੰਚਮੀ ਦੇ ਦਿਨ ਮਨਾਇਆ ਜਾਂਦਾ ਹੈ। ਪੁਰਾਤਨ ਕਾਲ ਵਿੱਚ ਜੈਨ ਸਾਧੂ ਲਿਖਦੇ ਨਹੀਂ ਸਨ। ਉਹ ਆਗਮ ਆਦਿ ਸਭ ਗਰੰਥ ਮੂੰਹ ਜਬਾਨੀ ਰੱਟਦੇ ਸਨ, ਯਾਦ ਰੱਖਦੇ ਸਨ। ਬਾਅਦ ਵਿੱਚ ਯਾਦਦਾਸ਼ਤ ਕਮਜ਼ੋਰ ਹੋਣ ਲੱਗੀ। ਤਦ ਵੀਰ ਨਿਰਵਾਣ ਸੰਮਤ 980 (ਬਿਕਰਮ ਸੰਨ 510) ਵਿੱਚ ਦੇਵਅਰਧੀਗਣੀ ਸ਼ਮਾਸ੍ਰਮਣ ਦੀ ਅੰਗਵਾਈ ਵਿੱਚ ਬੱਲਭੀਪੁਰ ਵਿੱਚ ਲਿਖਣ ਦਾ ਕੰਮ ਸ਼ੁਰੂ ਹੋਇਆ ਅਤੇ ਕੱਤਕ ਸ਼ੁਦੀ ਪੰਚਮੀ ਨੂੰ ਇਹ ਸੰਪੂਰਨ ਹੋਇਆ। ਚੋਮਾਸੇ ਦੀ ਬਰਸਾਤ ਕਾਰਨ ਹਥ ਲਿਖਤ ਗਰੰਥਾਂ ਦਾ ਕਿਤੇ ਨੁਕਸਾਨ ਨਾ ਹੋ ਜਾਵੇ, ਇਸ ਲਈ ਸਾਂਝੇ ਰੂਪ ਵਿੱਚ ਵਰਤ ਤੇ ਉਪਵਾਸ ਕਰਕੇ ਗਿਆਨ ਭੰਡਾਰਾਂ ਦੀ ਪ੍ਰਤੀ ਲੇਖਨਾ (ਝਾੜ ਪੂੰਝ) ਕੀਤੀ ਜਾਂਦੀ ਹੈ। ਗਿਆਨ ਪੰਚਮੀ ਨੂੰ ਵਰਤ ਦੇ ਨਾਲ 'ਣਮੋ ਣਾਣੱਸ' ਦੀ ਮਾਲਾ ਵੀ ਫੇਰੀ ਜਾਂਦੀ ਹੈ।

**ਮੋਨ ਇਕਾਦਸ਼ੀ :**

ਜੋ ਸ਼ਰੀਰਧਾਰੀ ਹੈ ਉਹ ਸਾਰੇ ਭੋਜਨ ਕਰਦੇ ਹਨ। ਪਰ ਭੋਜਨ ਕਿਸ ਤਰ੍ਹਾਂ ਦਾ, ਕਿੰਨਾ ਤੇ ਸਿਹਤ ਲਈ ਭੋਜਨ ਕਦੋਂ ਜ਼ਰੂਰੀ ਹੈ, ਇਹ ਜਾਨਣਾ ਬਹੁਤ ਹੀ ਜ਼ਰੂਰੀ ਹੈ। ਸਿਹਤ ਪੱਖੋਂ ਭੋਜਨ ਦੇ ਕਾਰਨਾਂ ਨਾਲ ਕੀਤਾ ਜਾਦਾ ਹੈ।

1. ਸ਼ਰੀਰ ਵਿੱਚ ਜੋ ਕਮਜ਼ੋਰੀ ਆਈ ਹੈ ਉਸ ਨੂੰ ਪੂਰਾ ਕਰਨ ਲਈ।
2. ਸ਼ਕਤੀ ਦੇ ਵਾਧੇ ਲਈ।

ਜੈਨ ਧਰਮ ਵਿੱਚ ਮਾਸ, ਮੱਛੀ ਅੰਡੇ ਆਦਿ ਤਾਮਸਿਕ ਭੋਜਨ ਦੀ ਸਦਾ ਲਈ ਮਨਾਂਹੀ ਕੀਤੀ ਗਈ ਹੈ। ਕਿਉਂਕਿ ਮਾਸ, ਮੱਛੀ ਅਤੇ ਅੰਡੇ ਇਹ ਗੈਰ ਕੁਦਰਤੀ ਭੋਜਨ ਹਨ। ਇਹ ਅਨੇਕਾਂ ਬਿਮਾਰੀਆਂ ਤੇ ਨੁਕਸ ਪੈਦਾ ਕਰਦੇ ਹਨ। ਸ਼ਰੀਰ ਸ਼ਾਸਤਰਾਂ ਦੀ ਦ੍ਰਿਸ਼ਟੀ ਤੋਂ ਮਾਸ ਭੋਜਨ, ਮੱਛੀ ਭੋਜਨ ਮਨੁੱਖ ਲਈ ਠੀਕ ਨਹੀਂ ਹਨ। ਮਾਸ ਖਾਣ ਵਾਲੇ ਤੇ ਸ਼ਾਕਾਹਾਰੀ ਦੀ ਸਰੀਰ ਰਚਨਾ ਵਿੱਚ ਅੰਤਰ ਹੈ। ਮਾਸ ਖਾਣ ਵਾਲੇ ਪਸ਼ੂਆਂ ਦੇ ਨਹੁੰ ਟੇਡੇ ਤੇ ਨੋਕਦਾਰ ਹੁੰਦੇ ਹਨ। ਉਹਨਾਂ ਦੇ ਜਬਾੜੇ ਲੰਬੇ ਹੁੰਦੇ ਹਨ। ਉਹ ਜੀਭ ਰਾਹੀਂ ਚਪਲ ਚਪਲ ਪਾਣੀ ਪੀਂਦੇ ਹਨ, ਪਰ ਸ਼ਾਕਾਹਾਰੀ ਦੇ ਨਹੁੰ ਤਿੱਖੇ ਨਹੀਂ ਹੁੰਦੇ। ਉਹਨਾਂ ਦੇ ਜਬਾੜੇ ਗੋਲ ਹੁੰਦੇ ਹਨ। ਉਹ ਬੁੱਲਾਂ ਰਾਹੀਂ ਪਾਣੀ ਪੀਂਦੇ ਹਨ। ਮਾਸਾਹਾਰੀ ਦੀਆਂ ਆਂਤੜੀਆਂ ਛੋਟੀਆਂ ਹੁੰਦੀਆਂ ਹਨ। ਉਹ ਕੱਚਾ ਮਾਂਸ ਖਾਂਦੇ ਹਨ।

ਆਧੁਨਿਕ ਵਿਗਿਆਨ ਦੀ ਦ੍ਰਿਸ਼ਟੀ ਤੋਂ ਮਨੁੱਖ ਬਾਂਦਰ ਦਾ ਵਿਕਸਿਤ ਰੂਪ ਹੈ। ਬਾਂਦਰ ਕਦੇ ਮਾਂਸ ਨਹੀਂ ਖਾਂਦਾ। ਮਨੁੱਖ ਨੂੰ ਵੀ ਮਾਸ, ਅੰਡੇ ਆਦਿ ਨਹੀਂ ਖਾਣੇ ਚਾਹੀਦੇ। ਇਸ ਨਾਲ ਉਸ ਦਾ ਆਰਥਿਕ ਪੱਖੋਂ ਵੀ ਨੁਕਸਾਨ ਹੈ। ਮਾਸ ਖਾਣ ਨਾਲ ਸ਼ਰੀਰ ਵਿੱਚ ਅਨੇਕਾਂ ਭਿਅਕਰ ਬਿਮਾਰੀਆਂ ਜਨਮ ਲੈਂਦੀਆਂ ਹਨ। ਮਾਸ ਖਾਣ ਵਾਲਿਆਂ ਦੀ ਬੁੱਧੀ ਤੇ ਵੀ ਬੁਰਾ ਅਸਰ ਪੈਂਦਾ ਹੈ।

ਇਸ ਲਈ ਭੋਜਨ ਸਜੰਮ ਰੱਖਣਾ ਜ਼ਰੂਰੀ ਹੈ। ਭੋਜਨ ਨਾਲ ਸ਼ਰਾਬ, ਤੰਬਾਕੂ, ਸਿਗਰਟ, ਚਰਸ, ਅਫੀਮ, ਗਾਂਜਾ, ਐਸ.ਐਸ. ਡੀ., ਮਾਰਜੁਆਨਾ ਆਦਿ ਨਸ਼ੀਲੇ ਪਦਾਰਥਾਂ ਦਾ ਵੀ ਇਸਤੇਮਾਲ ਨਹੀਂ ਕਰਨਾ ਚਾਹੀਦਾ। ਇਸ ਨਾਲ ਚਿੰਤਨ ਸ਼ਕਤੀ ਤੇ ਬੁਰਾ ਅਸਰ ਪੈਂਦਾ ਹੈ। ਜੈਨ ਧਰਮ ਵਿੱਚ ਭੋਜਨ ਸ਼ੁਧੀ ਦੇ ਬਹੁਤ ਜੋਰ ਦਿੱਤਾ ਗਿਆ ਹੈ।

**ਸੁਮੇਲ :**

ਜੈਨ ਧਰਮ ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ ਕਿ ਉਸ ਦ੍ਰਿਸ਼ਟੀਕੋਣ ਤੋਂ ਹਮੇਸ਼ਾਂ ਫਰਾਖ ਦਿਲ ਰਿਹਾ ਹੈ। ਇਹ ਧਰਮ ਇੱਕ ਹੀ ਸੱਚ ਨੂੰ ਭਿੰਨ ਭਿੰਨ ਦ੍ਰਿਸ਼ਟੀਆਂ ਤੋਂ ਵੇਖਦਾ ਹੈ, ਪਰਖਦਾ ਹੈ ਅਤੇ ਅਨੇਕਾਂਤ ਦ੍ਰਿਸ਼ਟੀ ਦੇ ਆਧਾਰ ਤੋਂ ਸਭ ਦਾ ਸੁਮੇਲ ਕਰਦਾ ਹੈ। ਜੈਨ ਧਰਮ ਦਾ ਮੂਲ ਨਾਅਰਾ ਹੈ :

पक्षाघातो न मे वीरे , न द्वेषः कपिलादिषु
युक्तिमद् वचनं यस्य , तस्यं कार्यः परिग्रहः

ਅਰਥਾਤ ਭਗਵਾਨ ਮਹਾਂਵੀਰ ਨਾਲ ਮੇਰਾ ਕੋਈ ਪੱਖਪਾਤ ਨਹੀਂ ਹੈ ਅਤੇ ਕਪਿਲ ਰਿਸ਼ੀ ਨਾਲ ਦਵੇਸ਼ ਨਹੀਂ ਹੈ, ਜਿਸ ਕਿਸੇ ਦਾ ਬਚਨ ਵੀ ਤਰਕ ਭਰਪੂਰ ਹੈ, ਉਸ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

ਉਪਰੋਕਤ ਸਤਰਾਂ ਵਿੱਚ ਅਸੀਂ ਜੈਨ ਧਰਮ ਦਰਸ਼ਨ, ਜੈਨ ਸਾਹਿਤ ਤੇ ਜੈਨ ਸੰਸਕ੍ਰਿਤੀ ਦਾ ਬਹੁਤ ਹੀ ਸੰਖੇਪ ਵਿੱਚ ਇੱਕ ਰੂਪ ਰੇਖਾ ਪੇਸ਼ ਕੀਤੀ ਹੈ। ਜਿਸ ਰਾਹੀਂ ਪਾਠਕ ਨੂੰ ਜੈਨ ਧਰਮ ਦੀ ਮਹਾਨਤਾ ਦਾ ਗਿਆਨ ਹੋ ਸਕੇ ਅਤੇ ਜੋ ਗਲਤ ਧਾਰਨਾਵਾਂ ਹਨ, ਉਹ ਦੂਰ ਹੋ ਸਕਣ। ਇਹ ਸੱਚ ਹੈ ਕਿ ਜੈਨ ਧਰਮ ਦੇ ਪਰੋਕਾਰ ਹੋਰ ਮੱਤ ਦੇ ਪਰੋਕਾਰਾਂ ਦੀ ਤਰ੍ਹਾਂ ਜ਼ਿਆਦਾ ਗਿਣਤੀ ਵਿੱਚ ਨਹੀਂ ਹਨ, ਪਰ ਜਿੰਨੇ ਵੀ ਜੈਨ ਧਰਮ ਦੇ ਪੈਰੋਕਾਰ ਹਨ ਉਹ ਭਾਰਤ ਦੇ ਪ੍ਰਸਿੱਧ ਨਾਗਰਿਕ ਹਨ, ਉਚੇ ਦਰਜੇ ਦੇ ਵਿਉਪਾਰੀ ਅਤੇ ਵਿਦਵਾਨ ਵਰਗ ਦੇ ਲੋਕ ਹਨ। ਜੈਨ ਧਰਮ ਕਠਿਨ ਸਾਧਨਾਂ ਦੇ ਨਿਅਮਾਂ ਕਾਰਣ ਸੰਸਾਰ ਵਿੱਚ ਨਾ ਫੈਲ ਸਕਿਆ। ਪਰ ਇਹ ਗੱਲ ਨਿਸ਼ਚਿਤ ਹੈ ਕਿ ਜੈਨ ਧਰਮ ਦੇ ਸਿਧਾਂਤ ਇੰਨੇ ਵਿਗਿਆਨਕ ਅਤੇ ਬੁੱਧੀ ਤੇ ਉਤਰਨ ਵਾਲੇ ਹਨ ਕਿ ਜੇ ਉਹਨਾਂ ਨੂੰ ਧਾਰਨ ਕੀਤਾ ਜਾਵੇ ਤਾਂ ਸੰਸਾਰ ਦੀਆਂ ਕਈ ਸਮੱਸਿਆਵਾਂ ਸੁਲਝ ਸਕਦੀਆਂ ਹਨ। ਇਹੋ ਕਾਰਨ ਹੈ ਕਿ ਅਜੋਕੇ ਯੁੱਗ ਦੇ ਇੱਕ ਮਹਾਨ ਚਿੰਤਕ ਬਰਨਾਰਡ ਸ਼ਾਅ ਨੇ ਆਖਿਆ ਸੀ "ਜੇ ਮੇਰਾ ਦੁਬਾਰਾ ਜਨਮ ਹੋਵੇ ਤਾਂ ਮੈਂ ਜੈਨ ਕੁਲ ਵਿੱਚ ਜਨਮ ਲੈਣਾ ਪਸੰਦ ਕਰਾਂਗਾ ਜਿਸ ਵਿੱਚ ਜਨਮ ਲੈ ਕੇ ਮੈਂ ਅਧਿਆਤਮਕ ਸਾਧਨਾ ਸਹਿਜ ਰੂਪ ਵਿੱਚ ਕਰ ਸਕਾਂ ।"

# ਜੈਨ ਪਰਿਭਾਸ਼ਕ ਸ਼ਬਦ ਕੋਸ਼

**ਅਕਰਮ ਭੂਮੀ** : ਹਥਿਆਰ, ਸਿਆਹੀ, ਖੇਤੀ ਆਦਿ ਕੰਮਾਂ ਤੋਂ ਰਹਿਤ ਭੂਮੀ

**ਅਗਾਰੀ** : ਅਗਾਰ ਦਾ ਅਰਥ ਹੈ। ਘਰ ਸਮੇਤ ਜੋ ਹੈ ਉਹ ਗ੍ਰਹਿਸਥ ਜਾਂ ਸ੍ਰਾਵਕ ਅਗਾਰੀ ਹੈ।

**ਅਘਾਤੀ ਕਰਮ** : ਜੀਵ ਦੇ ਜੀਵ ਵਾਲੇ ਗੁਣਾਂ ਦਾ ਘਾਤ ਕਰਨ ਵਾਲਾ ਕਰਮ, ਉਸ ਕਾਰਨ ਆਤਮਾ ਨੂੰ ਸ਼ਰੀਰ ਦੇ ਕੈਦ ਵਿੱਚ ਰਹਿਣਾ ਪੈਂਦਾ ਹੈ। ਵੇਦਨੀਆ, ਆਯੂ, ਨਾਮ ਤੇ ਗੋਤਰ ਕਰਮ ਅਘਾਤੀ ਹੈ।

**ਅੰਗ ਪ੍ਰਵਿਸ਼ਟ** : ਜਿਨ੍ਹਾਂ ਸ਼ਾਸਤਰਾਂ ਦੀ ਰਚਨਾ ਅਰਥ ਦੀ ਦ੍ਰਿਸ਼ਟੀ ਤੋਂ ਤੀਰਥੰਕਰ ਅਤੇ ਸੂਤਰ ਦੀ ਦ੍ਰਿਸ਼ਟੀ ਤੋਂ ਗਣਧਰ ਕਰਦੇ ਹਨ, ਜਿਵੇਂ ਆਚਾਰੰਗ ਆਦਿ। ਇਹ 12 ਆਗਮ ਹਨ।

**ਅੰਗ ਬਾਹਰ** : ਗਣਧਰਾਂ ਦੇ ਚੇਲੇ ਆਚਾਰੀਆ ਰਾਹੀਂ ਥੋੜ੍ਹੀ ਬੁੱਧੀ ਚੇਲਿਆਂ ਦੇ ਭਲੇ ਲਈ ਕੀਤੀ ਸ਼ਾਸਤਰ ਰਚਨਾਵਾਂ ਜਿਵੇਂ, ਉਪਪਾਤਿਕ, ਰਾਜਪ੍ਰਸਨੀਆ, ਆਦਿ ਆਗਮ।

**ਅਚੇਲਕ** : ਥੋੜ੍ਹੇ ਕੱਪੜੇ ਧਾਰਨ ਕਰਨ ਵਾਲਾ ਜਾਂ ਜਿਸਦੇ ਕੋਲ ਕੋਈ ਕੱਪੜਾ ਨਹੀਂ ਹੈ।

ਅਚੌਰਿਆ

ਮਹਾਂਵਰਤ : ਕਿਸੇ ਵੀ ਥਾਂ ਤੇ ਰੱਖੇ ਹੋਏ ਭੁੱਲ ਕਾਰਨ ਜਾਂ, ਡਿਗੇ ਹੋਏ ਦਰਵ ਨੂੰ ਗ੍ਰਹਿਣ ਕਰਨ ਦੀ ਇੱਛਾ ਨਾ ਕਰਨਾ

ਅਜੀਵ : ਜਿਸ ਵਿੱਚ ਚੇਤਨਾ ਪਾਈ ਜਾਵੇ।

ਅਗਿਆਨ : ਮਿਥਿਆਤਵ ਦੇ ਪ੍ਰਗਟ ਹੋਣ ਤੇ ਹਾਜ਼ਰ ਗਿਆਨ ਹੀ ਅਗਿਆਨ ਹੈ

ਅਣੂ : ਜੋ ਪ੍ਰਦੇਸ਼ ਮਾਤਰ ਦੇ ਹੋਣ ਵਾਲੇ ਸਪਰਸ਼ (ਛੋਹ) ਆਦਿ ਪਰਿਆਏ (ਆਕਾਰ) ਤੋਂ ਉਤਪਨ ਕਰਨ ਵਿੱਚ ਸਮਰਥ ਹੈ ਅਜਿਹੇ ਪੁਦਗਲ ਦੇ ਅਵਿਨਾਸ਼ੀ (ਨਾ ਵੰਡੇ ਜਾ ਸਕਣ ਵਾਲੇ) ਅੰਸ਼ ਨੂੰ ਅਣੂ ਆਖਦੇ ਹਨ।

ਅਣੂਵਰਤ : ਹਿੰਸਾ, ਝੂਠ, ਚੋਰੀ, ਕੁਸ਼ੀਲ ਤੇ ਪਰਿਗ੍ਰਹਿ, ਇਨ੍ਹਾਂਸਥੂਲ (ਮੋਟੇ) ਪਾਪ ਦਾ ਤਿਆਗ ਅਣੂਵਰਤ ਕਿਹਾ ਜਾਂਦਾ ਹੈ

ਅਤਿਚਾਰ : ਚਾਰਿਤਰ ਸਬੰਧੀ ਦੋਸ਼ਾਂ ਦੇ ਨਾਉਂ ਜਾਂ ਵਰਤ ਦਾ ਇੱਕ ਦੋਸ਼ ਦਾ ਭੰਗ ਹੋਣਾ ਅਤਿਚਾਰ ਹੈ।

ਅਧਰਮ ਦਰਵ : ਜੋ ਖੁਦ ਠਹਿਰਦਾ ਹੋਏ ਜੀਵ ਤੇ ਪੁਦਗਲਾਂ ਦਰਵਾਂ ਨੂੰ ਠਹਿਰਨ ਵਿੱਚ ਸਹਾਇਕ ਹੁੰਦਾ ਹੋਵੇ।

ਅਨੰਤ : ਆਯਰਹਿਤ (ਆਮਦਨਰਹਿਤ) ਅਤੇ ਲਗਾਤਾਰ ਖਰਚ ਹੋਣ ਤੇ ਵੀ ਜੋ ਰਾਸ਼ੀ ਸਮਾਪਤ ਨਹੀਂ ਹੁੰਦੀ ਹੋਵੇ ਅਤੇ ਜੋ ਰਾਸ਼ੀ ਇੱਕ ਮਾਤਰ ਕੇਵਲ ਗਿਆਨ ਦਾ ਹੀ ਵਿਸ਼ਾ ਹੋਵੇ ਉਹ ਅਨੰਤ ਅਖਵਾਉਂਦੀ ਹੈ।

ਅਨੰਤ ਕਾਇਆ : ਜਿਨ੍ਹਾਂ ਅਨੰਤ ਜੀਵਾਂ ਦਾ ਇੱਕ ਸਾਧਾਰਨ ਸ਼ਰੀਰ ਹੋਵੇ ਅਤੇ ਜੋ ਆਪਣੇ ਮੂਲ ਸ਼ਰੀਰ ਨੂੰ ਛਿੰਨ ਭਿੰਨ ਹੋ ਕੇ ਵੀ ਦੁਬਾਰਾ ਉਗ ਜਾਂਦੇ ਹਨ।

ਅੰਨਤਾਨੂਬੰਧੀ : ਜਿਸ ਦੇ ਪੈਦਾ ਹੋਣ ਤੇ ਸਮਿਅੱਕ ਦਰਸ਼ਨ ਉਤਪਨ ਨਹੀਂ ਹੁੰਦਾ ਹੈ ਅਤੇ ਜੇ ਉਤਪਨ ਹੋ ਚੁੱਕਾ ਹੈ ਅਤੇ ਨਸ਼ਟ ਹੋ ਜਾਂਦਾ ਹੈ। ਦੂਸਰੇ ਸ਼ਬਦਾਂ ਵਿੱਚ ਅਨੰਤ ਜਨਮਾਂ ਦੀ ਪ੍ਰੰਪਰਾ ਨੂੰ ਚਾਲੂ ਰੱਖਣ ਵਾਲੇ ਕਸ਼ਾਏ ਨੂੰ ਅਨੰਤਾਨੂਬੰਧੀ ਕਿਹਾ ਜਾਂਦਾ ਹੈ।

ਅਨੁਪਰੇਕਸ਼ਾ : ਸ਼ਰੀਰ ਆਦਿ ਦੇ ਸੁਭਾਅ ਦਾ ਚਿੰਤਨ ਕਰਨ ਜਾ ਪੜ੍ਹਨਾ ਅਰਥ ਦਾ ਮਨ ਵਿੱਚ ਅਭਿਆਸ ਕਰਨਾ ਅਨੁਪਰੇਕਸ਼ਾ ਸਵਾਧਿਆਏ ਹੈ।

ਅਨੇਕਾਂਤ : ਇਕ ਵਸਤੂ ਵਿੱਚ ਮੁੱਖਤਾ ਅਤੇ ਗੁਪਤ ਪੱਖੋਂ ਹਾਂ ਤੇ ਨਾ ਆਦਿ ਆਪਣੀ ਵਿਰੋਧੀ ਧਰਮਾਂ ਦੀ ਵਿਆਖਿਆ ਅਨੇਕਾਂਵਾਦ ਹੈ।

ਅੰਤਰਾਏ ਕਰਮ : ਜੋ ਕਰਮ ਦਾਤਾ ਤੇ ਵਸਤੂ ਆਦਿ ਵਿਚਕਾਰ ਰੁਕਾਵਟ ਪਾਉਂਦਾ ਹੈ। ਉਹ ਅੰਤਰਾਏ ਕਰਮ ਹੈ।

ਅਨਯਤਵਭਾਵਨਾ : ਜੀਵ ਦੇ ਸ਼ਰੀਰ ਵਿੱਚ ਅੱਡ ਹੋਣ ਤੇ ਉਸ ਸ਼ਰੀਰ ਨਾਲ ਸੰਬੰਧਿਤ ਪੁੱਤਰ, ਮਿੱਤਰ, ਰਿਸ਼ਤੇਦਾਰ ਆਦਿ ਉਸ ਤੋਂ ਅੱਡ ਹਨ। ਜੀਵ ਦਾ ਉਨ੍ਹਾਂ ਨਾਲ ਕਿਸੇ ਪ੍ਰਕਾਸ ਦਾ ਸਬੰਧ ਨਹੀਂ ਹੈ। ਇਸ ਪ੍ਰਕਾਰ ਦੀ ਭਾਵਨਾ

ਅਨਯਤਵ ਭਾਵਨਾ ਹੈ।

**ਆਪਰਿਗ੍ਰਹਿ** : ਮੋਹ ਦੇ ਪ੍ਰਗਟ ਹੋਣ ਤੇ ਇਹ ਮੇਰਾ ਇਸ ਪ੍ਰਕਾਰ ਦੀ ਮਮਤਾ ਭਾਵ ਦੀ ਬੁੱਧੀ ਪਰਿਗ੍ਰਹਿ ਹੈ ਅਤੇ ਪਰਿਗ੍ਰਹਿ ਤੋਂ ਛੁਟਕਾਰਾ ਅਪਰਿਗ੍ਰਹਿ ਹੈ।

**ਅਪ੍ਰਮਤ ਸੰਯਤ** : ਸ਼ੁਭ ਪ੍ਰਕਾਰ ਦੇ ਪ੍ਰਮਾਦਾਂ ਤੋਂ ਰਹਿਤ ਅਤੇ ਵਰਤ, ਗੁਣ, ਸ਼ੀਲ ਤੋਂ ਯੁਕਤ ਧਿਆਨ ਵਿੱਚ ਲੀਨ, ਅਜੇਹੇ ਸ੍ਰਮਣ ਅਪ੍ਰਮਤ ਸੰਯਤ ਹਨ।

**ਅਯੋਗੀ ਕੇਵਲੀ** : ਜੋ ਸ਼ਕਲ ਧਿਆਨ ਰੂਪ ਅੱਗ ਤੋਂ ਘਾਤੀਆ ਕਰਮਾਂ ਨੂੰ ਨਸ਼ਟ ਕਰਕੇ, ਯੋਗ ਤੋਂ ਰਹਿਤ ਹੋ ਜਾਂਦੇ ਹਨ ਉਹ ਅਯੋਗ ਕੇਵਲੀ ਜਾਂ ਅਯੋਗੀ ਕੇਵਲੀ ਹੈ।

**ਅਰਧ ਮਾਗਾਧੀ ਭਾਸ਼ਾ** : ਜੋ ਭਾਸ਼ਾ ਮਗਧ ਦੇ ਅੱਧੇ ਹਿੱਸੇ ਵਿੱਚ ਬੋਲੀ ਜਾਂਦੀ ਸੀ ਜਾਂ ਜੋ ਅਠਾਰ੍ਹਾਂ ਦੇਸ਼ਾਂ ਦੀ ਭਾਸ਼ਾ ਵਿੱਚ ਨਿਯਤ ਸੀ, ਉਸ ਦਾ ਨਾਉਂ ਅਰਧ ਭਾਗ ਹੈ।

**ਅਲੋਕ** : ਲੋਕ ਤੋਂ ਬਾਹਰ ਜਿਨ੍ਹਾਂ ਵੀ ਅਨੰਤ ਆਕਾਸ਼ ਹੈ ਉਹ ਸਭ ਅਲੋਕ ਆਕਾਸ਼ ਜਾਂ ਅਲੋਕ ਹੈ।

**ਅਵਸਪਰਣੀ** : ਜਿਸ ਕਾਲ ਵਿੱਚ ਜੀਵਾਂ ਦੇ ਅਨੁਭਵ, ਉਮਰ,ਪ੍ਰਮਾਣ ਤੇ ਸਰੀਰ ਆਦਿ ਘੱਟਦੇ ਹਨ ਉਹ ਅਵਸਪਰਨੀ ਕਾਲ ਹੈ।

**ਅਵਿਰਤੀ** : ਹਿੰਸਾ ਆਦਿ ਪਾਪਾਂ ਤੋਂ ਨਿਵਰਤ ਹੋਣ ਦਾ ਨਾਉਂ ਵਿਰਤਿ ਹੈ ਅਤੇ ਇਸ ਪ੍ਰਕਾਰ ਦੀ ਵਿਰਤਿ ਦੀ ਘਾਟ ਅਵਿਰਤਿ ਹੈ।

ਅਸਾਤਾ ਵੇਦਨੀਆਂ : ਜਿਸ ਕਰਮ ਦਾ ਵੇਦਨ-ਅਨੁਭਵ ਦੁੱਖ ਨਾਲ ਭੋਗਿਆ ਜਾਂਦਾ ਹੈ ਉਹ ਅਸਾਤਾਂ ਵੇਦਨੀਆਂ ਹੈ।

ਅਸਤੀਕਾਏ : ਅਨੇਕ ਪ੍ਰਦੇਸ਼ੀ ਦਰਵਾਂ ਨੂੰ ਅਸਤੀਕਾਏ ਆਖਦੇ ਹਨ।

ਆਕਾਸ਼ : ਜੋ ਧਰਮ, ਅਧਰਮ, ਕਾਲ, ਪੁਦਗਲ ਅਤੇ ਸਾਰੇ ਜੀਵਾਂ ਨੂੰ ਸਥਾਨ ਦਿੰਦਾ ਹੈ ਉਹ ਆਕਾਸ਼ ਹੈ।

ਆਚਾਰ : ਜਿਸ ਵਿੱਚ ਸ੍ਰਮਣਾ ਦੇ ਆਚਾਰ, ਭਿਕਸ਼ਾ ਵਿਧੀ, ਵਿਨੇ, ਫਲ, ਸਿੱਖਿਆ, ਭਾਸ਼ਾ, ਅਭਾਸ਼ਾ, ਚਰਨ, ਕਰਨ, ਸਜੰਮਯਾਤਰਾ ਆਦਿ ਦਾ ਕਥਨ ਕੀਤਾ ਜਾਂਦਾ ਹੈ। ਉਸ ਦਾ ਨਾਂ ਆਚਾਰ ਹੈ।

ਆਯੰਵਿਲ : ਜਿਸ ਵਿਚ ਥਿਗੇ (ਚਿਕਨੇ), ਦੁੱਧ, ਦਹੀਂ, ਤੇਲ ਅਤੇ ਮਿਠਾਈ ਤਿਆਗ ਕੇ ਕੇਵਲ ਦਿਨ ਵਿੱਚ ਇਕ ਵਾਰ ਰੁੱਖਾ ਰਸਰਹਿਤ ਅੰਨ ਖਾਧਾ ਜਾਵੇ ਅਤੇ ਗਰਮ ਪਾਣੀ ਪੀਤਾ ਜਾਵੇ ਇਹ ਆਯੰਵਿਲ ਹੈ।

ਆਯੁਕਰਮ : ਨਰਕ ਆਦਿ ਗਤੀ ਨੂੰ ਪ੍ਰਾਪਤ ਕਰਾਉਣ ਵਾਲੇ ਕਰਮ ਨੂੰ ਆਯੁਕਰਮ ਆਖਦੇ ਹਨ।

ਆਲੋਚਨਾ : ਗੁਰੂ ਦੇ ਸਾਹਮਣੇ ਸਰਲ ਭਾਵ ਤੋਂ ਆਪਣੇ ਦੋਸ਼ਾਂ ਨੂੰ ਪ੍ਰਗਟ ਕਰਨਾ।

ਆਵੱਸ਼ਯਕ : ਜੋ ਜ਼ਰੂਰੀ ਕਰਨ ਯੋਗ ਹੈ ਉਹ ਆਵਸ਼ਯਕ ਪ੍ਰਤਿਕ੍ਰਮਣ ਹੈ।

ਆਸ਼ਰਵ : ਮਨ, ਬਚਨ ਅਤੇ ਕਾਇਆ ਦੀ ਕ੍ਰਿਪਾ ਰੂਪ

ਜੋ ਯੋਗ ਹੈ ਉਹ ਆਸ਼ਰਵ ਹੈ। ਅਰਥਾਤ ਜਿਸ ਵਿਚ ਕਰਮ ਪ੍ਰਭਾਵ ਆਉਂਦਾ ਹੈ ਉਹ ਮਿਥਿਆਤਵ ਅਵਰਤ ਆਦਿ ਆਸ਼ਰਵ ਹਨ।

**ਇੰਦਰੀਆਂ** : ਧਰਮ ਸ਼ਕਤੀ ਵਾਲੇ ਨੂੰ ਪ੍ਰਾਪਤ ਕਰਨ ਵਾਲੇ ਆਤਮਾਂ ਨੂੰ ਇੰਦਰ ਕਿਹਾ ਹੈ। ਉਹ ਇੰਦਰ ਜਿਸਦੇ ਰਾਹੀਂ ਸੁਣਦਾ ਹੈ, ਦੇਖਦਾ ਹੈ, ਸੁੰਘਦਾ ਹੈ, ਚਖਦਾ ਹੈ, ਅਤੇ ਸਪਰਸ਼ ਕਰਦਾ ਹੈ। ਉਹ ਇੰਦਰੀਆਂ ਹਨ। ਦੂਸਰੇ ਸ਼ਬਦਾਂ ਵਿੱਚ ਜੋ ਜੀਵ ਨੂੰ ਅਰਥ ਪ੍ਰਾਪਤੀ ਵਿੱਚ ਨਮਿਤ (ਕਾਰਣ) ਹੁੰਦਾ ਹੈ ਉਹ ਇੰਦਰੀਆਂ ਹਨ।

**ਈਰੀਆ ਸਮਿਤਿ** : ਦਿਨ ਵਿੱਚ ਠੀਕ ਤਰ੍ਹਾਂ ਦੇਖਦੇ ਹੋਏ ਵਿਵੇਕ ਪੂਰਵਕ ਚਲਣਾ ਈਰੀਆ ਸਮਿਤਿ ਹੈ।

**ਉਤਰਾਧਿਐਨ** : ਸਿਲਸਿਲੇ ਪੱਖੋਂ ਆਚਾਰੰਗ ਤੋਂ ਉਤਰ (ਬਾਅਦ) ਪੜ੍ਹਿਆ ਜਾਣ ਵਾਲਾ ਆਗਮ (ਸ਼ਾਸਤਰ)

**ਉਤਸਵਪਰਨੀ** : ਜਿਸ ਕਾਲ ਵਿੱਚ ਜੀਵਾਂ ਦੀ ਉਮਰ ਸ਼ਰੀਰ ਦੀ ਉਚਾਈ ਅਤੇ ਸ਼ਕਲ ਆਦਿ ਵਿੱਚ ਲਗਾਤਾਰ ਵਾਧਾ ਹੋਵੇ ਉਸ ਨੂੰ ਉਤਸਵਪਰਨੀ ਕਾਲ ਆਖਦੇ ਹਨ।

**ਉਪਯੋਗ** : ਬਾਹਰਲੇ ਅਤੇ ਅੰਦਰਲੇ ਕਾਰਣ ਬਸ, ਜੋ ਚੇਤਨਤਾ, ਤੇ ਚਲ ਕੇ ਜੋ ਪਰਿਣਾਮ ਪੈਂਦਾ ਹੁੰਦਾ ਹੈ ਉਹ ਉਪਯੋਗ ਹੈ।

**ਉਪਸ਼ਮ** : ਆਤਮਾ ਦੇ ਕਾਰਣ ਕਰਮ ਫਲ ਦੇਣ ਦੀ

ਸ਼ਕਤੀ ਦੇ ਪ੍ਰਗਟ ਨਾ ਹੋਣ ਨੂੰ ਉਪਸ਼ਮ ਆਖਦੇ ਹਨ।

**ਉਪਾਸਕਦਸ਼ਾ** : ਜਿਸ ਅੰਗ ਵਿੱਚ ਸ੍ਰਮਣੋ ਉਪਾਸ਼ਕ (ਸ਼੍ਰਾਵਕ) ਦੇ ਅਣੂਵਰਤ, ਗੁਣਵਰਤ, ਪੋਸ਼ਧ, ਵਰਤ ਦੀ ਵਿਧੀ ਤੇ ਪ੍ਰਤਿਮਾਵਾਦੀ ਦੀ ਚਰਚਾ ਹੈ।

**ਉਰਧਵ ਲੋਕ** : ਮੱਧ ਲੋਕ ਦੇ ਉਪਰ ਜੋ ਖੜੇ ਹੋਏ ਮਰਿਦੰਗ ਦੀ ਤਰ੍ਹਾਂ ਦੀ ਲੋਕ ਹੈ ਉਹ ਉਰਧਵਲੋਕ ਹੈ।

**ਰਿਜੂ ਸ਼ੂਤਰ** : ਤਿੰਨੋ ਕਾਲ ਦੇ ਵਿਸ਼ਿਆ ਨੂੰ ਛੱਡ ਕੇ, ਜੋ ਕੇਵਲ ਵਰਤਮਾਨ ਕਾਲ ਭਾਵ ਦੇ ਵਿਸ਼ੇ ਨੂੰ ਗ੍ਰਹਿਣ ਕਰਦਾ ਹੈ ਉਹ ਰਿਜੂ ਸਤਰਨਯ ਹੈ।

**ਏਕ ਇੰਦਰੀਆਂ** : ਉਹ ਜੀਵ ਜਿਨ੍ਹਾਂ ਨੂੰ ਇਕ ਇੰਦਰੀ ਜਾਤੀ ਨਾਮ ਕਰਮ ਦਾ ਉਦਯ (ਪ੍ਰਗਟ) ਹੁੰਦਾ ਹੈ ਅਤੇ ਜਿਨ੍ਹਾਂ ਵਿੱਚ ਸਪਰਸ਼ ਇੰਦਰੀ ਹੀ ਪਾਈ ਜਾਂਦੀ ਹੈ।

**ਐਵਮਭੂਤਨਯ** : ਜੋ ਦਰਵ ਜਿਸ ਪ੍ਰਕਾਰ ਦੀ ਕ੍ਰਿਆ ਵਿੱਚ ਬਦਲਦਾ ਹੋਵੇ ਉਸ ਦਾ ਉਸੇ ਤਰ੍ਹਾਂ ਨਿਸ਼ਚੇ ਕਰਾਉਣ ਵਾਲੇ ਨਯ ਨੂੰ ਐਵਮਭੁਤਨਯ ਆਖਦੇ ਹਨ।

**ਏਸ਼ਨਾਸਮਿਤੀ**: ਕਰਨਾ, ਕਰਾਉਨਾ ਤੇ ਕਰਦੇ ਦੀ ਹਮਾਹਿਤ ਕਰਦੇ ਸਮੇਂ ਦੋਸ਼ਾਂ ਤੋਂ ਰਹਿਤ, ਦੂਸਰੇ ਦੇ ਰਾਹੀਂ ਦਿੱਤੇ ਗਏੇਂ ਪ੍ਰਾਸ਼ੁਕ (ਜੀਵ ਰਹਿਤ) ਅਤੇ ਸ਼ੁੱਧ ਭੋਜਨ ਨੂੰ ਗ੍ਰਹਿਣ ਕਰਨਾ ਸਮਿਤੀ ਹੈ।

**ਕਰਮ** : ਮਿਥਿਆਤਵ, ਅਵਿਰਤ, ਪ੍ਰਮਾਦ, ਕਸ਼ਾਏ ਤੇ ਯੋਗ ਦੇ ਨਮਿਤ ਹੋਈ ਜੀਵ ਦੀ ਹਰਕਤ

ਰਾਹੀਂ ਖਿੱਚ ਦਾ ਕਾਰਨ ਤੇ ਬੰਧਨ ਦੇ ਯੋਗ ਪੁਦਗਲ ਪਰਮਾਣੂ ਕਸ਼ਾਏ ਆਤਮ ਗੁਣਾ ਨੂੰ ਨਸ਼ਟ ਕਰੇ ਜਾਂ ਜਿਸ ਰਾਹੀਂ ਜਨਮ ਮਰਨ ਰੂਪ ਸੰਸਾਰ ਦੀ ਪ੍ਰਾਪਤੀ ਹੋਵੇ ਜਾਂ ਸਮਿੱਅਕਤਵ, ਦੇਸ਼ ਚਰਿੱਤਰ, ਸ਼ਕਲ ਚਰਿੱਤਰ ਨੂੰ ਨਾ ਹੋਣ ਦੇਵੇ ਉਹ ਕਸ਼ਾਏ ਹੈ ਕਸ਼ਾਏ ਮੋਹਨੀਆਂ ਕਰਮ ਦੇ ਪ੍ਰਗਟ ਹੋਣ ਤੇ ਸੰਸਾਰ ਵਾਧੇ ਦੇ ਕਾਰਨ ਰੂਪ ਮਾਨਸਿਕ, ਇਕਾਰ ਕਸ਼ਾਏ ਹੈ। ਦੂਸਰੇ ਸ਼ਬਦਾਂ ਵਿੱਚ ਸਮਭਾਵ ਦੇ ਮਰਿਆਦਾ ਨੂੰ ਤੋੜਨਾ ਚਰਿੱਤਰ ਮੋਹਨੀਆ ਦੇ ਉਦੇ (ਪ੍ਰਗਟ) ਹੋਣ ਤੋਂ ਖਿਮਾ, ਵਿਨੈ, ਸੰਤੋਖ ਆਦਿ ਆਤਮਿਕ ਗੁਣਾਂ ਨੂੰ ਪ੍ਰਗਟ ਨਾ ਹੋਣ ਦੇ ਨਾ ਕਸ਼ਾਏ ਹੈ।

**ਕਾਈਆ ਗੁਪਤੀ** : ਸੌਣ, ਆਸਨ, ਆਦਾਨ-ਨਿਕਸ਼ੇਪ, ਸਥਾਨ ਤੋਂ ਚਲਨ ਆਦਿ ਕ੍ਰਿਆਵਾਂ ਦੇ ਕਰਦੇ ਸਮੇਂ ਸਰੀਰ ਦੀ ਹਰਕਤ ਕਾਬੂ ਰੱਖਣਾ, ਸਾਵਧਾਨੀ ਨਾਲ ਉਨ੍ਹਾਂ ਕੰਮਾਂ ਨੂੰ ਕਰਨਾ ਕਾਇਆ ਗੁਪਤੀ ਹੈ।

**ਕਾਰਮਣ** : ਜੋ ਸਭ ਸਰੀਰਾਂ ਦੀ ਉਤਪਤੀ ਦਾ ਬੀਜ ਸਰੀਰ ਹੈ ਉਸ ਦਾ ਕਾਰਣ ਕਾਰਮਣ ਸਰੀਰ ਹੈ।

**ਕਾਲ** : ਜੋ ਪੰਜ ਰੰਗ, ਪੰਜ ਰਸ, ਦੋ ਗਧੇ, 8 ਸਪਰਸ਼ਾਂ ਤੋਂ ਰਹਿਤ, ਛੇ ਪ੍ਰਕਾਰ ਦੀ ਲਾਭ ਹਾਨੀ ਤੇ ਵਾਧਾ ਸਵਰੂਪ, ਅਗੁਰੂ-ਲਘੂ (ਭਾਰ ਰਹਿਤ ਤੋਂ ਛੋਟਾ) ਗੁਣਾਂ ਵਾਲਾ ਹੋ ਕੇ ਖੁਦ ਵੀਤਦਾ ਅਤੇ ਖੁਦ ਹੋਰ ਪਰਿਣਮਤ

ਹੋਈ ਦਰਵਾਂ ਨੂੰ ਪਰਿਣਮਨ ਵਿੱਚ ਸਹਾਇਕ ਲੱਛਣ ਵਾਲਾ ਹੋ ਉਹ ਕਾਲ ਹੈ।

**ਕ੍ਰਿਸ਼ਨ ਲੇਸ਼ੀਆ** : ਨਿਰਦਈ, ਕਰੂਰ ਸੁਭਾਅ ਵਾਲੇ ਸ਼ਰਾਬ, ਮਾਸ ਅਤੇ ਯੁੱਧ ਆਦਿ ਵਿੱਚ ਉਲਝੇ, ਜਿਸ ਦੇ ਪਰਿਣਾਮ ਮਕੋਓ ਦੀ ਤਰ੍ਹਾਂ ਤੇ ਖੰਜਨ ਪੰਛੀ ਦੀ ਤਰ੍ਹਾਂ ਕਾਲੇ ਹਨ।

**ਕੇਵਲ ਗਿਆਨ** : ਜੋ ਗਿਆਨ ਕੇਵਲ, ਮਤਿ ਗਿਆਨ ਆਦਿ ਤੋਂ ਰਹਿਤ, ਸੰਪੂਰਨ, ਵਿਸ਼ੇਸ਼, ਕਿਸੇ ਵੀ ਪੱਖ ਤੋਂ ਰਹਿਤ, ਵਿਸ਼ੁੱਧ, ਸਾਰੇ ਪਦਾਰਥ ਨੂੰ ਪ੍ਰਕਾਸ਼ ਵਿੱਚ ਲਿਆਉਣ ਵਾਲਾ ਲੋਕ ਅਤੇ ਅਲੋਕ ਦਾ ਜਾਣਕਾਰ ਹੈ, ਉਹ ਕੇਵਲ ਗਿਆਨ ਹੈ।

**ਕੇਵਲ ਦਰਸ਼ਨ** : ਤਿੰਨ ਕਾਲਾਂ ਦੇ ਵਿਸ਼ੇ ਪੱਖੋਂ ਅਨੰਤ ਪਰਿਆਏ ਤੋਂ ਸੰਯੁਕਤ, ਨਿਜ ਸਵਰੂਪ ਕਰਦਾ ਹੈ ਉਹ ਕੇਵਲ ਦਰਸ਼ਨ ਹੈ ਜਾਂ ਪਰਦੇ ਦਾ ਪੂਰੀ ਤਰ੍ਹਾਂ ਖਾਤਮਾ ਹੋ ਜਾਣ ਤੇ ਜੋ ਬਿਨਾਂ ਕਿਸੇ ਸਹਾਇਤਾ ਤੋਂ ਸਾਰੇ ਸ਼ਕਲ ਵਾਲੇ, ਬਿਨਾਂ ਸ਼ਕਲ ਵਾਲੇ ਦਰਵਾਂ ਨੂੰ ਜਾਣਦਾ ਹੈ ਉਹ ਕੇਵਲ ਦਰਸ਼ਨ ਹੈ।

**ਗੁਣ ਵਰਤ** : ਅਣੂਵਰਤਾਂ ਦੇ ਉਪਕਾਰ ਹੋਣ ਤੇ ਦਿਗਵਰਤ, ਅਰਨਰਥ ਦੰਢ ਵਰਤ, ਭੋਗ ਉਪ ਭੋਗ ਪਰਿਮਾਣ ਵਰਤ ਨੂੰ ਗੁਣ ਵਰਤ ਕਿਹਾ ਗਿਆ ਹੈ।

**ਗੁਣ ਸਥਾਨ** : ਗਿਆਨ ਆਦਿ ਗੁਣਾਂ ਦੀ ਸ਼ੁੱਧੀ ਤੇ ਅਸ਼ੁੱਧੀ ਦੇ ਘਾਟੇ ਵਾਧੇ ਦੇ ਭਾਵ ਵਿੱਚ ਹੋਣ ਵਾਲੇ

ਜੀਵ ਦੇ ਸਵਰੂਪ ਵਿਸ਼ੇਸ਼ ਨੂੰ ਗੁਣ ਸਥਾਨ ਆਖਦੇ ਹਨ। ਅਰਥਾਤ ਗਿਆਨ, ਦਰਸ਼ਨ, ਚਾਰਿਤਰ ਆਦਿ ਜੀਵ ਦੇ ਸੁਭਾਅ ਨੂੰ ਗੁਣ ਆਖਦੇ ਹਨ ਅਤੇ ਉਨਾਂ ਸਥਾਨ ਦੀ ਉਚਾਈ ਤੇ ਗਿਰਾਵਟ ਸਵਰੂਪ ਵਿਸ਼ੇਸ਼ ਦਾ ਭੇਦ ਗੁਣ ਸਥਾਨ ਹੈ। ਦੂਸਰੇ ਸ਼ਬਦਾਂ ਵਿੱਚ ਆਖਿਆ ਜਾਵੇ ਤਾਂ ਦਰਸ਼ਨਾ ਮੋਹਨੀਆ ਆਦਿ ਕਰਦੇ ਦੇ ਉਦੈ, ਉਪਸਮ, ਕਸ਼ਯੋਪਸ਼ਮ ਆਦਿ ਅਵਸਥਾਵਾਂ ਦੇ ਹੋਣ ਤੇ ਉਤਪੰਨ ਹੋਣ ਵਾਲੇ ਜਿਹੜੇ ਭਾਵ ਜੀਵ ਵਿੱਖ ਵਿਖਾਈ ਦਿੰਦੇ ਹਨ ਉਨਾਂ ਭਾਵਾਂ ਨੂੰ ਗੁਣ ਸਥਾਨ ਆਖਦੇ ਹਨ।

**ਗੁਪਤੀ** : ਸਮਿਅਕ ਦਰਸ਼ਨ ਪੂਰਵਕ, ਮਨ, ਬਚਨ, ਤੇ ਕਾਇਆ ਦੇ ਦੋਸ਼ਾਂ ਤੇ ਕਾਬੂ ਪਾਉਣ ਨੂੰ ਗੁਪਤੀ ਆਖਦੇ ਹਨ।

**ਗ੍ਰਹਿਸਥ** : ਸ਼੍ਰਾਵਕ ਯੋਗ ਨਿਤ (ਹਰ ਰੋਜ) ਅਤੇ ਨਮਿਤ ਕਿਰਿਆਵਾਂ ਕਰਨ ਵਾਲੇ ਮਨੁੱਖ ਨੂੰ ਗ੍ਰਹਿਸਥ ਆਖਦੇ ਹਨ।

**ਘਾਤੀ ਕਰਮ** : ਕੇਵਲ ਗਿਆਨ, ਕੇਵਲ ਦਰਸ਼ਨ, ਸਮਿਅੱਕਤਵ, ਚਾਰਿਤਰ ਤੇ ਵੀਰਜ ਰੂਪ ਜੀਵ ਗੁਣਾਂ ਦੇ ਘਾਤਕ ਗਿਆਨਾ ਵਰਨੀਆ, ਦਰਸ਼ਨਾ ਵਰਸੀਆ, ਮੋਹਨੀਆ ਤੇ ਅੰਤਰਾਏ ਇਹ ਚਾਰ ਕਰਮ ਘਾਤੀ ਕਰਮ ਹਨ।

ਚੱਕਰਵਰਤੀ : ਛੇ ਖੰਡ ਭਰਤ ਖੇਤਰ ਦੇ ਰਾਜੇ ਅਤੇ 32 ਹਜ਼ਾਰ ਮੁਕਟ ਬੰਧ ਰਾਜਿਆ ਦੇ ਸਵਾਮੀ ਚੱਕਰਵਰਤੀ ਹੈ।

ਚੰਦਰ ਪ੍ਰਗਿਆਪਤੀ : ਚੰਦਰਮਾ ਦੇ ਵਿਮਾਨ, ਉਮਰ, ਪਰਿਵਾਰ, ਚੰਦਰਮਾ ਦੀ ਗਤੀ, ਉਸ ਤੋਂ ਉਤਪੰਨ ਹੋਣ ਵਾਲੇ ਦਿਨ ਰਾਤ ਆਦਿ ਦੀ ਵਿਆਖਿਆ ਜਿਸ ਗ੍ਰੰਥ ਵਿੱਚ ਹੋਵੇ।

ਛੇਦ : ਸੰਜਮ ਦੀ ਵਿਸ਼ੁੱਧੀ ਕਾਰਨ ਦੋਸ਼, ਲਗਨ ਤੇ ਉਨਾਂ ਨੂੰ ਦੂਰ ਕਰਨ ਦਾ ਨਾਂ ਛੇਦ ਹੈ।

ਜੀਵ : ਜੋ ਚੇਤਨਾ ਪਰਿਣਾਮ ਸਵਰੂਪ ਉਪਯੋਗ ਵਿਸ਼ੇਸ਼ਤਾ ਨੂੰ ਪ੍ਰਾਪਤ ਹੈ, ਉਹ ਜੀਵ ਹੈ। ਦਰਵ ਭਾਵ ਕਰਮਾ ਦੇ ਆਸ਼ਰਵ ਆਦਿ ਦਾ ਸਵਾਮੀ, ਕਰਮਾ ਦਾ ਕਰਤਾ ਭੋਗਣ ਵਾਲਾ, ਪ੍ਰਾਪਤ ਸ਼ਰੀਰ ਦੇ ਆਕਾਰ, ਕਰਮ ਦੇ ਨਾਲ ਹੋਣ ਵਾਲੇ ਏਕਤਵ ਪਰਿਣਾਮ ਦੇ ਪੱਖੋਂ ਮੂਰਤ (ਸ਼ਕਲ ਵਾਲੇ) ਅਤੇ ਕਰਮ ਵਿੱਚ ਲੱਗਾ ਹੋਇਆ ਹੈ।

ਤਪ : ਜੋ ਅੱਠ ਪ੍ਰਕਾਰ ਦੇ ਕਰਮ ਗਠ ਨੂੰ ਤਪਾਉਂਦਾ ਹੈ, ਨਸ਼ਟ ਕਰਦਾ ਹੈ। ਉਹ ਤਪ ਹੈ।

ਤਾਪਸ : ਜਟਾਧਾਰੀ, ਬਨਵਾਸੀ, ਪੰਜ ਅੱਗਾ ਦੀ ਧੂਨੀ ਕਰਨ ਵਾਲੇ ਸਾਧੂਆਂ ਨੂੰ ਤਾਪਸ ਕਿਹਾ ਗਿਆ ਹੈ।

ਤਿਰਯਗ ਲੋਕ : ਇੱਕ ਲੱਖ ਯੋਜਨ ਦੇ ਸਤਵੇਂ ਭਾਗ ਮਾਤਰ ਸੂਚੀ ਅੰਗੁਲ ਦੇ ਬੜੇ ਰੂਪ ਜਗ ਪ੍ਰਤਰ

(ਤਹਿ) ਨੂੰ ਤ੍ਰਿਯਗ ਲੋਕ ਆਖਦੇ ਹਨ।

**ਤੀਰਥ** : ਸ਼੍ਰਾਵਕ, ਸ਼੍ਰਾਵਿਕਾ, ਸ਼੍ਰਮਣ, ਸ਼੍ਰਮਣੀ ਇਸ ਚਹੁਮੁਖੀ ਸੰਘ ਨੂੰ ਤੀਰਥ ਕਿਹਾ ਜਾਂਦਾ ਹੈ।

**ਤੀਰਥੰਕਰ** : ਜੋ ਅਨੁਪਮ ਮਿਹਨਤ ਦੇ ਧਾਰਕ, ਕਰੋਧ ਆਦਿ ਕਸ਼ਾਏ ਦਾ ਖਾਤਮਾ ਕਰਨ ਵਾਲੇ, ਹੱਦ ਰਹਿਤ ਗਿਆਨੀ, ਕੇਵਲ ਗਿਆਨ ਦੇ ਮਾਲਿਕ, ਸੰਸਾਰ ਸਮੁੰਦਰ ਨੂੰ ਪਾਰ ਕਰਨ ਵਿੱਚ ਸਮਰੱਥ, ਸਾਰੀਆਂ ਗਤੀਆਂ ਤੋਂ ਉਤਮ ਪੰਜਵੀਂ (ਮੋਕਸ਼) ਗਤੀ ਨੂੰ ਪ੍ਰਾਪਤ ਸਿੱਧ, ਨਾਥ ਦੇ ਉਪਦੇਸ਼ਕ ਤੀਰਥ ਦੇ ਸੰਸਥਾਪਕ ਹਨ, ਉਹ ਤੀਰਥੰਕਰ ਅਖਵਾਉਂਦੇ ਹਨ।

**ਤੀਰਥੰਕਰ ਨਾਮ ਕਰਮ**

: ਜਿਸ ਕਰਮ ਦੇ ਉਦੇ ਤੋਂ ਦਰਸ਼ਨ, ਗਿਆਨ, ਚਾਰਿਤਰ, ਸਵਰੂਪ ਤੀਰਥ ਦੀ ਸਥਾਪਨਾ ਕੀਤੀ ਜਾਂਦੀ ਹੈ। ਆਕਸੇਪ, ਸੰਖੇਪ, ਸੰਵੇਗ ਅਤੇ ਨਿਰਵੇਦ ਦਰਵਾਜੇ ਰਾਹੀਂ ਲੋਕਾਂ ਨੂੰ ਸਿਧੀ ਦੀ ਪ੍ਰਾਪਤੀ ਲਈ ਮੁਨੀ ਧਰਮ ਤੇ ਗ੍ਰਿਹਸਥ ਧਰਮ ਦਾ ਉਪਦੇਸ਼ ਕੀਤਾ ਜਾਂਦਾ ਹੈ ਅਤੇ ਸੁਰਿੰਦਰ ਤੇ ਕਰਵਰਤੀ ਤੋਂ ਪੂਜਾ ਪ੍ਰਾਪਤ ਕਰਦੇ ਹਨ, ਉਸ ਨੂੰ ਤੀਰਥੰਕਰ ਨਾਮਕਰਮ ਆਖਦੇ ਹਨ।

**ਦਾਨ** : ਆਪਣੇ ਤੇ ਦੂਸਰੇ ਦੇ ਉਪਕਾਰ ਲਈ ਜੋ ਧਨ ਆਦਿ ਦਾ ਤਿਆਗ ਕੀਤਾ ਜਾਂਦਾ ਹੈ ਉਹ ਦਾਨ ਹੈ।

**ਦੀਖਿਆ** : ਸਾਰੇ ਆਰੰਬ (ਪਾਪਕਾਰੀ ਧੰਦੇ), ਪਰਿਗ੍ਰਹਿ ਨੂੰ ਤਿਆਗ ਕੇ ਜੋ ਵਰਤ ਗ੍ਰਹਿਣ ਕੀਤਾ ਜਾਂਦਾ ਹੈ, ਨੂੰ ਦੀਖਿਆ ਆਖਦੇ ਹਨ।

**ਦੇਸ਼ਅਵਕਾਸ਼ਿਕ ਵਰਤ**

: ਦਿਗਵਰਤ ਵਿੱਚ ਜੋ ਦਿਸ਼ਾ ਦੀ ਹਦ ਮਿੱਥੀ ਜਾਵੇ ਉਸ ਨੂੰ ਹਰ ਰੋਜ ਸੰਖੇਪ ਕਰਨਾ, ਦੇਸ਼ ਅਵਕਾਸ਼ਿਕ ਵਰਤ ਹੈ।

**ਦਰਵ** : ਜੋ ਆਪਣੇ ਸੁਭਾਅ ਨੂੰ ਨਾ ਛੱਡਦਾ ਹੋਇਆ ਉਤਪਾਦ (ਪੈਦਾ), ਵਿਆਏ (ਖਰਚ ਹੋਣ) ਤੇ ਧਰੋਵਯ (ਸਥਾਪਿਤ ਰਹਿਨ) ਨਾਲ ਸਬੰਧਤ ਰਹਿ ਕੇ ਗੁਣ ਤੇ ਪਰਿਆਏ ਵਾਲਾ ਹੁੰਦਾ ਹੈ, ਜੋ ਗੁਣਾਂ ਦਾ ਆਸਰਾ ਹੈ, ਉਹ ਦਰਵ ਹੈ।

**ਦਰਵ ਲੇਸ਼ਿਆ** : ਪੁਦਗਲ ਵਿਪਾਕੀ ਵਰਨ ਨਾਮ ਕਰਮ ਦੇ ਉਦੇ ਹੋਣ ਤੇ ਜੋ ਲੇਸ਼ਿਆ ਸਰੀਰ ਦਾ ਰੰਗ ਹੁੰਦਾ ਹੈ ਉਹ ਦਰਵ ਲੇਸਿਆ ਹੈ। ਕ੍ਰਿਸ਼ਨ, ਨੀਲ ਤੇ ਪੀਲਾ ਆਦਿ ਦਰਵਾ ਨੂੰ ਹੀ ਦਰਵ ਲੇਸ਼ਿਆ ਕਿਹਾ ਹੈ।

**ਦਰਵ ਆਰਥਿਕ ਨਯ**

: ਜੋ ਭਿੰਨ ਭਿੰਨ ਪਰਿਆਈਆਂ (ਆਕਾਰ) ਨੂੰ ਵਰਤਮਾਨ ਵਿੱਚ ਪ੍ਰਾਪਤ ਕਰਦਾ ਹੈ, ਭਵਿੱਖ ਵਿੱਚ ਕਰੇਗਾ ਅਤੇ ਜਿਸ ਨੇ ਭੂਤ ਵਿੱਚ ਪ੍ਰਾਪਤ ਕੀਤਾ ਹੈ, ਉਸਦਾ ਨਾਉਂ ਦਰਵ ਹੈ। ਇਸ ਦਰਵ ਨੂੰ ਵਿਸ਼ੇ

ਚਿਤ ਦੀ ਇਕਾਗਰਤਾ ਹੋਵੇ ਉਹ ਪਦੱਸਥ ਧਿਆਨ ਹੈ।

ਪਰਮਾਤਮਾ : ਸੰਪੂਰਨ ਦੋਸ਼ਾਂ ਤੋਂ ਰਹਿਤ, ਕੇਵਲ ਗਿਆਨ ਆਦਿ ਰੂਪ ਸ਼ੁੱਧ ਆਤਮਾ ਹੀ ਪ੍ਰਮਾਤਮਾ ਹੈ।

ਪਰਮੇਸ਼ਟੀ : ਆਤਮਾ ਦਾ ਹਿਤ ਚਾਹੁਣ ਵਾਲਿਆਂ ਲਈ ਇਸ਼ਟ ਅਤੇ ਮੰਗਲ ਸਵਰੂਪ ਅਰਿਹੰਤ, ਸਿੱਧ, ਆਚਾਰੀਆ, ਉਪਾਧਿਆ ਤੇ ਸਾਧੂ।

ਪਰਲੋਕ : ਮੌਤ ਤੋਂ ਬਾਅਦ ਪ੍ਰਾਪਤ ਹੋਣ ਵਾਲਾ ਹੋਰ ਜਨਮ।

ਪਰਿਸ਼ੇ : ਰਸਤੇ ਵਿੱਚ ਰੁਕਾਵਟ ਨਾ ਹੋਣ ਲਈ ਅਤੇ ਕਰਮਾਂ ਦੀ ਨਿਰਜਰਾ ਦੇ ਲਈ ਭੁੱਖ ਪਿਆਸ ਆਦਿ ਨੂੰ ਸਹਿਣ ਕਰਨਾ।

ਪਰਿਆਪਤ : ਜੋ ਜੀਵ ਭੋਜਨ ਆਦਿ ਛੇ ਪਰਿਆਪਤੀਆਂ ਤੋਂ ਸੰਪੂਰਨ ਹੋ ਚੁੱਕੇ ਹਨ ਉਹ ਪਰਿਆਪਤ ਜਾਂ ਪਰਿਆਪਤਕ ਅਖਵਾਉਂਦੇ ਹਨ।

ਪਾਰਥਿਵੀ ਧਾਰਨਾ : ਧਿਆਨ ਅਵਸਥਾ ਵਿੱਚ ਮੱਧ ਲੋਕ ਦੇ ਬਰਾਬਰ ਖੀਰ ਸਾਗਰ, ਉਸ ਦੇ ਜੰਬੂ ਦੀਪ ਦੇ ਅਕਾਰ ਵਾਲੇ ਸਹਸਤਰਪਥ ਵਾਲੇ ਸਵਰਨ ਕਮਲ, ਉਸ ਦੇ ਪਰਾਗਸਮੂਚ ਦੇ ਅੰਦਰ ਪੀਲ਼ੀ ਕਾਂਤੀ ਵਾਲੇ ਸੁਮੇਰੂ ਦੇ ਅਕਾਰ ਦੀ ਡੰਡੀ ਅਤੇ ਉਸਦੇ ਉਪਰ ਇੱਕ ਸਫੇਦ ਰੰਗ ਦੇ ਸਿੰਘਾਸਨ ਤੇ ਸਥਿਤ ਹੋ ਕੇ ਕਰਮ ਨੂੰ ਨਸ਼ਟ ਕਰਨ ਲਈ ਤਿਆਰ ਆਤਮਾ ਦਾ ਚਿੰਤਨ ਕਰਨਾ ਪਾਰਥਿਵੀ ਧਾਰਨਾ ਹੈ।

| | | |
|---|---|---|
| **ਪਿੰਡਸਥ ਧਿਆਨ** | : | ਆਪਣੇ ਸ਼ਰੀਰ ਵਿੱਚ ਪੁਰਸ਼ ਦੇ ਆਕਾਰ ਦਾ ਜੋ ਨਿਰਮਲ ਗੁਣ ਵਾਲਾ ਜੀਵ ਪ੍ਰਦੇਸ਼ਾਂ ਦਾ ਸਮੂਹ ਸਥਿਤ ਹੈ ਉਸ ਦੇ ਚਿੰਤਨ ਦਾ ਨਾਂ ਪਿੰਡਸਥ ਹੈ, ਧਿਆਨ ਹੈ। ਦੂਸਰੇ ਸ਼ਬਦਾਂ ਵਿੱਚ ਨਾਭੀ ਕਮਲ ਆਦਿ ਰੂਪ ਸਥਾਨਾਂ ਵਿੱਚ ਜੋ ਇਸ਼ਟ (ਦੇਵਤੇ) ਦਾ ਧਿਆਨ ਕੀਤਾ ਜਾਂਦਾ ਹੈ ਉਹ ਪਿੰਡਸਥ ਧਿਆਨ ਹੈ। |
| **ਪੁੰਨ** | : | ਜਿਸ ਕਰਮ ਦੇ ਉਦੈ ਹੋਣ ਤੇ ਜੀਵ ਨੂੰ ਸੁਖ ਅਨੁਭਵ ਹੁੰਦਾ ਹੈ, ਉਹ ਪੁੰਨ ਹੈ। |
| **ਪੁਦਗਲ** | : | ਸੰਕਧ, ਸੰਕਧ ਦੇਸ਼, ਸੰਕਧ ਪ੍ਰਦੇਸ਼, ਪ੍ਰਮਾਣੂ, ਇਹ ਰੂਪੀ ਹਨ। ਇਨਾਂ ਰੂਪੀ ਦਰਵਾਂ ਨੂੰ ਪੁਦਗਲ ਆਖਦੇ ਹਨ। |
| **ਬੰਧ** | : | ਮਿਥਿੱਆਤਵ ਆਦਿ ਕਾਰਨਾਂ ਰਾਹੀਂ ਕੱਜਲ ਨਾਲ ਭਰੀ ਡੱਬੀ ਦੀ ਤਰ੍ਹਾਂ ਪੋਦਗਲਿਕ ਦਰਵ ਨਾਲ ਫੈਲੇ ਲੋਕ ਵਿੱਚ ਕਰਮਯੋਗ ਪੁਦਗਲ ਵਰਗਨਾਵਾਂ ਦਾ ਆਤਮਾ ਦੇ ਨਾਲ ਇਕਮਿਕ ਜਾਂ ਅੱਗ ਤੇ ਲੋਹੇ ਦਾ ਗੋਲੇ ਦੀ ਤਰ੍ਹਾਂ ਪ੍ਰਵੇਸ਼ ਇੱਕ ਖੇਤਰ ਅਵਗਾਹ ਰੂਪ ਸਬੰਧ ਹੋਣ ਨੂੰ ਬੰਧ ਆਖਦੇ ਹਨ। ਆਤਮਾ ਤੇ ਕਰਮ ਪਰਮਾਣੂਆਂ ਦੇ ਸਬੰਧ ਵਿਸ਼ੇਸ਼ ਨੂੰ ਬੰਧ ਆਖਦੇ ਹਨ। ਨਵੇਂ ਗ੍ਰਹਿਣ ਕਰਮਾਂ ਨੂੰ ਬੰਧ ਆਖਦੇ ਹਨ। |
| **ਬ੍ਰਹਚਰਜ** | : | ਬ੍ਰਹਮਾ, ਆਤਮਾ, ਬ੍ਰਹਮਾ ਵਿਦਿਆ, ਬ੍ਰਹਮਾ ਅਧਿਐਨ ਆਦਿ ਵਿੱਚ ਘੁੰਮਣਾ ਅਤੇ ਬ੍ਰਹਮ ਵੀਰਜ ਦੀ ਰਖਿਆ ਕਰਨਾ। |

ਬ੍ਰਹਮੀ : ਇਹ ਭਗਵਾਨ ਰਿਸ਼ਭਦੇਵ ਦੀ ਪੁਤਰੀ ਸੀ, ਜਿਸ ਨੇ ਸਭ ਤੋਂ ਪਹਿਲਾਂ ਲਿਪੀ ਵਿਦਿਆ ਦੀ ਸ਼ੁਰੂਆਤ ਕੀਤੀ। ਉਸਦੇ ਨਾਉਂ ਤੋਂ ਬ੍ਰਹਮੀ ਲਿਪੀ ਪ੍ਰਸਿੱਧ ਹੋਈ।

ਭਾਵ ਲੇਸ਼ਿਆਕਸ਼ੇ : ਯੋਗ ਤੇ ਸੰਕਲੇਸ਼ ਨਾਲ ਜੁੜੀਆਂ ਆਤਮਾਂ ਦਾ ਪਰਿਣਾਮ ਵਿਸ਼ੇਸ ਸੰਕਲੇਸ਼ ਦਾ ਮੂਲ ਕਸ਼ਾਏ ਦਾ ਪ੍ਰਗਟ ਹੋਣਾ ਹੈ। ਇਸ ਲਈ ਚਿਮੜੀ ਯੋਗ ਪ੍ਰਵਿਰਤੀ ਲੇਸ਼ਿਆ ਮੋਹ ਕਰਮ ਦੇ ਉਦੈ ਜਾਂ ਕਸਯੋਪਸ਼ਮ ਜਾਂ ਉਪਸ਼ਮ ਜਾਂ ਕਸ਼ੈ (ਖਤਮ) ਤੋਂ ਹੋਣ ਵਾਲੀ ਜੀਵ ਦੇ ਪ੍ਰਦੇਸ਼ਾਂ ਦੀ ਚੰਚਲਤਾ ਭਾਵ ਲੇਸ਼ਿਆ ਹੈ।

ਮਤਿ ਗਿਆਨ : ਇੰਦਰੀਆਂ ਤੇ ਮਨ ਰਾਹੀਂ ਹੋਣ ਵਾਲਾ ਗਿਆਨ।

ਮਨ ਪ੍ਰਯਭਵ ਗਿਆਨ : ਇੰਦਰੀ ਤੇ ਮਨ ਦੀ ਜ਼ਰੂਰਤ ਨਾ ਰਖਦੇ ਹੋਏ, ਮਾਨਵ ਲੋਕ ਦੇ ਸੰਗੀ (ਮਨ ਵਾਲੇ) ਜੀਵਾਂ ਦੇ ਮਨ ਅੰਦਰਲੇ ਭਾਵਾਂ ਨੂੰ ਜਾਨਣਾ ਮਨ ਪ੍ਰਯਭਵ ਗਿਆਨ ਹੈ। ਮਨ ਦੇ ਚਿੰਤਨ ਪਰਿਣਾਮਾਂ ਨੂੰ ਜਿਸ ਗਿਆਨ ਤੋਂ ਪ੍ਰਤੱਖ ਕੀਤਾ ਜਾਂਦਾ ਹੈ ਉਹ ਮਨ ਪ੍ਰਯਭਵ ਗਿਆਨ ਹੈ।

ਮਨੋਗੁਪਤੀ : ਮਨ ਦੀ ਕ੍ਰਿਆ ਨੂੰ ਗੁਪਤ ਰੱਖਣਾ ਮਨੋਗੁਪਤੀ ਹੈ।

ਮਾਨ : ਜਿਸ ਦੋਸ਼ ਵਿੱਚ ਨੀਵਾਂ ਹੋਣ ਦੀ ਆਦਤ ਨਾ ਹੋਵੇ। ਜਾਤ, ਕੁਲ, ਤਪ ਆਦਿ ਦਾ ਹੰਕਾਰ ਨਾਲ ਦੂਸਰੇ ਪ੍ਰਤੀ ਹੱਤਕ ਦੀ

ਆਦਮ ਮਾਨ ਹੈ।

ਮਾਇਆ : ਵਿਚਾਰ ਅਤੇ ਕ੍ਰਿਆ ਵਿੱਚ ਇੱਕਰੂਪਤਾ ਦੀ ਕਮੀ ਮਾਇਆ ਹੈ।

ਮੋਕਸ਼ : ਸੰਪੂਰਨ ਕਰਮਾਂ ਦਾ ਖਾਤਮਾ ਹੋ ਜਾਣਾ।

ਮੋਹਨੀਆ ਕਰਮ : ਜੀਵ ਦੇ ਆਪਣੇ-ਪਰਾਏ ਵਿਵੇਕ ਅਤੇ ਸਵਰੂਪ ਘੁਮਣ ਵਿੱਚ ਰੁਕਾਵਟ ਪਹੁੰਚਾਣ ਵਾਲਾ ਕਰਮ ਜਾਂ ਆਤਮਾ ਦੀ ਸਮਿਅੱਕਤਵ ਅਤੇ ਚਾਰਿਤਰ ਗੁਣ ਜਾਂ ਘਾਤ ਕਰਨ ਵਾਲਾ ਕਰਮ ਮੋਹਨੀਆ ਕਰਮ ਅਖਵਾਉਂਦਾ ਹੈ।

ਲੇਸ਼ਿਆ : ਜੀਵ ਦੇ ਅਜਿਹੇ ਪਰਿਣਾਮ ਜਿਸ ਰਾਹੀਂ ਆਤਮ ਕਰਮ ਤੋਂ ਲਿਬੜਦੀ ਹੈ, ਜਾਂ ਕਸ਼ਾਏ ਉਦੇ ਵਿੱਚ ਰੁੱਝੀ ਜੀਵ ਦੀ ਆਤਮਾ ਲੇਸ਼ਿਆ ਅਖਵਾਉਂਦੀ ਹੈ।